ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 184| 16 July to 22 July, 2025 | Ph.: (510) 240-5949 | Email: asrtimes@gmail.com

# ਕੀ ਬੇਅਦਬੀ ਬਾਰੇ ਸਰਕਾਰ ਇਨਸਾਫ਼ ਕਰੇਗੀ, ਸਿਰਸਾ ਡੇਰੇ ਦੀ ਜਾਂਚ ਬਾਰੇ ਚੁੱਪ ਕਿਉਂ ?

## ਪੰਜਾਬ ਵਿਧਾਨ ਸਭਾ 'ਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਬਿੱਲ 'ਤੇ ਤਿੱਖੀ ਬਹਿਸ ਛਿੜੀ

## ਸਰਕਾਰ ਨੇ ਖਰੜੇ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰਕੇ ਛੇ ਮਹੀਨਿਆਂ ਦੀ ਮੋਹਲਤ ਮੰਗੀ

ਪੰਜਾਬ ਦੀ ਰਾਜਨੀਤੀ ਦੇ ਗਲਿਆਰਿਆਂ ਵਿੱਚ ਇੱਕ ਵਾਰ ਫ਼ਿਰ ਬੇਅਦਬੀ ਦੇ ਮੁੱਦੇ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ। 14 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੇ ਚੌਥੇ ਦਿਨ, ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਖ਼ਿਲਾਫ਼ ਬਿੱਲ ਪੇਸ਼ ਕੀਤਾ, ਤਾਂ ਸਦਨ ਵਿੱਚ ਤਿੱਖੀ ਬਹਿਸ ਛਿੜੀ। ਅਖੀਰ ਸਰਕਾਰ ਨੇ ਇਸ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰਕੇ ਛੇ ਮਹੀਨਿਆਂ ਦੀ ਮੋਹਲਤ ਮੰਗ ਲਈ, ਪਰ ਵਿਰੋਧੀ ਧਿਰ ਨੇ ਇਸ ਨੂੰ ਸਿਆਸੀ ਖੇਡ ਦਾ ਹਿੱਸਾ ਕਰਾਰ ਦਿੱਤਾ।

ਕੀ ਹੈ ਖਰੜੇ ਵਿੱਚ ?

ਬਿੱਲ ਦੇ ਖਰੜੇ ਮੁਤਾਬਕ, 'ਪਵਿੱਤਰ ਗ੍ਰੰਥ' ਦੀ ਪਰਿਭਾਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ਼ ਤੇ ਪਵਿੱਤਰ ਬਾਈਬਲ ਵਰਗੇ ਧਾਰਮਿਕ ਗ੍ਰੰਥ ਸਮੇਤ ਉਹ ਸਾਰੇ ਗ੍ਰੰਥ ਸ਼ਾਮਲ ਹਨ, ਜਿਨ੍ਹਾਂ ਨੂੰ ਕਿਸੇ ਵੀ ਧਰਮ ਦੇ ਲੋਕ ਪਵਿੱਤਰ ਮੰਨਦੇ ਹਨ। ਇਸ ਬਿੱਲ ਵਿੱਚ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਹੈ - ਘੱਟੋ-ਘੱਟ 10 ਸਾਲ ਦੀ ਕੈਦ, ਜੋ ਉਮਰ ਕੈਦ ਤੱਕ ਜਾ ਸਕਦੀ ਹੈ, ਨਾਲ ਹੀ 5 ਤੋਂ 10 ਲੱਖ ਰੁਪਏ ਦਾ ਜੁਰਮਾਨਾ ਹੈ। ਜੇ ਕੋਈ ਵਿਅਕਤੀ ਬੇਅਦਬੀ ਲਈ ਉਕਸਾਵੇ ਜਾਂ ਸਹਾਇਤਾ ਕਰਦਾ ਹੈ, ਤਾਂ ਉਸ ਲਈ ਵੀ 3 ਤੋਂ 5 ਸਾਲ ਦੀ ਸਜ਼ਾ ਤੇ 3 ਲੱਖ ਰੁਪਏ ਤੱਕ ਜੁਰਮਾਨੇ ਦੀ ਤਜਵੀਜ਼ ਹੈ। ਅਪਰਾਧ ਨੂੰ ਗ਼ੈਰ-ਜ਼ਮਾਨਤੀ ਅਤੇ ਗ਼ੈਰ-ਸਮਝੌਤਾ ਯੋਗ ਮੰਨਿਆ ਗਿਆ, ਜਿਸ ਦੀ ਸੁਣਵਾਈ ਸੈਸ਼ਨ ਅਦਾਲਤ ਵਿੱਚ ਹੋਵੇਗੀ। ਜਾਂਚ ਦੀ ਜ਼ਿੰਮੇਵਾਰੀ ਡੀ.ਐੱਸ.ਪੀ. ਜਾਂ ਇਸ ਤੋਂ ਉੱਪਰ ਦੇ ਅਧਿਕਾਰੀ ਨੂੰ ਸੌਂਪੀ ਜਾਵੇਗੀ।

**ਵਿਰੋਧੀ ਧਿਰ ਵੱਲੋਂ 'ਆਪ' ਸਰਕਾਰ 'ਤੇ ਸਿਆਸੀ ਖੇਡ ਦਾ ਦੋਸ਼**

ਕਾਂਗਰਸ ਦੇ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਕੇਜਰੀਵਾਲ ਤੇ ਭਗਵੰਤ ਮਾਨ ਨੇ ਚੋਣਾਂ ਵੇਲੇ 24 ਘੰਟਿਆਂ ਵਿੱਚ ਇਨਸਾਫ਼ ਦੇਣ ਦਾ ਵਾਅਦਾ ਕੀਤਾ ਸੀ, ਪਰ ਅੱਜ 1144 ਦਿਨ ਬੀਤ ਚੁੱਕੇ ਹਨ, ਤੇ ਕੋਈ ਕਾਰਵਾਈ ਨਹੀਂ ਹੋਈ। ਬਾਜਵਾ ਨੇ ਸਰਕਾਰ 'ਤੇ ਸ਼੍ਰੋਮਣੀ ਅਕਾਲੀ



ਦਲ ਨਾਲ ਸਮਝੌਤੇ ਦਾ ਦੋਸ਼ ਲਾਇਆ, ਕਿਹਾ ਕਿ ਫ਼ਰੀਦਕੋਟ ਦੇ ਕੇਸ ਚੰਡੀਗੜ੍ਹ ਸ਼ਿਫ਼ਟ ਹੋ ਗਏ, ਤੇ ਬਹਿਬਲ ਕੇਸ ਵਿੱਚ ਚਲਾਨ ਵਿੱਚ ਬਾਦਲਾਂ ਦਾ ਨਾਮ ਹੀ ਗਾਇਬ ਕਰ ਦਿੱਤਾ। ਉਨ੍ਹਾਂ ਨੇ ਸੁਝਾਅ ਵੀ ਦਿੱਤਾ ਕਿ ਜਾਂਚ ਸਮਾਂ-ਬੱਧ ਹੋਣੀ ਚਾਹੀਦੀ ਹੈ ਅਤੇ ਧਾਰਮਿਕ ਸੰਘਰਸ਼ਾਂ ਦੌਰਾਨ ਗੋਲੀ ਨਾ ਚਲਾਈ ਜਾਵੇ।

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਵੀ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ 2007 ਵਿੱਚ ਜਦੋਂ ਗੁਰੂ ਸਾਹਿਬ ਦਾ ਸਵਾਂਗ ਰਚਿਆ ਗਿਆ, ਤਾਂ ਅਕਾਲੀ ਸਰਕਾਰ ਸੰਭਾਲਣ ਵਿੱਚ ਹੀ ਰੁੱਝੀ ਰਹੀ। ਕਾਂਗਰਸ ਸਰਕਾਰ ਨੇ ਜਾਂਚ ਕੀਤੀ, ਪਰ ਮੈਂ ਉਸ ਤੋਂ ਵੀ ਸੰਤੁਸ਼ਟ ਨਹੀਂ ਸੀ। ਪਰਗਟ ਸਿੰਘ ਕਿਹਾ ਕਿ ਆਪ ਪਾਰਟੀ ਦੀ ਸਰਕਾਰ 2022 ਵਿੱਚ ਸੱਤਾ ਵਿੱਚ ਆਈ ਤਾਂ ਭਰੋਸਾ ਦਿੱਤਾ ਕਿ 24 ਘੰਟਿਆਂ ਦੇ ਅੰਦਰ ਇਨਸਾਫ਼ ਦਿੱਤਾ ਜਾਵੇਗਾ, ਪਰ ਕੁਝ ਨਹੀਂ ਹੋਇਆ। ਮੁੱਖ ਮੰਤਰੀ ਨੇ ਟਵੀਟ ਕੀਤਾ ਕਿ ਦੋਸ਼ੀਆਂ ਨੂੰ ਸਜ਼ਾ ਮਿਲੇਗੀ, ਪਰ ਕੀ ਕਾਰਨ ਹੈ ਕਿ ਢਾਈ ਸਾਲਾਂ ਵਿੱਚ ਕੇਸ ਅੱਗੇ ਵਧਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੇ ਮੋੜ ਬੰਬ ਧਮਾਕੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦੀਆਂ ਤਾਰਾਂ ਡੇਰਾ ਸਿਰਸਾ ਨਾਲ ਜੁੜੀਆਂ ਹਨ, ਪਰ ਸਰਕਾਰ ਚੁੱਪ ਹੈ। ਢਾਈ ਸਾਲ 'ਚ ਕੇਸ ਅੱਗੇ ਕਿਉਂ ਨਹੀਂ ਵਧਿਆ ?

ਸਰਕਾਰ ਨੇ ਇਸ 'ਤੇ ਸਪੱਸ਼ਟ ਜਵਾਬ ਨਹੀਂ ਦਿੱਤਾ, ਜਿਸ ਨੇ ਕਾਂਗਰਸ ਵੱਲੋਂ 'ਆਪ' ਤੇ ਸੌਦਾ ਸਾਧ ਦੇ ਗੁਪਤ ਸਿਆਸੀ ਸਿਆਸੀ ਸਮਝੌਤੇ ਦੇ ਇਲਜ਼ਾਮਾਂ ਨੂੰ ਹੋਰ ਹਵਾ ਦਿੱਤੀ।

ਪਰਗਟ ਸਿੰਘ ਨੇ ਸਵੀਕਾਰ ਕੀਤਾ ਕਿ ਮੋੜ ਬੰਬ ਧਮਾਕੇ ਬਾਰੇ ਕਾਂਗਰਸ ਵਿੱਚ ਦੋ ਧੜੇ ਬਣੇ ਸਨ - ਇੱਕ ਸਜ਼ਾ ਦੇ ਹੱਕ ਵਿੱਚ ਹੈ, ਦੂਜਾ ਇਸ ਦੇ ਖ਼ਿਲਾਫ਼। ਇਸ 'ਤੇ 'ਆਪ' ਵਿਧਾਇਕ ਸੁਖਾਨੰਦ ਨੇ ਕਿਹਾ ਕਿ ਜੋ ਲੋਕ ਸਜ਼ਾ ਰੋਕਣ ਦੇ ਹੱਕ ਵਿੱਚ ਸਨ, ਉਨ੍ਹਾਂ ਦੇ ਨਾਮ ਦੱਸੋ। ਪਰਗਟ ਸਿੰਘ ਨੇ ਜਵਾਬ ਦਿੱਤਾ ਕਿ ਬਹੁਤ ਸਾਰੇ ਲੋਕਾਂ ਨੇ ਰਾਜਨੀਤੀ ਕੀਤੀ ਤੇ ਅਜੇ ਵੀ ਕਰ ਰਹੇ ਹਨ। (ਬਾਕੀ ਸਫ਼ਾ 30 'ਤੇ)

## ਨਕੋਦਰ ਬੇਅਦਬੀ ਕਾਂਡ ਬਾਰੇ ਗੁੰਮ ਰਿਪੋਰਟ ਲਈ ਸਦਨ 'ਚ ਕਮੇਟੀ ਬਣੀ

1986 ਦੇ ਨਕੋਦਰ ਬੇਅਦਬੀ ਤੇ ਗੋਲੀ ਕਾਂਡ ਨੇ ਵੀ ਸਦਨ ਵਿੱਚ ਗੂੰਜ ਪਾਈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦਾ 'ਐਕਸ਼ਨ ਟੇਕਨ ਰਿਪੋਰਟ' ਵਾਲਾ ਹਿੱਸਾ ਗੁੰਮ ਹੈ। ਸਦਨ ਨੇ ਇਸ ਦੀ ਤਲਾਸ਼ ਲਈ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ। ਨਕੋਦਰ ਵਿੱਚ 2 ਫ਼ਰਵਰੀ 1986 ਨੂੰ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿੱਚ ਪੰਜ ਪਵਿੱਤਰ ਬੀੜਾਂ ਅਗਨ ਭੇਂਟ ਹੋਈਆਂ ਸਨ ਅਤੇ 4 ਫ਼ਰਵਰੀ ਨੂੰ ਪੁਲਿਸ ਫ਼ਾਇਰਿੰਗ ਵਿੱਚ ਚਾਰ ਨੌਜਵਾਨ ਸ਼ਹੀਦ ਹੋ ਗਏ ਸਨ।

ਬਿੱਲ ਪਾਸ ਕਿਉਂ ਨਹੀਂ ਹੋਇਆ ?

ਇਹ ਬਿੱਲ ਪੰਜਾਬ ਵਿਧਾਨ ਸਭਾ 'ਚ ਪਾਸ ਨਾ ਹੋ ਸਕਣ ਦਾ ਮੁੱਖ ਕਾਰਨ ਸੀ ਸਰਕਾਰ ਦਾ ਇਸ ਨੂੰ ਸਿਲੈਕਟ ਕਮੇਟੀ ਹਵਾਲੇ ਕਰਨ ਦਾ ਫ਼ੈਸਲਾ। ਸਰਕਾਰ ਨੇ ਤਰਕ ਦਿੱਤਾ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਲੋਕਾਂ ਦੀ ਰਾਇ ਲੈਣੀ ਜ਼ਰੂਰੀ ਹੈ, ਜਿਸ ਲਈ ਛੇ ਮਹੀਨਿਆਂ ਦਾ ਸਮਾਂ ਮੰਗਿਆ ਗਿਆ। ਪਰ ਵਿਰੋਧੀ ਧਿਰ ਨੇ ਇਸ ਨੂੰ ਸਮੇਂ ਦੀ ਬਰਬਾਦੀ ਕਰਾਰ ਦਿੱਤਾ। ਪਹਿਲਾਂ ਵੀ 2016 ਤੇ 2018 ਵਿੱਚ ਅਜਿਹੇ ਬਿੱਲ ਕੇਂਦਰ ਨੇ ਵਾਪਸ ਕਰ ਦਿੱਤੇ ਸਨ, ਕਿਉਂਕਿ ਉਹ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੇ ਸਨ। ਅਕਾਲੀ ਸਰਕਾਰ ਦੇ 2016 ਦੇ ਬਿੱਲ ਵਿੱਚ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ 'ਤੇ ਜ਼ੋਰ ਸੀ, ਜਿਸ ਨੂੰ ਕੇਂਦਰ ਨੇ ਸਾਰੇ ਧਰਮਾਂ ਨੂੰ ਸ਼ਾਮਲ ਕਰਨ ਦੀ ਸਲਾਹ ਦਿੱਤੀ। 2018 ਵਿੱਚ ਕਾਂਗਰਸ ਸਰਕਾਰ ਦੇ ਬਿੱਲ 'ਚ ਸਾਰੇ ਧਰਮਾਂ ਨੂੰ ਸ਼ਾਮਲ ਕੀਤਾ ਗਿਆ, ਪਰ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ, (ਬਾਕੀ ਸਫ਼ਾ 30 'ਤੇ)

## ਬੇਅਦਬੀ ਬਾਰੇ ਡੇਰਾ ਸੌਦਾ ਤੇ ਉਸ ਦੇ ਮੁਖੀ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ?

2015 ਵਿੱਚ ਬਰਗਾੜੀ ਤੇ ਬਹਿਬਲ ਕਲਾਂ ਵਾਲੇ ਮੋੜ ਬੰਬ ਧਮਾਕੇ ਦੀਆਂ ਘਟਨਾਵਾਂ ਨੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜਾਂਚ ਵਿੱਚ ਸਿਰਸਾ ਡੇਰੇ ਦੀ ਅਪਰਾਧੀ ਸਾਜ਼ਿਸ਼ ਸਾਹਮਣੇ ਆਈ ਸੀ, ਜਿਸ ਵਿੱਚ ਡੇਰੇ ਦੇ ਮੁਖੀ ਤੇ ਹੋਰ ਮੈਂਬਰਾਂ 'ਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਭੜਕਾਉਣ ਦੇ ਦੋਸ਼ ਲੱਗੇ। ਸੀ.ਬੀ.ਆਈ. ਤੇ ਐਸ.ਆਈ.ਟੀ. ਦੀਆਂ ਰਿਪੋਰਟਾਂ ਵਿੱਚ ਵੀ ਸਬੂਤ ਸਨ ਕਿ ਡੇਰੇ ਦੇ ਕੁਝ ਅਨੁਯਾਈਆਂ ਨੇ ਇਹਨਾਂ ਘਟਨਾਵਾਂ ਵਿੱਚ ਹਿੱਸਾ ਲਿਆ। ਕਈ ਗ੍ਰਿਫ਼ਤਾਰੀਆਂ ਹੋਈਆਂ, ਪਰ ਮੁੱਖ ਦੋਸ਼ੀਆਂ 'ਤੇ ਹੱਥ ਨਹੀਂ ਪਿਆ। ਲੋਕ ਸਵਾਲ ਉਠਾਉਂਦੇ ਹਨ ਕਿ ਜੇ ਸਬੂਤ ਹਨ, ਤਾਂ ਸਰਕਾਰ ਡੇਰੇ ਦੇ ਮੁਖੀ ਵਿਰੁੱਧ ਸਖ਼ਤ ਕਾਰਵਾਈ ਕਿਉਂ ਨਹੀਂ ਕਰਦੀ ? ਇਸ ਦੀਆਂ ਕਈ ਵਜ੍ਹਾਵਾਂ ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਹਨ। ਪਹਿਲੀ ਵਜ੍ਹਾ ਸਿਆਸੀ ਮਜਬੂਰੀ ਹੈ। ਸਿਰਸਾ ਡੇਰਾ ਪੰਜਾਬ ਤੇ ਹਰਿਆਣਾ ਵਿੱਚ ਵੱਡੀ ਗਿਣਤੀ ਵਿੱਚ ਅਨੁਯਾਈਆਂ ਦੀ ਸਮਰਥਕ ਸਿਆਸੀ ਤਾਕਤ ਰੱਖਦਾ ਹੈ। ਕੋਈ ਵੀ ਸਰਕਾਰ, ਚਾਹੇ ਕਾਂਗਰਸ ਹੋਵੇ ਜਾਂ 'ਆਪ', ਇਸ ਵੋਟ ਬੈਂਕ ਨੂੰ ਨਾਰਾਜ਼ ਕਰਨ ਤੋਂ ਡਰਦੀ ਹੈ। ਦੂਜਾ, ਜਾਂਚ 'ਚ ਦੇਰੀ ਤੇ ਸਬੂਤਾਂ ਦੀ ਕਮੀ ਦਾ ਬਹਾਨਾ ਵੀ ਸਰਕਾਰ ਦੀ ਮਦਦ ਕਰਦਾ ਹੈ। ਸੀ.ਬੀ.ਆਈ. ਦੀ ਜਾਂਚ ਵਿਚ ਸਬੂਤ ਸਾਹਮਣੇ ਆਉਣ ਦੇ ਬਾਵਜੂਦ, ਕਾਨੂੰਨੀ ਪੇਚੀਦਗੀਆਂ ਕਾਰਨ ਮੁੱਖ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਅਸਫ਼ਲਤਾ ਮਿਲੀ ਹੈ। ਤੀਜਾ, ਪੰਜਾਬ ਵਿੱਚ ਪੁਲਿਸ ਤੇ ਪ੍ਰਸ਼ਾਸਨ 'ਤੇ ਸਿਆਸੀ ਦਬਾਅ ਵੀ ਇੱਕ ਵੱਡੀ ਰੁਕਾਵਟ ਹੈ। ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਸਰਕਾਰ ਦੀ ਇਸ ਨਰਮੀ 'ਤੇ ਸਖ਼ਤ ਇਤਰਾਜ਼ ਜਤਾਇਆ ਹੈ।

ਉਹਨਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੇ ਸੰਵੇਦਨਸ਼ੀਲ ਮਸਲੇ 'ਤੇ ਸਰਕਾਰ ਦੀ ਚੁੱਪੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਨਤਾ ਵਿੱਚ ਵੀ ਗੁੱਸਾ ਹੈ ਕਿ ਸਰਕਾਰ ਸਿਆਸੀ ਲਾਭ ਲਈ ਇਨਸਾਫ਼ ਨੂੰ ਦਾਅ 'ਤੇ ਲਾ ਰਹੀ ਹੈ। ਜੇ ਸਰਕਾਰ ਜਲਦ ਸਖ਼ਤ ਕਦਮ ਨਾ ਚੁੱਕੇ, ਤਾਂ ਇਹ ਮਸਲਾ ਸਮਾਜਿਕ ਤਣਾਅ ਦਾ ਕਾਰਨ ਬਣ ਸਕਦਾ ਹੈ।



# 114 ਸਾਲਾ ਦੌੜਾਕ ਫ਼ੌਜਾ ਸਿੰਘ ਦਾ ਦੇਹਾਂਤ

## ਘਰ ਦੇ ਬਾਹਰ ਸੈਰ ਕਰਦਿਆਂ ਨੂੰ ਕਾਰ ਨੇ ਮਾਰੀ ਟੱਕਰ

ਜਲੰਧਰ/ਏ.ਟੀ.ਨਿਊਜ਼ : ਮੈਰਾਥਨ ਦੌੜਾਕ ਫ਼ੌਜਾ ਸਿੰਘ ਦੀ ਪਿਛਲੇ ਦਿਨੀਂ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਹ 114 ਸਾਲ ਦੇ ਸਨ। ਜਦੋਂ ਉਹ ਘਰ ਤੋਂ ਬਾਹਰ ਸੈਰ ਕਰ ਰਹੇ ਸਨ ਤਾਂ ਇੱਕ ਕਾਰ ਨੇ ਉਹਨਾਂ ਨੂੰ ਟੱਕਰ ਮਾਰ ਦਿੱਤੀ। ਉਹਨਾਂ ਨੂੰ ਜ਼ਖ਼ਮੀ ਹਾਲਤ ਵਿੱਚ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਉਹਨਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ 'ਚ ਪਹਿਲੀ ਅਪ੍ਰੈਲ 1911 ਨੂੰ ਹੋਇਆ ਸੀ। ਫ਼ੌਜਾ ਸਿੰਘ ਪੜ੍ਹੇ-ਲਿਖੇ ਨਹੀਂ ਸਨ ਅਤੇ ਪੰਜਾਬੀ ਬੋਲਣੀ ਜਾਣਦੇ ਸਨ ਪਰ ਪੜ੍ਹਨੀ ਨਹੀਂ। ਜਵਾਨ ਹੋਣ 'ਤੇ ਉਹਨਾਂ 'ਚ ਦੌੜਨ ਦਾ ਸ਼ੌਕ ਪੈਦਾ ਹੋ ਗਿਆ। ਉਹ 1947 ਵਿੱਚ ਭਾਰਤ-ਪਾਕਿਸਤਾਨ ਵੰਡ ਤੋਂ ਕਾਫ਼ੀ ਦੁਖੀ ਹੋਏ ਸਨ। ਉਹਨਾਂ ਦੇ ਦੇਹਾਂਤ ਨਾਲ ਉਹਨਾਂ ਦੇ ਪ੍ਰਸੰਸਕਾਂ ਨੂੰ ਵੱਡਾ ਸਦਮਾ ਲੱਗਿਆ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਜਦੋਂ ਫ਼ੌਜਾ ਸਿੰਘ 89 ਸਾਲਾਂ ਦੇ ਸਨ ਤਾਂ ਉਨ੍ਹਾਂ ਦੀ ਪਤਨੀ ਅਤੇ ਬੱਚੇ ਦੀ ਇਕ ਹਾਦਸੇ ਵਿੱਚ ਮੌਤ ਹੋ ਗਈ। ਇਸ ਤੋਂ ਬਾਅਦ ਉਨ੍ਹਾਂ ਨੂੰ ਕਾਫ਼ੀ ਵੱਡਾ ਸਦਮਾ ਲੱਗਾ ਅਤੇ ਉਹ ਤਣਾਅ ਵਿੱਚ ਰਹਿਣ ਲੱਗ ਪਏ। ਉਦੋਂ ਤੋਂ ਹੀ ਉਨ੍ਹਾਂ ਨੇ ਮੈਰਾਥਨ ਦੌੜਨ ਦਾ ਫ਼ੈਸਲਾ ਕੀਤਾ ਤੇ ਕਈ ਖ਼ਿਤਾਬ ਵੀ ਜਿੱਤੇ।

**ਵਿਲੱਖਣ ਸ਼ਖ਼ਸੀਅਤ ਸਨ ਫ਼ੌਜਾ ਸਿੰਘ : ਪ੍ਰਧਾਨ ਮੰਤਰੀ ਮੋਦੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 114 ਸਾਲਾ ਬਜ਼ੁਰਗ ਮੈਰਾਥਨ ਫ਼ੌਜਾ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਆਪਣੇ ਵਿਲੱਖਣ ਸ਼ਖ਼ਸੀਅਤ ਅਤੇ ਭਾਰਤ ਦੇ ਨੌਜਵਾਨਾਂ ਨੂੰ ਤੰਦਰੁਸਤੀ ਦੇ ਵਿਸ਼ੇ ਬਾਰੇ ਪ੍ਰੇਰਿਤ ਕਰਨ ਦੇ ਤਰੀਕੇ ਕਰਕੇ ਅਸਾਧਾਰਨ ਸਨ।

ਸ੍ਰੀ ਮੋਦੀ ਨੇ ਐਕਸ 'ਤੇ ਇੱਕ ਸੁਨੇਹੇ ਵਿੱਚ ਕਿਹਾ ਕਿ ਫ਼ੌਜਾ ਸਿੰਘ ਦ੍ਰਿੜ ਇਰਾਦੇ ਵਾਲੇ ਅਥਲੀਟ ਸਨ। ਪ੍ਰਧਾਨ ਮੰਤਰੀ ਨੇ ਕਿਹਾ, "ਫ਼ੌਜਾ ਸਿੰਘ ਜੀ ਆਪਣੀ ਵਿਲੱਖਣ ਸ਼ਖ਼ਸੀਅਤ ਅਤੇ ਤੰਦਰੁਸਤੀ ਜਿਹੇ ਮਹੱਤਵਪੂਰਨ ਵਿਸ਼ੇ 'ਤੇ ਭਾਰਤ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਦੇ ਤਰੀਕੇ ਕਰਕੇ ਅਸਾਧਾਰਨ ਸਨ। ਉਨ੍ਹਾਂ ਦੇ ਦੇਹਾਂਤ ਤੋਂ ਦੁਖੀ ਹਾਂ। ਮੇਰੀਆਂ ਸੰਵੇਦਨਾਵਾਂ ਉਹਨਾਂ ਦੇ ਪਰਿਵਾਰ ਅਤੇ ਦੁਨੀਆ ਭਰ ਦੇ ਅਣਗਿਣਤ ਪ੍ਰਸ਼ੰਸਕਾਂ ਨਾਲ ਹਨ।'

**ਪੰਜਾਬ ਵਿਧਾਨ ਸਭਾ 'ਚ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ**

ਪੰਜਾਬ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਦੇ ਅਖ਼ੀਰਲੇ ਦਿਨ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਕਾਰਵਾਈ ਦੀ ਸ਼ੁਰੂਆਤ ਅਰਦਾਸ ਦੇ ਨਾਲ ਕੀਤੀ ਗਈ। ਇਸ ਮਗਰੋਂ ਉੱਘੇ ਪੰਜਾਬੀ ਸਿੱਖ ਦੌੜਾਕ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ। ਪੰਜਾਬ ਦੇ ਸੰਸਦੀ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੇਸ਼ ਕੀਤੇ ਪ੍ਰਸਤਾਵ 'ਤੇ ਪੰਜਾਬ ਵਿਧਾਨ ਸਭਾ ਨੇ (ਬਾਕੀ ਸਫ਼ਾ 30 'ਤੇ)

## ਫ਼ੌਜਾ ਸਿੰਘ ਅੰਦਰ ਵਡੇਰੀ ਉਮਰ ਵਿੱਚ ਵੀ ਜਜ਼ਬਾ ਅਤੇ ਹਿੰਮਤ ਸੀ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ਵ ਪ੍ਰਸਿੱਧ ਸਿੱਖ ਦੌੜਾਕ ਫ਼ੌਜਾ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ੌਜਾ ਸਿੰਘ ਅੰਦਰ ਵਡੇਰੀ ਉਮਰ ਵਿੱਚ ਵੀ ਜਜ਼ਬਾ ਅਤੇ ਹਿੰਮਤ ਸੀ। ਉਨ੍ਹਾਂ ਨੇ ਨਾ ਸਿਰਫ਼ ਸਿੱਖ ਕੌਮ ਦਾ ਨਾਮ ਰੌਸ਼ਨ ਕੀਤਾ, ਸਗੋਂ ਦੁਨੀਆਂ ਭਰ ਵਿੱਚ ਪੰਜਾਬੀਆਂ ਦੀ ਸ਼ਾਨ ਨੂੰ ਵੀ ਉੱਚਾ ਕੀਤਾ। ਉਨ੍ਹਾਂ ਦਾ ਜੀਵਨ ਸਮੁੱਚੀ ਮਾਨਵਤਾ ਲਈ ਪ੍ਰੇਰਨਾਸਰੋਤ ਸੀ। ਉਨ੍ਹਾਂ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿੱਛੜੀ ਰੂਹ ਨੂੰ ਚਰਨਾਂ ਵਿੱਚ ਨਿਵਾਸ (ਬਾਕੀ ਸਫ਼ਾ 30 'ਤੇ)

### ਗੈਲਪ ਵੱਲੋਂ ਕਰਵਾਏ ਗਏ ਸਰਵੇਖਣ 'ਚ ਕੀਤਾ ਗਿਆ ਦਾਅਵਾ

# ਅਮਰੀਕਾ ਦੇ ਵੱਡੀ ਗਿਣਤੀ ਲੋਕਾਂ ਅਨੁਸਾਰ ਇਮੀਗ੍ਰੇਸ਼ਨ ਹੈ ਦੇਸ਼ ਲਈ 'ਚੰਗੀ ਚੀਜ਼'

## ਇਮੀਗ੍ਰੇਸ਼ਨ ਨੀਤੀਆਂ ਬਾਰੇ ਨਾਟਕੀ ਢੰਗ ਨਾਲ ਬਦਲ ਗਏ ਹਨ ਅਮਰੀਕੀਆਂ ਦੇ ਵਿਚਾਰ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੱਡੇ ਪੱਧਰ ਉਤੇ ਪਰਵਾਸੀਆਂ ਨੂੰ ਦੇਸ਼ ਨਿਕਾਲੇ ਦਾ ਵਾਅਦਾ ਕਰਨ ਦੇ ਕੁੱਝ ਮਹੀਨਿਆਂ ਬਾਅਦ ਹੀ ਅਜਿਹੇ ਅਮਰੀਕੀਆਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ ਕਿ ਜੋ ਇਮੀਗ੍ਰੇਸ਼ਨ ਨੂੰ ਦੇਸ਼ ਲਈ 'ਚੰਗੀ ਚੀਜ਼' ਦਸ ਰਹੇ ਹਨ।



10 ਵਿਚੋਂ 8 ਅਮਰੀਕੀਆਂ (ਜਾਂ 79 ਫ਼ੀਸਦੀ) ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਅੱਜ ਦੇਸ਼ ਲਈ 'ਚੰਗੀ ਚੀਜ਼' ਹੈ, ਜੋ ਇੱਕ ਸਾਲ ਪਹਿਲਾਂ 64 ਫ਼ੀਸਦੀ ਤੋਂ ਕਾਫ਼ੀ ਵੱਧ ਹੈ ਅਤੇ ਲਗਭਗ 25 ਸਾਲਾਂ ਦੇ ਰੁਝਾਨ ਵਿੱਚ ਸਭ ਤੋਂ ਵੱਧ ਹੈ। ਅਮਰੀਕਾ ਵਿੱਚ 10 ਵਿਚੋਂ ਸਿਰਫ਼ 2 ਬਾਲਗਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਇਸ ਸਮੇਂ ਇੱਕ ਬੁਰੀ ਚੀਜ਼ ਹੈ, ਜੋ ਪਿਛਲੇ ਸਾਲ 32 ਫ਼ੀ ਸਦੀ ਤੋਂ ਘੱਟ ਹੈ।

ਡੈਮੋਕ੍ਰੇਟਿਕ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਬਾਰੇ ਨਕਾਰਾਤਮਕ ਵਿਚਾਰਾਂ ਵਿੱਚ ਕਾਫ਼ੀ ਵਾਧਾ ਹੋਇਆ ਸੀ, ਜੋ ਕਿ ਰਿਪਬਲਿਕਨ ਪਾਰਟੀ ਦੇ ਟਰੰਪ ਦੇ ਅਹੁਦਾ ਸੰਭਾਲਣ ਤੋਂ ਕੁੱਝ ਮਹੀਨਿਆਂ ਪਹਿਲਾਂ ਤਕ ਉੱਚੇ ਪੱਧਰ ਉਤੇ ਪਹੁੰਚ ਗਿਆ ਸੀ।

ਗੈਲਪ ਦੇ ਨਵੇਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਅਮਰੀਕੀ ਬਾਲਗ ਵਧੇਰੇ ਪਰਵਾਸੀ ਪੱਖੀ ਵਿਚਾਰਾਂ ਵਲ ਪਰਤ ਰਹੇ ਹਨ ਜੋ ਟਰੰਪ ਦੇ ਦੂਜੇ ਕਾਰਜਕਾਲ ਵਿੱਚ ਵੱਡੇ ਪੱਧਰ ਉਤੇ ਦੇਸ਼ ਨਿਕਾਲੇ ਦੀ ਕੋਸ਼ਿਸ਼ ਨੂੰ ਗੁੰਝਲਦਾਰ ਬਣਾ ਸਕਦੇ ਹਨ।

ਇਮੀਗ੍ਰੇਸ਼ਨ ਨੀਤੀਆਂ ਬਾਰੇ ਅਮਰੀਕੀਆਂ ਦੇ ਵਿਚਾਰ ਪਿਛਲੇ ਸਾਲ ਨਾਟਕੀ ਢੰਗ ਨਾਲ ਬਦਲ ਗਏ ਹਨ - ਜਿਸ ਵਿੱਚ ਰਿਪਬਲਿਕਨ ਵੀ ਸ਼ਾਮਲ ਹਨ, ਜੋ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਇਮੀਗ੍ਰੇਸ਼ਨ ਪੱਧਰਾਂ ਤੋਂ ਬਹੁਤ ਜ਼ਿਆਦਾ ਸੰਤੁਸ਼ਟ ਹੋ ਗਏ ਹਨ ਪਰ ਜੋ ਗ਼ੈਰ-ਕਾਨੂੰਨੀ ਤਰੀਕੇ ਨਾਲ ਦੇਸ਼ ਵਿੱਚ ਲੋਕਾਂ ਲਈ ਨਾਗਰਿਕਤਾ ਦੇ ਰਸਤਿਆਂ ਦਾ ਵਧੇਰੇ ਸਮਰਥਨ ਕਰਦੇ ਹਨ।

ਵਿਆਪਕ ਰੁਝਾਨ ਇਹ ਵੀ ਦਰਸਾਉਂਦਾ ਹੈ ਕਿ ਜਨਤਕ ਰਾਏ ਆਮ ਤੌਰ ਉਤੇ ਦਹਾਕਿਆਂ ਪਹਿਲਾਂ ਦੇ ਮੁਕਾਬਲੇ ਪਰਵਾਸੀਆਂ ਲਈ ਵਧੇਰੇ ਅਨੁਕੂਲ ਹੈ। ਜ਼ਿਆਦਾਤਰ ਅਮਰੀਕੀ ਬਾਲਗਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਚੰਗਾ ਹੈ। ਇਮੀਗ੍ਰੇਸ਼ਨ ਬਾਰੇ ਅਮਰੀਕੀਆਂ ਦਾ ਵਧੇਰੇ ਸਕਾਰਾਤਮਕ ਦ੍ਰਿਸ਼ਟੀਕੋਣ ਮੁੱਖ ਤੌਰ ਉਤੇ ਰਿਪਬਲਿਕਨ ਅਤੇ ਆਜ਼ਾਦ ਉਮੀਦਵਾਰਾਂ ਵਿਚਾਲੇ ਤਬਦੀਲੀ ਵੱਲੋਂ ਪ੍ਰੇਰਿਤ ਹੈ।

ਲਗਭਗ ਦੋ ਤਿਹਾਈ ਰਿਪਬਲਿਕਨ ਹੁਣ ਕਹਿੰਦੇ ਹਨ ਕਿ ਪਰਵਾਸੀ ਦੇਸ਼ ਲਈ 'ਚੰਗੀ ਚੀਜ਼' ਹਨ, ਜੋ ਪਿਛਲੇ ਸਾਲ 39 ਫ਼ੀਸਦੀ ਸੀ ਅਤੇ ਆਜ਼ਾਦ ਉਮੀਦਵਾਰ ਪਿਛਲੇ ਸਾਲ ਦੇ ਲਗਭਗ ਦੋ ਤਿਹਾਈ ਤੋਂ ਵਧ ਕੇ ਇਸ ਸਾਲ 80 ਫ਼ੀਸਦੀ ਹੋ ਗਏ ਹਨ। ਡੈਮੋਕ੍ਰੇਟਾਂ ਨੇ ਪਿਛਲੇ ਕੁੱਝ ਸਾਲਾਂ ਵਿੱਚ ਇਮੀਗ੍ਰੇਸ਼ਨ ਬਾਰੇ ਅਪਣਾ ਬਹੁਤ ਸਕਾਰਾਤਮਕ ਦ੍ਰਿਸ਼ਟੀਕੋਣ ਕਾਇਮ ਰੱਖਿਆ ਹੈ।

ਇਮੀਗ੍ਰੇਸ਼ਨ ਨੂੰ ਘਟਾਉਣ ਦੀ ਇੱਛਾ ਰੱਖਣ ਵਾਲੇ ਅਮਰੀਕੀਆਂ ਦੀ ਹਿੱਸੇਦਾਰੀ ਵਿੱਚ ਕਾਫ਼ੀ ਗਿਰਾਵਟ ਆਈ ਹੈ। ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਰਿਪਬਲਿਕਨ ਦੇਸ਼ ਵਿੱਚ ਇਮੀਗ੍ਰੇਸ਼ਨ ਦੇ ਪੱਧਰ ਤੋਂ ਵਧੇਰੇ ਸੰਤੁਸ਼ਟ ਹੋ ਗਏ ਹਨ। ਅਮਰੀਕਾ 'ਚ ਇਮੀਗ੍ਰੇਸ਼ਨ ਦੀ ਮੰਗ ਕਰਨ ਵਾਲੇ ਅਮਰੀਕੀਆਂ ਦੀ ਹਿੱਸੇਦਾਰੀ 55 ਫ਼ੀਸਦੀ ਤੋਂ ਘਟ ਕੇ 30 ਫ਼ੀਸਦੀ ਰਹਿ ਗਈ ਹੈ।

ਹਾਲਾਂਕਿ ਘੱਟ ਅਮਰੀਕੀ ਹੁਣ ਦੂਜੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਲੋਕਾਂ ਦੀ ਗਿਣਤੀ ਘਟਾਉਣਾ ਚਾਹੁੰਦੇ ਹਨ, ਪਰ ਜ਼ਿਆਦਾਤਰ ਚਾਹੁੰਦੇ ਹਨ ਕਿ ਇਮੀਗ੍ਰੇਸ਼ਨ ਦੇ ਪੱਧਰ ਉੱਚੇ ਇਮੀਗ੍ਰੇਸ਼ਨ ਪੱਧਰਾਂ ਦੀ ਬਜਾਏ ਇਕੋ ਜਿਹੇ ਰਹਿਣ।

10 ਵਿਚੋਂ 4 ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਨੂੰ ਮੌਜੂਦਾ ਪੱਧਰ ਉਤੇ ਰੱਖਿਆ ਜਾਣਾ ਚਾਹੀਦਾ ਹੈ ਅਤੇ ਸਿਰਫ਼ 26 ਫ਼ੀਸਦੀ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਨੂੰ ਵਧਾਇਆ ਜਾਣਾ ਚਾਹੀਦਾ ਹੈ।

ਸਰਵੇਖਣ ਤੋਂ ਪਤਾ ਲਗਦਾ ਹੈ ਕਿ ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਪਾਰਟੀ ਦੇ ਪਰਵਾਸੀ ਵਿਰੋਧੀ ਵਿਚਾਰਾਂ ਨੂੰ ਉਜਾਗਰ ਕੀਤਾ ਗਿਆ ਸੀ, ਜਿਸ ਨਾਲ ਟਰੰਪ ਨੂੰ ਵ੍ਹਾਈਟ ਹਾਊਸ ਵਿੱਚ ਵਾਪਸ ਆਉਣ ਵਿੱਚ ਮਦਦ ਮਿਲੀ ਸੀ।

ਜਿਹੜੇ ਰਿਪਬਲਿਕਨ ਚਾਹੁੰਦੇ ਹਨ ਕਿ ਇਮੀਗ੍ਰੇਸ਼ਨ ਨੂੰ ਘਟਾਇਆ ਜਾਣਾ ਚਾਹੀਦਾ ਹੈ, ਉਹ ਪਿਛਲੇ ਸਾਲ ਦੇ 88 ਫ਼ੀਸਦੀ ਦੇ ਉੱਚੇ ਪੱਧਰ ਤੋਂ ਘਟ ਕੇ 48 ਫ਼ੀਸਦੀ ਹੋ ਗਿਆ ਹੈ। 10 ਵਿਚੋਂ 4 ਰਿਪਬਲਿਕਨ ਹੁਣ ਕਹਿੰਦੇ ਹਨ ਕਿ ਇਮੀਗ੍ਰੇਸ਼ਨ ਦਾ ਪੱਧਰ ਇਕੋ ਜਿਹਾ ਰਹਿਣਾ ਚਾਹੀਦਾ ਹੈ, ਅਤੇ 10 ਵਿਚੋਂ ਸਿਰਫ਼ 1 ਵਾਧਾ ਚਾਹੁੰਦਾ ਹੈ। ਵਧੇਰੇ ਅਮਰੀਕੀ ਚਾਹੁੰਦੇ ਨੇ ਅਮਰੀਕਾ 'ਚ ਰਹਿ ਰਹੇ ਲੋਕਾਂ ਨੂੰ ਨਾਗਰਿਕ ਬਣਨ ਦਾ ਮੌਕਾ ਦੇਣਾ ਚਾਹੀਦਾ ਹੈ।

ਸਰਵੇਖਣ 'ਚ ਕਿਹਾ ਗਿਆ ਹੈ ਕਿ ਜ਼ਿਆਦਾਤਰ ਅਮਰੀਕੀ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਰਹਿ ਰਹੇ ਪਰਵਾਸੀਆਂ ਨੂੰ ਅਮਰੀਕੀ ਨਾਗਰਿਕ ਬਣਨ ਦਾ ਮੌਕਾ ਦੇਣ ਦੇ ਹੱਕ 'ਚ ਹਨ।

ਅਮਰੀਕਾ ਦੇ 10 ਵਿਚੋਂ 9 ਬਾਲਗ 85 ਫ਼ੀਸਦੀ ਉਨ੍ਹਾਂ ਪਰਵਾਸੀਆਂ ਲਈ ਨਾਗਰਿਕਤਾ ਦੇ ਰਾਹ ਦੇ ਹੱਕ ਵਿੱਚ ਹਨ, ਜਿਨ੍ਹਾਂ ਨੂੰ ਬਚਪਨ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਆਂਦਾ ਗਿਆ ਸੀ ਅਤੇ ਲਗਭਗ ਇੰਨੇ ਹੀ ਲੋਕਾਂ ਦਾ ਕਹਿਣਾ ਹੈ ਕਿ ਉਹ ਦੇਸ਼ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਸਾਰੇ ਪਰਵਾਸੀਆਂ ਲਈ ਨਾਗਰਿਕਤਾ ਦੇ ਰਸਤੇ ਦੇ ਹੱਕ ਵਿੱਚ ਹਨ ਜਦੋਂ ਤੱਕ ਉਹ ਕੁੱਝ ਸ਼ਰਤਾਂ ਪੂਰੀਆਂ ਕਰਦੇ ਹਨ।

ਨਾਗਰਿਕਤਾ ਦੇ ਰਸਤਿਆਂ ਲਈ ਵਧਿਆ ਸਮਰਥਨ ਜ਼ਿਆਦਾਤਰ ਰਿਪਬਲਿਕਨਾਂ ਤੋਂ ਆਇਆ ਹੈ, ਜਿਨ੍ਹਾਂ ਵਿਚੋਂ ਲਗਭਗ 10 ਵਿਚੋਂ 6 ਹੁਣ ਇਸ ਦਾ ਸਮਰਥਨ ਕਰਦੇ ਹਨ, ਜੋ ਪਿਛਲੇ ਸਾਲ 46 ਫ਼ੀਸਦੀ ਸੀ। ਆਜ਼ਾਦ ਅਤੇ ਡੈਮੋਕ੍ਰੇਟਾਂ ਵਿੱਚ ਸਮਰਥਨ ਪਹਿਲਾਂ ਹੀ ਬਹੁਤ ਜ਼ਿਆਦਾ ਸੀ।

ਦੇਸ਼ 'ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਪਰਵਾਸੀਆਂ ਨੂੰ ਵਾਪਸ ਭੇਜਣ ਲਈ ਸਮਰਥਨ 'ਚ ਵੀ ਕਮੀ ਆਈ ਹੈ। ਅਮਰੀਕਾ 'ਚ 10 ਵਿਚੋਂ 4 ਬਾਲਗ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਪਰਵਾਸੀਆਂ ਨੂੰ ਵਾਪਸ ਭੇਜਣ ਦੇ ਹੱਕ 'ਚ ਹਨ।

# ਅਮਰੀਕਾ ਦੀ 500 ਫ਼ੀਸਦੀ ਟੈਰਿਫ਼ ਦੀ ਧਮਕੀ: ਭਾਰਤ ਦੇ ਰੂਸੀ ਤੇਲ ਖ਼ਰੀਦਣ ਤੋਂ ਅਮਰੀਕਾ ਨਾਰਾਜ਼

## ਰੂਸ-ਪਾਕਿਸਤਾਨ ਦੀ ਨਵੀਂ ਸਾਂਝ: ਭਾਰਤ ਹੁਣ ਮਿੱਤਰ ਦੇਸ਼ਾਂ ਤੋਂ ਇਕੱਲਾ ਪੈਣ ਲੱਗਿਆ

## ਭਾਰਤ ਹੁਣ ਸਸਤਾ ਤੇਲ ਕਿਥੋਂ ਖ਼ਰੀਦਕੇ ਆਪਣੀ ਆਰਥਿਕਤਾ ਬਚਾਏਗਾ ?

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਭਾਰਤ ਵਰਗੇ ਦੇਸ਼ਾਂ ਦਾ ਲੱਕ ਤੋੜਨ ਦੀ ਤਾਕ ਵਿੱਚ ਨੇ। ਗੱਲ ਸਿੱਧੀ ਜਿਹੀ ਹੈ – ਰੂਸ ਤੋਂ ਤੇਲ ਖਰੀਦਣ ਵਾਲਿਆਂ ਨੂੰ ਅਮਰੀਕੀ ਸੈਨੇਟਰਾਂ ਨੇ 500% ਟੈਰਿਫ਼ ਦੀ ਖੁੱਲ੍ਹੀ ਧਮਕੀ ਦੇ ਰੱਖੀ ਹੈ। ਹੁਣੇ ਜਿਹੇ ਸੈਂਕਸ਼ਨਿੰਗਰਸ਼ੀਆ ਐਕਟ ਆਫ਼ 2025 ਨਾਮ ਦਾ ਇੱਕ ਬਿੱਲ ਹੈ, ਜਿਹੜਾ ਰੂਸ ਦੀ ਤੇਲ ਅਤੇ ਗੈਸ ਵਾਲੀ ਚੰਗੀ ਚੱਲ ਰਹੇ ਬਿਜਨਸ ਨੂੰ ਬੰਦ ਕਰਨ ਦੀ ਸਾਜਿਸ਼ ਜਾਪਦਾ ਹੈ। ਭਾਰਤ, ਜਿਹੜਾ ਰੂਸ ਦਾ ਸਭ ਤੋਂ ਵੱਡਾ ਤੇਲ ਖਰੀਦਣ ਵਾਲਾ ਦੇਸ਼ ਬਣ ਚੁੱਕਾ ਹੈ, ਹੁਣ ਇਸ ਅਮਰੀਕੀ ਚਾਲ ਦਾ ਸਾਹਮਣੇ ਕਰ ਰਿਹਾ ਹੈ। ਉਧਰ, ਰੂਸ ਨੇ ਪਾਕਿਸਤਾਨ ਨੂੰ 'ਮਹੱਤਵਪੂਰਨ ਸਾਂਝੇਦਾਰ' ਤੇ 'ਸੁਭਾਵਕ ਸਹਿਯੋਗੀ' ਦਾ ਖ਼ਿਤਾਬ ਦੇ ਕੇ ਭਾਰਤ ਦੀਆਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ।




ਅਮਰੀਕਾ ਦੇ ਸਿਆਸਤਦਾਨਾਂ ਸੈਨੇਟਰ ਲਿੰਡਸੇ ਗ੍ਰਾਹਮ ਤੇ ਰਿਚਰਡ ਬਲੂਮੈਂਥਲ, ਭਾਰਤ ਤੇ ਚੀਨ ਵੱਲ ਉਂਗਲ ਚੁੱਕੀ ਹੈ। ਇਹਨਾਂ ਦਾ ਕਹਿਣਾ ਹੈ ਕਿ ਜੇ ਤੁਸੀਂ ਰੂਸੀ ਤੇਲ ਖਰੀਦਣਾ ਜਾਰੀ ਰੱਖਿਆ, ਤਾਂ ਅਸੀਂ ਤੁਹਾਡੀ ਆਰਥਿਕਤਾ ਜਾਮ ਕਰ ਦਿਆਂਗੇ। 500% ਟੈਰਿਫ਼ ਦਾ ਮਤਲਬ ਸਮਝੋ – ਜੇ ਇੱਕ ਬੈਰਲ ਤੇਲ ਦੀ ਕੀਮਤ 100 ਡਾਲਰ ਹੈ, ਤਾਂ ਤੁਹਾਨੂੰ 600 ਡਾਲਰ ਅਦਾ ਕਰਨੇ ਪੈਣਗੇ। ਇਹ ਕੋਈ ਮਾਮੂਲੀ ਝਟਕਾ ਨਹੀਂ, ਸਗੋਂ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਤੋੜਨ ਵਾਲੀ ਗੱਲ ਹੈ।

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ, ਇਹ ਬਿੱਲ ਰੂਸ ਨੂੰ ਯੂਕ੍ਰੇਨ ਜੰਗ ਦੀ ਫ਼ੰਡਿੰਗ ਤੋਂ ਰੋਕਣ ਦੀ ਕੋਸ਼ਿਸ਼ ਹੈ, ਪਰ ਇਸ ਦਾ ਸਿੱਧਾ ਨਿਸ਼ਾਨਾ ਭਾਰਤ ਤੇ ਚੀਨ ਵਰਗੇ ਦੇਸ਼ ਹਨ, ਜਿਹੜੇ ਰੂਸ ਦੀ 70% ਊਰਜਾ ਖਰੀਦ ਰਹੇ ਨੇ। ਅਮਰੀਕੀ ਸੈਨੇਟਰ ਰਿਚਰਡ ਬਲੂਮੈਂਥਲ ਨੇ ਰੋਮ ਵਿੱਚ ਯੂਕ੍ਰੇਨ ਦੇ ਸਮਰਥਨ ਵਿੱਚ ਹੋਈ ਇੱਕ ਕਾਨਫ਼ਰੰਸ ਵਿੱਚ ਸਾਫ਼ ਲਫ਼ਜ਼ਾਂ ਵਿੱਚ ਕਿਹਾ ਕਿ ਅਸੀਂ ਰੂਸੀ ਤੇਲ ਖਰੀਦਣ ਵਾਲਿਆਂ ਦੀ ਕਮਰ ਤੋੜ ਦਿਆਂਗੇ।

ਇਸ ਗੱਲ ਦਾ ਵਿਰੋਧ ਭਾਰਤ ਦੇ ਤੇਲ ਮੰਤਰੀ ਹਰਦੀਪ ਸਿੰਘ ਪੁਰੀ ਨੇ ਕੀਤਾ। ਗਲੋਬਲ ਟਾਈਮਜ਼ ਅਨੁਸਾਰ ਪੁਰੀ ਨੇ ਜਵਾਬ ਵਿੱਚ ਕਿਹਾ, 'ਰੂਸੀ ਤੇਲ 'ਤੇ ਕਦੇ ਵੀ ਕੋਈ ਗਲੋਬਲ ਪਾਬੰਦੀ ਨਹੀਂ ਸੀ। ਅਸੀਂ ਸਸਤਾ ਤੇਲ ਖਰੀਦ ਕੇ ਨਾ ਸਿਰਫ਼ ਆਪਣੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰ ਰਹੇ ਹਾਂ, ਸਗੋਂ ਵਿਸ਼ਵ ਬਾਜ਼ਾਰ ਨੂੰ ਸਥਿਰ ਰੱਖਣ ਵਿੱਚ ਵੀ ਮਦਦ ਕਰ ਰਹੇ ਹਾਂ।'

ਅਸਲੀਅਤ ਇਹ ਹੈ ਕਿ ਭਾਰਤ ਦੀ ਅਰਥਵਿਵਸਥਾ ਤੇਲ ਉੱਪਰ ਚੱਲਦੀ ਹੈ, ਤੇ ਰੂਸੀ ਨੇ ਭਾਰਤ ਨੂੰ ਸਸਤਾ ਤੇਲ ਦੇ ਕੇ ਭਾਰਤ ਦੀ ਅਰਥ-ਵਿਵਸਥਾ ਵਿੱਚ ਯੋਗਦਾਨ ਪਾਇਆ ਹੈ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, 2022 ਵਿੱਚ ਜਦੋਂ ਯੂਕ੍ਰੇਨ ਜੰਗ ਸ਼ੁਰੂ ਹੋਈ ਸੀ, ਭਾਰਤ ਨੇ ਰੂਸ ਤੋਂ ਸਿਰਫ਼ 2% ਤੇਲ ਖਰੀਦਿਆ ਸੀ। ਪਰ ਹੁਣ, 2025 ਵਿੱਚ, ਇਹ ਅੰਕੜਾ 40% 'ਤੇ ਪਹੁੰਚ ਗਿਆ ਹੈ। ਰੂਸ ਨੇ ਪੱਛਮੀ ਪਾਬੰਦੀਆਂ ਦੇ ਬਾਅਦ ਭਾਰਤ ਨੂੰ ਭਾਰੀ ਛੋਟ 'ਤੇ ਤੇਲ ਵੇਚਣਾ ਸ਼ੁਰੂ ਕੀਤਾ, ਜਿਸ ਨਾਲ ਭਾਰਤ ਦਾ ਆਯਾਤ ਬਿੱਲ ਘਟਿਆ ਤੇ ਊਰਜਾ ਸੁਰੱਖਿਆ ਮਜ਼ਬੂਤ ਹੋਈ।

ਆਰ.ਟੀ. ਇੰਟਰਨੈਸ਼ਨਲ ਦੀ ਰਿਪੋਰਟ ਦੱਸਦੀ ਹੈ ਕਿ 2015 ਵਿੱਚ ਭਾਰਤ-ਰੂਸ ਵਪਾਰ ਸਿਰਫ਼ 6.1 ਅਰਬ ਡਾਲਰ ਸੀ, ਜੋ 2024 ਵਿੱਚ 72 ਅਰਬ ਡਾਲਰ 'ਤੇ ਪਹੁੰਚ ਗਿਆ। ਇਸ ਵਿੱਚੋਂ 55 ਅਰਬ ਡਾਲਰ ਦਾ ਹਿੱਸਾ ਸਿਰਫ਼ ਤੇਲ ਦਾ ਹੈ। ਅਜਿਹੇ ਵਿੱਚ, ਜੇ ਅਮਰੀਕਾ 500% ਟੈਰਿਫ਼ ਲਾਉਂਦਾ ਹੈ, ਤਾਂ ਭਾਰਤ ਦੀ ਅਰਥਵਿਵਸਥਾ ਦੀ ਗੱਡੀ ਦਾ ਪਹੀਆ ਜਾਮ ਹੋ ਸਕਦਾ ਹੈ। ਤੇਲ ਦੀਆਂ ਕੀਮਤਾਂ 120-130 ਡਾਲਰ ਪ੍ਰਤੀ ਬੈਰਲ 'ਤੇ ਪਹੁੰਚਣ ਦੀ ਸੰਭਾਵਨਾ ਹੈ, ਜਿਸ ਨਾਲ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਨੇ।

ਹਾਲੇ ਤੱਕ ਭਾਰਤ ਨੇ ਅਮਰੀਕੀ ਧਮਕੀਆਂ ਅੱਗੇ ਗੋਡੇ ਨਹੀਂ ਟੇਕੇ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਸੈਨੇਟਰ ਲਿੰਡਸੇ ਗ੍ਰਾਹਮ ਨਾਲ ਗੱਲਬਾਤ ਕਰਕੇ ਸਾਫ਼ ਕਰ ਦਿੱਤਾ ਕਿ ਭਾਰਤ ਦੀ ਊਰਜਾ ਸੁਰੱਖਿਆ ਸਭ ਤੋਂ ਅੱਗੇ ਹੈ। ਗਲੋਬਲ ਟਾਈਮਜ਼ ਨੇ ਜੈਸ਼ੰਕਰ ਦੇ ਹਵਾਲੇ ਨਾਲ ਲਿਖਿਆ, 'ਜਿੱਥੋਂ ਸਸਤਾ ਤੇਲ ਮਿਲੇਗਾ, ਓਥੋਂ ਖਰੀਦਾਂਗੇ। ਅਸੀਂ ਵਿਸ਼ਵ ਬਾਜ਼ਾਰ ਨੂੰ ਸਥਿਰ ਰੱਖਣ ਵਿੱਚ ਯੋਗਦਾਨ ਦੇ ਰਹੇ ਹਾਂ।'

ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ, ਜੇ ਭਾਰਤ ਰੂਸੀ ਤੇਲ ਨਾ ਖਰੀਦਦਾ, ਤਾਂ ਤੇਲ ਦੀਆਂ ਕੀਮਤਾਂ 200 ਡਾਲਰ ਪ੍ਰਤੀ ਬੈਰਲ ਤੱਕ ਜਾ ਸਕਦੀਆਂ ਸਨ।

**ਰੂਸ ਦੀ ਪਾਕਿਸਤਾਨ ਨਾਲ ਨਵੀਂ ਸਾਂਝ: ਭਾਰਤ ਦੀ ਚਿੰਤਾ**

ਬੀਤੇ ਦਿਨੀਂ ਰੂਸ ਦੇ ਉਪ-ਪ੍ਰਧਾਨ ਮੰਤਰੀ ਐਲੇਕਸੀ ਓਵਰਚੁਕ ਨੇ ਪਾਕਿਸਤਾਨ ਨੂੰ 'ਮਹੱਤਵਪੂਰਨ ਸਾਝੇਦਾਰ' ਤੇ 'ਸੁਭਾਵਕ ਸਹਿਯੋਗੀ' ਦੱਸਿਆ। ਇਹ ਗੱਲ ਉਦੋਂ ਸਾਹਮਣੇ ਆਈ, ਜਦੋਂ ਪਾਕਿਸਤਾਨੀ ਪ੍ਰਤੀਨਿਧੀ ਮੰਡਲ ਮਾਸਕੋ ਵਿੱਚ ਇਨੋਪ੍ਰੋਮ ਵਪਾਰਕ ਮੇਲੇ ਵਿੱਚ ਸ਼ਾਮਲ ਹੋਇਆ। ਰੂਸ ਨੇ ਪਾਕਿਸਤਾਨ ਨਾਲ ਰੇਲਵੇ ਸੰਪਰਕ, ਕਾਰਗੋ ਟਰੇਨ, ਤੇ ਕਰਾਚੀ ਵਿੱਚ ਨਵੀਂ ਸਟੀਲ ਮਿੱਲ ਸਥਾਪਤ ਕਰਨ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਨੇ। ਇਹ ਗੱਲ ਭਾਰਤ ਲਈ ਸੰਕਟ ਦਾ ਵਿਸ਼ਾ ਹੈ। ਭਾਰਤ-ਰੂਸ ਦੋਸਤੀ ਦੀਆਂ ਜੜ੍ਹਾਂ ਡੂੰਘੀਆਂ ਨੇ, ਪਰ ਪਾਕਿਸਤਾਨ ਨਾਲ ਰੂਸ ਦੀ ਇਹ ਨਵੀਂ ਸਾਂਝ ਭਾਰਤ ਦੇ ਮਨ ਵਿੱਚ ਸ਼ੱਕ ਦੀ ਸੂਈ ਚੁਭੋ ਰਹੀ ਹੈ। ਗਲੋਬਲ ਟਾਈਮਜ਼ ਦੀ ਰਿਪੋਰਟ ਮੁਤਾਬਕ, ਰੂਸ ਨੇ ਕਈ ਵਾਰ ਕਿਹਾ ਹੈ ਕਿ ਭਾਰਤ ਨਾਲ ਉਸ ਦੀ ਦੋਸਤੀ ਦੀ ਤੁਲਣਾ ਕਿਸੇ ਹੋਰ ਦੇਸ਼ ਨਾਲ ਨਹੀਂ ਕੀਤੀ ਜਾ ਸਕਦੀ। ਪਰ ਪਾਕਿਸਤਾਨ ਨਾਲ ਵਧਦੀ ਨੇੜਤਾ ਨੇ ਭਾਰਤ ਦੇ ਸਿਆਸੀ ਗਲਿਆਰਿਆਂ ਵਿੱਚ ਚਰਚਾ ਛੇੜ ਦਿੱਤੀ ਹੈ। ਇਸ ਸਾਰੀ ਖੇਡ ਵਿੱਚ ਭਾਰਤ ਜਿਵੇਂ ਚੌਰਾਹੇ 'ਤੇ ਖੜ੍ਹਾ ਹੈ – ਇੱਕ ਪਾਸੇ ਅਮਰੀਕਾ ਦੀਆਂ ਧਮਕੀਆਂ, ਦੂਜੇ ਪਾਸੇ ਰੂਸ ਦੀ ਪਾਕਿਸਤਾਨ ਨਾਲ ਵਧਦੀ ਦੋਸਤੀ। ਭਾਰਤ ਦੀ ਮੁਸ਼ਕਿਲ ਇਹ ਹੈ ਕਿ ਉਹ ਨਾ ਤਾਂ ਅਮਰੀਕਾ ਨੂੰ ਪੂਰੀ ਤਰ੍ਹਾਂ ਨਾਰਾਜ਼ ਕਰ ਸਕਦਾ ਹੈ, ਨਾ ਹੀ ਰੂਸ ਨਾਲ ਸਦੀਆਂ ਪੁਰਾਣੀ ਦੋਸਤੀ ਨੂੰ ਤੋੜ ਸਕਦਾ ਹੈ। ਵਾਸ਼ਿੰਗਟਨ ਪੋਸਟ ਮੁਤਾਬਕ, ਅਮਰੀਕਾ ਦੀ ਸਖ਼ਤੀ ਦਾ ਮਕਸਦ ਰੂਸ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਹੈ, ਪਰ ਇਸ ਦੀ ਮਾਰ ਭਾਰਤ ਵਰਗੇ ਦੇਸ਼ਾਂ 'ਤੇ ਪੈ ਰਹੀ ਹੈ। ਭਾਰਤ ਨੇ ਹੁਣ ਤੱਕ ਅਮਰੀਕੀ ਧਮਕੀਆਂ ਅੱਗੇ ਨਾ ਝੁਕਣ ਦੀ ਨੀਤੀ ਅਪਣਾਈ ਹੈ, ਪਰ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਭਾਰਤ ਨੂੰ ਨਵੇਂ ਸਿਰੇ ਤੋਂ ਰਣਨੀਤੀ ਬਣਾਉਣੀ ਪਵੇਗੀ।

# ਕੀ ਹੋਵੇਗਾ ਪੰਥਕ ਸਿਆਸਤ ਦਾ ਭਵਿੱਖ ?

## ਪੰਜਾਬ ਵਿੱਚ ਨਵੀਂ ਪੰਥਕ ਅਤੇ ਖੇਤਰੀ ਪਾਰਟੀ ਦੀ ਵੱਡੀ ਲੋੜ

## ਨਵੇਂ ਅਕਾਲੀ ਦਲ ਦੇ ਗਠਨ ਨਾਲ ਬਦਲ ਸਕਦਾ ਹੈ ਪੰਥਕ ਸਿਆਸਤ ਦਾ ਚਿਹਰਾ ਮੋਹਰਾ

## ਅਕਾਲੀ ਦਲ ਦੀ ਮਾੜੀ ਕਾਰਗੁਜ਼ਾਰੀ ਤੋਂ ਨਿਰਾਸ਼ ਪੱਕੀਆਂ ਪੰਥਕ ਵੋਟਾਂ ਅਜੇ ਵੀ ਉਡੀਕ ਰਹੀਆਂ ਨੇ ਮਜ਼ਬੂਤ ਪੰਥਕ ਪਾਰਟੀ ਨੂੰ











ਪੰਜਾਬ ਦੀ ਪੰਥਕ ਸਿਆਸਤ ਦਾ ਵਰਤਮਾਨ ਅਤੇ ਭਵਿੱਖ ਇਸ ਸਮੇਂ ਅਨਿਸਚਚਤਾ ਵਾਲਾ ਬਣਿਆ ਹੋਇਆ ਹੈ। ਇੱਕ ਪਾਸੇ ਸੁਖਬੀਰ ਬਾਦਲ ਦੇ ਮੁੜ ਪ੍ਰਧਾਨ ਬਣਨ ਤੋਂ ਬਾਅਦ ਅਕਾਲੀ ਦਲ ਬਾਦਲ ਮੁੜ ਪੰਥਕ ਤੇ ਸਿਆਸੀ ਖੇਤਰ ਵਿੱਚ ਸਰਗਰਮ ਹੋ ਗਿਆ ਹੈ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਬਣਾਈ ਹੋਈ ਭਰਤੀ ਕਮੇਟੀ ਵੀ ਆਪਣੀਆਂ ਸਰਗਰਮੀਆਂ ਤੇਜ਼ ਕਰ ਰਹੀ ਹੈ। ਇਸ ਭਰਤੀ ਕਮੇਟੀ ਦੇ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦਾ ਕਹਿਣਾ ਹੈ ਕਿ ਉਹਨਾਂ ਕੋਲ ਪੁੱਜੀ ਸੂਚੀ ਅਨੁਸਾਰ ਪੰਜਾਬ ਵਿੱਚ ਭਰਤੀ ਕਮੇਟੀ ਦੇ 12 ਲੱਖ ਤੋਂ ਵੱਧ ਮੈਂਬਰ ਬਣ ਚੁੱਕੇ ਹਨ। ਇਸ ਕਮੇਟੀ ਵੱਲੋਂ ਮੈਂਬਰਸ਼ਿਪ ਭਰਤੀ ਦਾ ਕੰਮ ਅਜੇ ਜ਼ਾਰੀ ਹੈ। ਇਹ ਕਮੇਟੀ ਦਾਅਵਾ ਕਰ ਰਹੀ ਹੈ ਕਿ ਜਲਦੀ ਹੀ ਨਵੇਂ ਅਕਾਲੀ ਦਲ ਦੀ ਸਥਾਪਨਾ ਕਰ ਦਿੱਤੀ ਜਾਵੇਗੀ।

ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਖਡੂਰ ਸਾਹਿਬ ਤੋਂ ਸਾਂਸਦ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਸਾਂਸਦ ਭਾਈ ਸਰਬਜੀਤ ਸਿੰਘ ਖ਼ਾਲਸਾ ਦੇ ਰੂਪ ਵਿੱਚ ਨਵੀਂ ਪੰਥਕ ਲੀਡਰਸ਼ਿਪ ਦਾ ਉਭਾਰ ਹੋ ਚੁੱਕਿਆ ਹੈ। ਦੋਵਾਂ ਨੌਜਵਾਨ ਪੰਥਕ ਆਗੂਆਂ ਤੋਂ ਸਿੱਖ ਪੰਥ ਨੂੰ ਬਹੁਤ ਉਮੀਦਾਂ ਹਨ। ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚ ਬੰਦ ਹੋਣ ਕਾਰਨ ਉਹਨਾਂ ਦੇ ਸਮਰਥਕ ਹੀ ਪੰਥਕ ਸਰਗਰਮੀਆਂ ਚਲਾ ਰਹੇ ਹਨ। ਕੁਝ ਸਮਾਂ ਪਹਿਲਾਂ ਸਾਂਸਦ ਭਾਈ ਸਰਬਜੀਤ ਸਿੰਘ ਖ਼ਾਲਸਾ ਅਤੇ ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਸਥਾਪਨਾ ਦਾ ਐਲਾਨ ਕੀਤਾ ਹੋਇਆ ਹੈ, ਜਿਸ ਤੋਂ ਬਾਅਦ ਪੰਜਾਬ ਦੀ ਪੰਥਕ ਸਿਆਸਤ ਦੇ ਸਮੀਕਰਨ ਬਦਲ ਗਏ ਹਨ। ਦੋ ਸਾਂਸਦ ਹੋਣ ਦੇ ਬਾਵਜੂਦ ਇਸ ਨਵੀਂ ਪਾਰਟੀ ਨੂੰ ਅਜੇ ਪੂਰੇ ਪੰਜਾਬ ਵਿੱਚ ਪੰਜਾਬੀਆਂ ਵੱਲੋਂ ਭਰਵਾਂ ਹੁੰਗਾਰਾ ਨਹੀਂ ਭਰਿਆ ਗਿਆ। ਜਿਸ ਕਰਕੇ ਅਜੇ ਇਸ ਪਾਰਟੀ ਦੀ ਸਫ਼ਲਤਾ ਬਾਰੇ ਕੁਝ ਕਹਿਣਾ ਮੁਸ਼ਕਿਲ ਹੈ। ਉਂਝ ਵੀ ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚ ਹੋਣ ਕਾਰਨ ਇਸ ਪਾਰਟੀਆਂ ਦੀਆਂ ਸਰਗਰਮੀਆਂ 'ਤੇ ਅਸਰ ਪੈ ਰਿਹਾ ਹੈ।

ਜੇ ਹੁਣ ਸਾਬਕਾ ਸਾਂਸਦ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਮਾਨ ਦਲ, ਜਿਸ ਨੂੰ ਅੰਮ੍ਰਿਤਸਰ ਦਲ ਵੀ ਕਿਹਾ ਜਾਂਦਾ ਹੈ, ਬਾਰੇ ਗੱਲ ਨਾ ਕੀਤੀ ਤਾਂ ਪੰਥਕ ਸਿਆਸਤ ਦੀ ਗੱਲ ਅਧੂਰੀ ਰਹੇਗੀ। ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਹਮੇਸ਼ਾ ਸਿੱਖਾਂ ਲਈ ਵੱਖਰੀ ਸਟੇਟ ਦੀ ਗੱਲ ਕੀਤੀ ਹੈ। ਜਦੋਂ ਤੋਂ ਉਹ ਸਿਆਸਤ ਵਿੱਚ ਆਏ ਹਨ, ਉਹ ਆਪਣੇ ਸਟੈਂਡ 'ਤੇ ਦ੍ਰਿੜ ਰਹੇ ਹਨ। ਸ੍ਰ. ਸਿਮਰਨਜੀਤ ਸਿੰਘ ਮਾਨ ਦਾਅਵਾ ਕਰਦੇ ਹਨ ਕਿ ਪੰਜਾਬ ਵਿੱਚ ਉਹਨਾਂ ਦੀ ਪਾਰਟੀ ਦਾ ਚੰਗਾ ਆਧਾਰ ਹੈ, ਇਸ ਕਾਰਨ ਉਹ ਤਿੰਨ ਵਾਰ ਲੋਕ ਸਭਾ ਮੈਂਬਰ ਬਣਨ ਵਿੱਚ ਕਾਮਯਾਬ ਹੋ ਚੁੱਕੇ ਹਨ। ਸਾਲ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਸ੍ਰ. ਮਾਨ ਦੀ ਪਾਰਟੀ ਨੂੰ ਪੰਜਾਬੀਆਂ ਨੇ ਵੱਡਾ ਹੁੰਗਾਰਾ ਭਰਿਆ ਸੀ ਅਤੇ ਮਾਨ ਦਲ ਦੇ 9 ਉਮੀਦਵਾਰ ਸਾਂਸਦ ਬਣਨ ਵਿੱਚ ਕਾਮਯਾਬ ਹੋ ਗਏ ਸਨ, ਪਰ ਉਸ ਤੋਂ ਬਾਅਦ ਇਹ ਪਾਰਟੀ ਪੰਜਾਬੀਆਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ ਅਤੇ ਇਸ ਸਮੇਂ ਇਸ ਪਾਰਟੀ ਦਾ ਜੋ ਹਾਲ ਹੈ, ਉਹ ਸਭ ਦੇ ਸਾਹਮਣੇ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਸ੍ਰ. ਮਾਨ ਜੋ ਮਰਜ਼ੀ ਦਾਅਵੇ ਕਰੀ ਜਾਣ ਪਰ ਪੂਰੇ ਪੰਜਾਬ ਵਿੱਚ ਉਹਨਾਂ ਦੀ ਪਾਰਟੀ ਨੂੰ ਵੀ ਪੰਜਾਬੀਆਂ ਵੱਲੋਂ ਠੋਸ ਹੁੰਗਾਰਾ ਨਹੀਂ ਮਿਲ ਰਿਹਾ। ਇਸ ਕਰਕੇ ਪੰਜਾਬ ਵਿੱਚ ਬਾਦਲ ਦਲ ਦੀ ਥਾਂ ਮਾਨ ਦਲ ਵੀ ਪੰਜਾਬੀਆਂ ਦੀ ਕਸੌਟੀ 'ਤੇ ਪੂਰਾ ਨਹੀਂ ਉਤਰ ਰਿਹਾ। ਪੰਥਕ ਸਿਆਸਤ ਦੇ ਮੁੜ ਪੂਰੀ ਤਰ੍ਹਾਂ ਉਭਾਰ ਲਈ ਅਤੇ ਪੰਥ ਦੇ ਅਹਿਮ ਮਸਲੇ ਹੱਲ ਕਰਵਾਉਣ ਲਈ ਨਵੀਂ ਪੰਥਕ ਪਾਰਟੀ ਦੀ ਲੋੜ ਇਸ ਸਮੇਂ ਪੰਥ ਨੂੰ ਮਹਿਸੂਸ ਹੋ ਰਹੀ ਹੈ। ਲੰਬਾ ਸਮਾਂ ਪੰਥ ਦੀ ਅਗਵਾਈ ਕਰਨ ਵਾਲੀ ਪੰਥਕ ਪਾਰਟੀ ਅਕਾਲੀ ਦਲ ਇਸ ਸਮੇਂ ਅੰਦਰੂਨੀ ਫੁੱਟ ਦਾ ਸ਼ਿਕਾਰ ਹੋ ਗਈ ਹੈ, ਜਿਸ ਕਰਕੇ ਪੰਜਾਬ ਵਿੱਚ ਹੋਰ ਕੋਈ ਅਜਿਹੀ ਪਾਰਟੀ ਨਹੀਂ ਜੋ ਕਿ ਪੰਥਕ ਪਾਰਟੀ ਕਹਿਲਾਅ ਸਕੇ। ਹੋਰਨਾਂ ਸਿਆਸੀ ਪਾਰਟੀਆਂ ਨੇ ਪੰਥਕ ਮੁੱਦਿਆਂ ਤੋਂ ਇੱਕ ਤਰ੍ਹਾਂ ਦੂਰੀ ਬਣਾ ਕੇ ਰੱਖੀ ਹੋਈ ਹੈ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਨੇ ਵੀ ਪੰਥਕ ਮੁੱਦਿਆਂ ਤੋਂ ਦੂਰੀ ਬਣਾਈ ਹੋਈ ਹੈ, ਜਿਸ ਕਰਕੇ ਪੰਜਾਬ ਵਿੱਚ ਨਵੀਂ ਪੰਥਕ ਪਾਰਟੀ ਦੀ ਲੋੜ ਵੱਡੇ ਪੱਧਰ 'ਤੇ ਮਹਿਸੂਸ ਕੀਤੀ ਜਾ ਰਹੀ ਹੈ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਪੰਜਾਬ ਦੀ ਸਿਆਸਤ 'ਤੇ ਪੰਥਕ ਸੋਚ ਵਾਲੇ ਆਗੂਆਂ ਦਾ ਵੱਡਾ ਪ੍ਰਭਾਵ ਰਿਹਾ ਹੈ ਅਤੇ ਪੰਥਕ ਸੋਚ ਨੂੰ ਪ੍ਰਨਾਏ ਆਗੂ ਸਿਆਸਤ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਕਿਸੇ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਪੰਥ ਦੇ ਨਾਲ ਪੰਜਾਬ ਦੀ ਸਿਆਸਤ 'ਤੇ ਵੀ ਪੂਰਾ ਪ੍ਰਭਾਵ ਹੁੰਦਾ ਸੀ ਅਤੇ ਉਹਨਾਂ ਨੇ ਪੰਜਾਬ ਦੇ ਸੀਨੀਅਰ ਆਗੂ ਵਜੋਂ ਵਿਚਰਦਿਆਂ ਹੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ 'ਰਾਜੀਵ ਲੌਂਗੋਵਾਲ ਸਮਝੌਤਾ' ਕੀਤਾ ਸੀ। ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿੰਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪੰਜਾਬ ਦੀ ਸਿਆਸਤ 'ਤੇ ਵੀ ਪੂਰਾ ਦਬਦਬਾ ਹੁੰਦਾ ਸੀ। ਉਸ ਤੋਂ ਬਾਅਦ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਹੋਰ ਆਗੂ ਵੀ ਪੰਥਕ ਸਿਆਸਤ ਦੇ ਨਾਲ- ਨਾਲ ਪੰਜਾਬ ਦੀ ਸਿਆਸਤ ਵਿੱਚ ਛਾਏ ਰਹੇ। ਇਤਿਹਾਸ ਗਵਾਹ ਹੈ ਕਿ ਜਦੋਂ ਰੋਮ ਵਿੱਚ ਪੋਪ ਯਾਨੀ ਧਰਮ ਦਾ ਰੋਮ ਦੀ ਰਾਜਨੀਤੀ 'ਤੇ ਦਬਦਬਾ ਰਿਹਾ ਤਾਂ ਰੋਮ ਵਿੱਚ ਸਭ ਕੁਝ ਠੀਕ ਸੀ ਪਰ ਜਦੋਂ ਰੋਮ ਵਿੱਚ ਪੋਪ ਦਾ ਪ੍ਰਭਾਵ ਘਟਿਆ ਅਤੇ ਧਰਮ ਵਿੱਚ ਵੀ ਰਾਜਨੀਤੀ ਦੀ ਦਖਲਅੰਦਾਜੀ ਹੋਣ ਲੱਗੀ ਤਾਂ ਰੋਮ ਦਾ ਜੋ ਹਾਲ ਹੋਇਆ ਸੀ, ਉਹ ਸਭ ਨੂੰ ਪਤਾ ਹੈ। ਉਸ ਸਮੇਂ ਹੀ ਕਹਾਵਤ ਬਣੀ ਕਿ 'ਰੋਮ ਜਲਦਾ ਰਿਹਾ, ਤੇ ਨੀਰੋ ਬੰਸਰੀ ਵਜਾਉਂਦਾ ਰਿਹਾ। ਪੰਜਾਬ ਦੀ ਪੰਥਕ ਸਿਆਸਤ ਵਿੱਚ ਇਸ ਸਮੇਂ 'ਨੀਰੋ' ਵਰਗੇ ਆਗੂਆਂ ਦੀ ਲੋੜ ਨਹੀਂ ਹੈ, ਸਗੋਂ ਧਾਰਮਿਕ ਤੇ ਪੰਥਕ ਜਜ਼ਬੇ ਵਾਲੇ ਆਗੂਆਂ ਦੀ ਲੋੜ ਹੈ।

(ਬਾਕੀ ਸਫ਼ਾ 30 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਟਨਾ ਸਾਹਿਬ ਵਿਚਕਾਰ ਵਿਵਾਦ ਸਮਾਪਤ, ਪੰਥਕ ਇਕਜੁੱਟਤਾ ਮਜ਼ਬੂਤ

## ਤਖ਼ਤ ਪਟਨਾ ਸਾਹਿਬ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਪ੍ਰਵਾਨ, ਦੋਹਾਂ ਤਖ਼ਤਾਂ ਵੱਲੋਂ ਫ਼ੈਸਲੇ ਵਾਪਸ

## ਜਥੇਦਾਰ ਦੇ ਉਦਮ ਕਾਰਨ ਵਿਵਾਦ ਸੁਲਝਿਆ, ਸਾਬਕਾ ਜਥੇਦਾਰ ਗੌਹਰ ਨੂੰ ਅਦਾਲਤੀ ਕੇਸ ਵਾਪਸ ਲੈਣ ਦੀ ਹਦਾਇਤ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਪੰਥ ਦੇ ਦੋ ਪਵਿੱਤਰ ਤਖ਼ਤ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚਕਾਰ ਚੱਲ ਰਿਹਾ ਵਿਵਾਦ ਖ਼ਤਮ ਹੋ ਗਿਆ। ਦੋਹਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਨੇ ਆਪਣੇ-ਆਪਣੇ ਫ਼ੈਸਲੇ ਵਾਪਸ ਲੈ ਲਏ ਅਤੇ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦਿਆਂ ਸਮਰਪਣ ਦਾ ਲਿਖਤੀ ਭਰੋਸਾ ਦਿੱਤਾ। ਇਸ ਨਾਲ ਪੰਥਕ ਇਕਜੁੱਟਤਾ ਨੂੰ ਵੱਡੀ ਮਜ਼ਬੂਤੀ ਮਿਲੀ ਹੈ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ: ਵਿਵਾਦ ਦਾ ਹੱਲ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਇਕੱਤਰਤਾ ਹੋਈ। ਇਸ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ, ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਸ਼ਾਮਲ ਸਨ। ਇਕੱਤਰਤਾ ਵਿੱਚ ਪਟਨਾ ਸਾਹਿਬ ਨਾਲ ਜੁੜੇ ਮਸਲਿਆਂ 'ਤੇ ਵਿਚਾਰ ਹੋਇਆ ਅਤੇ ਆਪਸੀ ਸਹਿਮਤੀ ਨਾਲ ਮਾਮਲਾ ਹੱਲ ਕੀਤਾ ਗਿਆ। ਜਥੇਦਾਰ ਗੜਗੱਜ ਨੇ ਦੱਸਿਆ ਕਿ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ 12 ਜੁਲਾਈ ਦੇ ਪੱਤਰ ਵਿੱਚ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਮੰਨਣ ਦਾ ਵਾਅਦਾ ਕੀਤਾ ਗਿਆ, ਜਿਸ 'ਤੇ ਵਿਚਾਰ ਕਰਕੇ 21 ਮਈ ਅਤੇ 5 ਜੁਲਾਈ 2025 ਦੇ ਮਤਿਆਂ ਵਿੱਚ ਸੋਧ ਕਰਕੇ ਉਹ ਵਾਪਸ ਲਏ ਗਏ ਸੂਤਰਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਇਕੱਤਰਤਾ ਵਿੱਚ ਪੰਜ ਸਿੰਘ ਸਾਹਿਬਾਨ ਨੇ ਮਤਾ ਪਾਸ ਕੀਤਾ ਕਿ ਸਿੱਖਾਂ ਦੇ ਪੰਜੇ ਤਖ਼ਤ ਸਾਹਿਬਾਨ ਵਿੱਚੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਤਖ਼ਤ ਹੈ ਅਤੇ ਖ਼ਾਲਸਾ ਪੰਥ ਦੇ ਵਾਲੀ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵੀ ਅਤਿ ਸਤਿਕਾਰਤ ਤਖ਼ਤ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਅਤੇ ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਵੱਲੋਂ ਪੁੱਜੇ ਪੱਤਰ ਵਿੱਚ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੁੰਦਿਆਂ ਬੀਤੇ ਸਮੇਂ ਇੱਥੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਕੀਤੇ ਗਏ ਫ਼ੈਸਲਿਆਂ ਉੱਤੇ ਮੁੜ ਵਿਚਾਰ ਲਈ ਬੇਨਤੀ ਕੀਤੀ ਹੈ। ਬੇਨਤੀ ਪ੍ਰਵਾਨ ਕਰਦਿਆਂ ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਪੰਥਕ ਇਕਜੁੱਟਤਾ, ਦੇਸ਼ ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਦੀਆਂ ਭਾਵਨਾਵਾਂ ਅਤੇ ਦੋਵੇਂ ਤਖ਼ਤ ਸਾਹਿਬਾਨ ਦੇ ਮਾਣ-ਸਨਮਾਨ ਦੇ ਮੱਦੇਨਜ਼ਰ ਜੋ ਮਿਤੀ 21 ਮਈ 2025 ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਮਤਾ ਨੰ: 03 ਰਾਹੀਂ ਸਿੰਘ ਸਾਹਿਬ ਜਥੇਦਾਰ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਭਾਈ ਬਲਦੇਵ ਸਿੰਘ ਅਤੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਦੀਆਂ ਪੰਥਕ ਸੇਵਾਵਾਂ ਉੱਪਰ ਰੋਕ ਲਗਾਈ ਗਈ ਸੀ ਉਹ ਪੂਰਨ ਰੂਪ ਵਿੱਚ ਖ਼ਤਮ ਕੀਤੀ ਜਾਂਦੀ ਹੈ।

ਮਿਤੀ 21 ਮਈ 2025 ਦੀ ਇਕੱਤਰਤਾ ਦੇ ਮਤਾ ਨੰ: 04 ਦੇ ਵਿੱਚ ਇਹ ਫੈਸਲਾ ਹੋਰ ਜੋੜਦਿਆਂ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਇਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮਾਣ ਸਤਿਕਾਰ, ਕੌਮੀ ਇਕਜੁੱਟਤਾ ਦੀ ਭਾਵਨਾ ਅਤੇ ਇੱਕ ਜਥੇਦਾਰ ਦੀ ਸਤਿਕਾਰਤ ਪਦਵੀ ਦੇ ਮਾਣ ਸਤਿਕਾਰ ਦੇ ਮੱਦੇਨਜ਼ਰ ਜਿਹੜਾ ਕੇਸ ਪ੍ਰਬੰਧਕ ਕਮੇਟੀ ਦੇ ਵਿਰੁੱਧ ਅਦਾਲਤ ਵਿੱਚ ਪਾਇਆ ਹੋਇਆ ਹੈ ਉਹ ਕੇਸ ਤੁਰੰਤ ਵਾਪਸ ਲੈਣਗੇ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੂੰ ਆਦੇਸ਼ ਹੈ ਕਿ ਉਹ ਗਿਆਨੀ ਰਣਜੀਤ ਸਿੰਘ ਗੌਹਰ ਨਾਲ ਮਿਲ ਬੈਠ ਕੇ ਉਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਦੇ ਬਕਾਇਆ ਸੇਵਾਫਲ/ਫੰਡ ਦੀ ਨਿਯਮਾਂ ਅਨੁਸਾਰ ਅਦਾਇਗੀ ਕਰਨ। ਇਸ ਸਮੁੱਚੇ ਮਾਮਲੇ ਵਿੱਚ ਗਿਆਨੀ ਰਣਜੀਤ ਸਿੰਘ ਗੌਹਰ ਸਮੇਤ ਕੋਈ ਵੀ ਸਬੰਧਤ ਸ਼ਖ਼ਸੀਅਤ ਮੀਡੀਆ/ਸੋਸ਼ਲ ਮੀਡੀਆ ਵਿੱਚ ਕਿਸੇ ਤਰ੍ਹਾਂ ਦੀ ਬਿਆਨਬਾਜ਼ੀ ਨਾ ਕਰੇ।

ਮਤੇ ਵਿੱਚ ਅੱਗੇ ਫੈਸਲਾ ਕੀਤਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ 05 ਜੁਲਾਈ 2025 ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਮਤਾ ਨੰ: 01 ਅਨੁਸਾਰ ਜੋ ਮਤਾ ਪਾਸ ਕੀਤਾ ਗਿਆ ਸੀ ਉਸ ਸਬੰਧੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦਿਆਂ ਪੁੱਜੇ ਬੇਨਤੀ ਪੱਤਰ ਅਤੇ ਕੀਤੀ ਗਈ ਖਿਮਾ ਜਾਚਨਾ ਨੂੰ ਪ੍ਰਵਾਨ ਕਰਦਿਆਂ ਤਖ਼ਤ ਸਾਹਿਬਾਨ ਦੀ ਏਕਤਾ, ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਇਸ ਮਤੇ ਨੂੰ ਵਾਪਸ ਲਿਆ ਜਾਂਦਾ ਹੈ। ਇਸ ਵਿਵਾਦ ਨੂੰ ਸੁਲਝਾਉਣ ਵਿੱਚ ਸਿੱਖ ਪੰਥ ਦੀਆਂ ਭਾਵਨਾਵਾਂ ਅਤੇ ਕੌਮਾਂਤਰੀ ਪੱਧਰ 'ਤੇ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਦੀ ਮਾਨਤਾ ਮੁੱਖ ਕਾਰਨ ਰਹੀ। ਜਥੇਦਾਰ ਗੜਗੱਜ ਨੇ ਦੱਸਿਆ ਕਿ ਉਹ ਖੁਦ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਨਾਲ ਸੰਪਰਕ ਵਿੱਚ ਸਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਵਿਵਾਦ ਦੇ ਹੱਲ ਦਾ ਸਵਾਗਤ ਕੀਤਾ। ਇਸ ਹੱਲ ਨਾਲ ਸਿੱਖ ਪੰਥ ਵਿੱਚ ਇਕਜੁੱਟਤਾ ਅਤੇ ਸਦਭਾਵਨਾ ਨੂੰ ਹੁਲਾਰਾ ਮਿਲਿਆ ਹੈ, ਜਿਸ ਨਾਲ ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵਿੱਚ ਖੁਸ਼ੀ ਦੀ ਲਹਿਰ ਹੈ।



# ਹੁਣ ਭਾਰਤੀਆਂ ਲਈ ਆਸਾਨ ਨਹੀਂ ਹੋਵੇਗਾ ਅਮਰੀਕਾ ਜਾਣਾ

ਨਿਊਯਾਰਕ/ਏ.ਟੀ.ਨਿਊਜ਼: ਭਾਰਤ ਤੋਂ ਬਹੁਤ ਸਾਰੇ ਲੋਕ ਅਮਰੀਕਾ ਵਿੱਚ ਰਹਿੰਦੇ ਹਨ। ਕੁਝ ਉੱਥੇ ਪੜ੍ਹਨ ਲਈ ਗਏ ਹਨ ਅਤੇ ਕੁਝ ਕੰਮ ਕਰਨ ਲਈ। ਕੁਝ ਲੋਕ ਕਈ ਸਾਲਾਂ ਤੋਂ ਅਮਰੀਕਾ ਵਿੱਚ ਵਸੇ ਹੋਏ ਹਨ ਅਤੇ ਕੁਝ ਲੋਕ ਯਾਤਰਾ ਕਰਨ ਲਈ ਅਮਰੀਕਾ ਜਾਂਦੇ ਹਨ।

ਪਹਿਲਾਂ, ਅਮਰੀਕੀ ਵੀਜ਼ਾ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਨਹੀਂ ਸੀ ਅਤੇ ਜੇਬ 'ਤੇ ਬਹੁਤਾ ਅਸਰ ਨਹੀਂ ਪੈਂਦਾ ਸੀ। ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਦੁਆਰਾ ਲਿਆਂਦੇ ਗਏ ਨਵੇਂ ਕਾਨੂੰਨ, ਜਿਸਦਾ ਨਾਮ 'ਵਨ ਬਿਗ ਬਿਊਟੀਫੁੱਲ ਬਿੱਲ' ਹੈ, ਦੇ ਲਾਗੂ ਹੋਣ ਤੋਂ ਬਾਅਦ, ਅਮਰੀਕਾ ਜਾਣਾ ਬਹੁਤ ਮਹਿੰਗਾ ਹੋਣ ਵਾਲਾ ਹੈ।

ਟਰੰਪ ਨੇ ਇਹ ਨਵਾਂ ਕਾਨੂੰਨ ਪਾਸ ਕੀਤਾ ਹੈ ਅਤੇ ਪਿਛਲੇ ਦਿਨੀਂ ਇਸ ਬਿੱਲ 'ਤੇ ਦਸਤਖਤ ਕੀਤੇ ਹਨ। ਇਸ ਕਾਨੂੰਨ ਦੇ ਤਹਿਤ, 2026 ਤੋਂ ਇੱਕ ਨਵੀਂ ਫੀਸ ਲਾਗੂ ਹੋਵੇਗੀ - 'ਵੀਜ਼ਾ ਇੰਟੈਗ੍ਰਿਟੀ ਫੀਸ'।

ਇਸਦੇ ਲਾਗੂ ਹੁੰਦੇ ਹੀ, ਅਮਰੀਕੀ ਵੀਜ਼ਾ ਪਹਿਲਾਂ ਨਾਲੋਂ 2.5 ਗੁਣਾ ਮਹਿੰਗਾ ਹੋ ਜਾਵੇਗਾ। ਇਸਦਾ ਪ੍ਰਭਾਵ ਖਾਸ ਤੌਰ 'ਤੇ ਵਿਦਿਆਰਥੀਆਂ, ਸੈਲਾਨੀਆਂ ਅਤੇ ਆਈਟੀ ਸੈਕਟਰ ਵਿੱਚ ਕੰਮ ਕਰਨ ਵਾਲੇ ਪੇਸ਼ੇਵਰਾਂ 'ਤੇ ਪੈਣ ਵਾਲਾ ਹੈ।



**ਵੀਜ਼ਾ ਇੰਟੈਗ੍ਰਿਟੀ ਫੀਸ ਕੀ ਹੈ ?**

ਇਹ 250 ਡਾਲਰ (ਲਗਭਗ 21,400 ਰੁਪਏ) ਦੀ ਨਵੀਂ ਫੀਸ ਹੈ।

ਇਹ ਫੀਸ 2026 ਤੋਂ ਲਾਗੂ ਹੋਵੇਗੀ। ਇਹ ਫੀਸ ਵਾਪਸ ਨਾ ਹੋਣ ਯੋਗ ਹੋਵੇਗੀ।

ਮਹਿੰਗਾਈ ਦਰ ਦੇ ਆਧਾਰ 'ਤੇ ਇਸਨੂੰ ਹਰ ਸਾਲ ਬਦਲਿਆ ਜਾ ਸਕਦਾ ਹੈ।

ਵੀਜ਼ਾ ਇੰਟੈਗਰਿਟੀ ਫੀਸ ਲਾਗੂ ਕਰਨ ਦਾ ਮਤਲਬ ਹੈ ਕਿ ਜੋ ਵੀਜ਼ਾ ਪਹਿਲਾਂ 16 ਹਜ਼ਾਰ ਰੁਪਏ ਵਿੱਚ ਬਣਾਇਆ ਜਾਂਦਾ ਸੀ, ਹੁਣ 40 ਹਜ਼ਾਰ ਰੁਪਏ ਤੋਂ ਵੱਧ ਦੀ ਕੀਮਤ ਦੇ ਸਕਦਾ ਹੈ।

**ਇਹ ਫੀਸ ਕਿਸ ਨੂੰ ਦੇਣੀ ਪਵੇਗੀ ?**

ਇਹ ਨਵੀਂ ਫੀਸ ਜ਼ਿਆਦਾਤਰ ਗੈਰ-ਪਰਵਾਸੀ ਵੀਜ਼ਾ ਧਾਰਕਾਂ ਨੂੰ ਪ੍ਰਭਾਵਿਤ ਕਰੇਗੀ। ਟੂਰਿਸਟ ਅਤੇ ਬਿਜ਼ਨਸ ਵੀਜ਼ਾ (2-1/2-2) ਨੂੰ ਫੀਸ ਦੇਣੀ ਪਵੇਗੀ।

ਅਮਰੀਕਾ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਹ ਫੀਸ ਦੇਣੀ ਪਵੇਗੀ।

ਨੌਕਰੀ ਲਈ ਅਮਰੀਕਾ ਜਾਣ ਵਾਲੇ ਪੇਸ਼ੇਵਰਾਂ ਨੂੰ ਇਹ ਫੀਸ ਦੇਣੀ ਪਵੇਗੀ।

ਐਕਸਚੇਂਜ ਵਿਜ਼ਟਰ ਵੀਜ਼ਾ (ਏ) ਧਾਰਕਾਂ ਨੂੰ ਵੀ ਇਹ ਫੀਸ ਦੇਣੀ ਪਵੇਗੀ।

ਸਿਰਫ਼ ਡਿਪਲੋਮੈਟਿਕ ਵੀਜ਼ਾ ਧਾਰਕਾਂ (1 ਅਤੇ 7 ਸ਼੍ਰੇਣੀ) ਨੂੰ ਇਸ ਤੋਂ ਛੋਟ ਹੋਵੇਗੀ।

# ਕੈਨੇਡੀਅਨ ਵਸਤਾਂ 'ਤੇ 35 ਫ਼ੀਸਦੀ ਤੱਕ ਟੈਕਸ ਲਗਾ ਸਕਦੇ ਹਨ ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਦੋ ਉੱਤਰੀ ਅਮਰੀਕੀ ਦੇਸ਼ਾਂ ਵਿਚਾਲੇ ਤਣਾਅ ਹੋਰ ਡੂੰਘਾ ਹੁੰਦਾ ਦਿਖਾਈ ਦੇ ਰਿਹਾ ਹੈ ਕਿਉਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਪੱਤਰ ਵਿੱਚ ਟਰੰਪ ਨੇ ਦੱਸਿਆ ਹੈ ਕਿ ਉਹ ਕੈਨੇਡੀਅਨ ਦਰਾਮਦ ਕੀਤੀਆਂ ਵਸਤਾਂ 'ਤੇ ਟੈਕਸ 35 ਫ਼ੀਸਦੀ ਤੱਕ ਵਧਾਉਣਗੇ। ਫ਼ਰਵਰੀ ਵਿੱਚ ਟਰੰਪ ਵੱਲੋਂ ਪਹਿਲਾਂ 25 ਫ਼ੀਸਦੀ ਟੈਕਸ ਐਲਾਨਿਆ ਗਿਆ ਸੀ ਪਰ ਇਹ ਵਾਧੇ ਦਾ ਕਾਰਨ ਕੈਨੇਡਾ ਨੂੰ ਫ਼ੈਂਟਾਨਿਲ ਦੀ ਤਸਕਰੀ 'ਤੇ ਕਾਰਵਾਈ ਕਰਨ ਲਈ ਪ੍ਰੇਰਿਤ ਕਰਨਾ ਦੱਸਿਆ ਗਿਆ ਹੈ। ਵਧੀਆਂ ਦਰਾਂ 1 ਅਗਸਤ ਤੋਂ ਲਾਗੂ ਹੋਣਗੀਆਂ। ਟਰੰਪ ਨੇ ਲਿਖਿਆ, 'ਮੈਨੂੰ ਇਹ ਦੱਸਣਾ ਪਵੇਗਾ ਕਿ ਫ਼ੈਂਟਾਨਿਲ ਕੈਨੇਡਾ ਨਾਲ ਸਾਡੀ ਇਕਲੌਤੀ ਚੁਣੌਤੀ ਨਹੀਂ ਹੈ। ਇਸ ਦੀਆਂ ਕਈ ਟੈਕਸ ਅਤੇ ਗੈਰ-ਟੈਕਸ ਨੀਤੀਆਂ ਅਤੇ ਵਪਾਰਕ ਰੁਕਾਵਟਾਂ ਹਨ।'



ਟਰੰਪ ਦੇ ਪੱਤਰ ਤੋਂ ਕੁਝ ਘੰਟੇ ਪਹਿਲਾਂ ਕਾਰਨੀ ਨੇ ਐਕਸ (ਪਲੇਟਫ਼ਾਰਮ) 'ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੇਅਰ ਸਟਾਰਮਰ ਨਾਲ ਆਪਣੀ ਇੱਕ ਤਸਵੀਰ ਪੋਸਟ ਕੀਤੀ। ਉਨ੍ਹਾਂ ਕਿਹਾ, 'ਆਲਮੀ ਵਪਾਰਕ ਚੁਣੌਤੀਆਂ ਦੇ ਮੱਦੇਨਜ਼ਰ ਦੁਨੀਆ ਕੈਨੇਡਾ ਵਰਗੇ ਭਰੋਸੇਯੋਗ ਆਰਥਿਕ ਭਾਈਵਾਲਾਂ ਵੱਲ ਮੁੜ ਰਹੀ ਹੈ।' ਇਸ ਦੌਰਾਨ ਟਰੰਪ ਨੇ ਕਈ ਦੇਸ਼ਾਂ ਨੂੰ ਟੈਕਸ ਪੱਤਰ ਭੇਜੇ ਹਨ।

# ਟਰੰਪ ਪ੍ਰਸ਼ਾਸਨ ਵੱਲੋਂ 1,300 ਤੋਂ ਵੱਧ ਡਿਪਲੋਮੈਟਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਸੇਵਾਵਾਂ ਖ਼ਤਮ

ਵਾਸ਼ਿੰਗਟਨ/ਏ.ਟੀ. ਨਿਊਜ਼: ਅਮਰੀਕੀ ਵਿਦੇਸ਼ ਵਿਭਾਗ ਨੇ ਵੱਡੀ ਕਾਰਵਾਈ ਕਰਦਿਆਂ 1,300 ਤੋਂ ਵੱਧ ਡਿਪਲੋਮੈਟਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਇਹ ਕਾਰਵਾਈ ਇਸ ਸਾਲ ਦੇ ਸ਼ੁਰੂ ਵਿੱਚ ਟਰੰਪ ਪ੍ਰਸ਼ਾਸਨ ਦੁਆਰਾ ਸ਼ੁਰੂ ਕੀਤੀ ਗਈ ਇੱਕ ਨਾਟਕੀ ਪੁਨਰਗਠਨ ਯੋਜਨਾ ਤਹਿਤ ਕੀਤੀ ਗਈ। ਵਿਦੇਸ਼ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਿਭਾਗ ਅਮਰੀਕਾ ਦੇ ਅੰਦਰ ਕੰਮ ਕਰਨ ਵਾਲੇ 1,107 ਪ੍ਰਸ਼ਾਸਨਿਕ ਅਧਿਕਾਰੀਆਂ ਅਤੇ 246 ਵਿਦੇਸ਼ੀ ਸੇਵਾ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢਣ ਦੇ ਨੋਟਿਸ ਭੇਜ ਰਿਹਾ ਹੈ। ਹਾਲਾਂਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਇਸ ਕਦਮ ਨੂੰ ਵਿਭਾਗ ਨੂੰ ਵਧੇਰੇ ਕੁਸ਼ਲ ਬਣਾਉਣ ਲਈ ਜ਼ਰੂਰੀ ਦੱਸਿਆ ਹੈ, ਪਰ ਮੌਜੂਦਾ ਅਤੇ ਸਾਬਕਾ ਡਿਪਲੋਮੈਟਾਂ ਨੇ ਇਸ ਕਾਰਵਾਈ ਦੀ ਸਖ਼ਤ ਆਲੋਚਨਾ ਕੀਤੀ ਹੈ। ਇਨ੍ਹਾਂ ਡਿਪਲੋਮੈਟਾਂ ਦਾ ਕਹਿਣਾ ਹੈ ਕਿ ਇਹ ਅਮਰੀਕਾ ਦੇ ਪ੍ਰਭਾਵ ਨੂੰ ਕਮਜ਼ੋਰ ਕਰੇਗਾ ਅਤੇ ਵਿਦੇਸ਼ਾਂ ਵਿੱਚ ਮੌਜੂਦਾ ਅਤੇ ਉੱਭਰ ਰਹੇ ਖਤਰਿਆਂ ਦਾ ਮੁਕਾਬਲਾ ਕਰਨ ਦੀ ਉਸਦੀ ਯੋਗਤਾ ਨੂੰ ਪ੍ਰਭਾਵਤ ਕਰੇਗਾ।




# 90 ਦਿਨਾਂ 'ਚ 90 ਵਪਾਰਕ ਸੌਦੇ ਕਰਨ ਦਾ ਟਰੰਪ ਦਾ ਸੁਪਨਾ ਪੂਰਾ ਨਾ ਹੋਇਆ

ਵਾਸ਼ਿੰਗਟਨ/ਏ.ਟੀ.ਨਿਊਜ਼ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੇ ਅਪ੍ਰੈਲ ਵਿੱਚ ਦਰਜਨਾਂ ਦੇਸ਼ਾਂ ਨਾਲ ਵਿਸ਼ਵ ਵਪਾਰਕ ਗੱਲਬਾਤ ਦੇ ਤੇਜ਼ ਦੌਰ ਦਾ ਵਾਅਦਾ ਕੀਤਾ ਸੀ। ਵ੍ਹਾਈਟ ਹਾਊਸ ਦੇ ਵਪਾਰਕ ਸਲਾਹਕਾਰ ਪੀਟਰ ਨਵਾਰੋ ਨੇ 90 ਦਿਨਾਂ ਵਿੱਚ 90 ਸੌਦਿਆਂ ਦੀ ਭਵਿੱਖਬਾਣੀ ਕੀਤੀ ਸੀ। ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਐਲਾਨ ਕੀਤਾ ਸੀ ਕਿ ਹੋਰ ਦੇਸ਼ ਟਰੰਪ ਵੱਲੋਂ 9 ਜੁਲਾਈ ਤੋਂ ਉਨ੍ਹਾਂ ਦੇ ਉਤਪਾਦਾਂ 'ਤੇ ਲਗਾਏ ਜਾਣ ਵਾਲੇ ਭਾਰੀ ਦਰਾਮਦ ਟੈਕਸਾਂ ਜਾਂ ਟੈਰਿਫਾਂ ਤੋਂ ਬਚਣ ਲਈ ਰਿਆਇਤਾਂ ਦੇਣ ਵਾਸਤੇ ਕਾਹਲੇ ਹਨ ਪਰ 90 ਦਿਨ ਬੀਤ ਚੁੱਕੇ ਹਨ ਅਤੇ ਵਪਾਰਕ ਸੌਦਿਆਂ ਦੀ ਗਿਣਤੀ ਦੋ 'ਤੇ ਖੜ੍ਹੀ ਹੈ। ਇੱਕ ਸੌਦਾ ਬਰਤਾਨੀਆ ਨਾਲ ਅਤੇ ਦੂਜਾ ਵੀਅਤਨਾਮ ਨਾਲ ਹੋਇਆ ਹੈ। ਟਰੰਪ ਨੇ ਚੀਨ ਨਾਲ ਇੱਕ ਸੌਦੇ ਦਾ ਖਾਕਾ ਵੀ ਐਲਾਨਿਆ ਹੈ, ਜਿਸ ਦੇ ਵੇਰਵੇ ਅਸਪੱਸ਼ਟ ਹਨ।

ਟਰੰਪ ਨੇ ਹੁਣ ਗੱਲਬਾਤ ਦੀ ਸਮਾਂ-ਸੀਮਾ ਪਹਿਲੀ ਅਗਸਤ ਤੱਕ ਵਧਾ ਦਿੱਤੀ ਹੈ ਅਤੇ ਆਪਣੇ ਧਮਕੀਆਂ ਵਾਲੇ ਟੈਰਿਫਾਂ ਵਿੱਚ ਤਬਦੀਲੀ ਕੀਤੀ ਹੈ, ਜਿਸ ਨਾਲ ਵਿਸ਼ਵ ਵਪਾਰ ਪ੍ਰਣਾਲੀ ਲਗਪਗ ਤਿੰਨ ਮਹੀਨੇ ਪਹਿਲਾਂ ਵਾਲੀ ਸਥਿਤੀ ਵਿੱਚ ਹੈ। ਇੱਕ ਅਨਿਸ਼ਚਿਤਤਾ ਵਾਲੀ ਸਥਿਤੀ ਵਿੱਚ, ਕਿਉਂਕਿ ਕਾਰੋਬਾਰ ਨਿਵੇਸ਼ਾਂ, ਠੇਕਿਆਂ ਅਤੇ ਭਰਤੀ ਬਾਰੇ ਫੈਸਲੇ ਮੁਲਤਵੀ ਕਰ ਰਹੇ ਹਨ। ਅਜਿਹਾ ਇਸ ਵਾਸਤੇ, ਕਿਉਂਕਿ ਉਹ ਨਹੀਂ ਜਾਣਦੇ ਕਿ ਨਿਯਮ ਕੀ ਹੋਣਗੇ।

# ਪਟਿਆਲਾ ਦਾ ਤਸਪ੍ਰੀਤ ਸਿੰਘ ਬਣਿਆ ਅਮਰੀਕਾ 'ਚ ਸਿੱਖ ਪੁਲਿਸ ਅ਼ਫਸਰ

ਪਟਿਆਲਾ ਦਾ ਜੌਰਜ ਤਸਪ੍ਰੀਤ ਸਿੰਘ ਗਿੱਲ ਓਹੀਓ ਕਲੀਵਲੈਂਡ ਅਮਰੀਕਾ ਸ਼ਹਿਰ ਦਾ ਪਹਿਲਾ ਪੰਜਾਬੀ ਸਾਬਤ ਸੂਰਤ ਸਿੱਖ ਪੁਲਿਸ ਅਫ਼ਸਰ ਬਣਨ ਦਾ ਮਾਣ ਹਾਸਲ ਕਰ ਚੁੱਕਾ ਹੈ।

ਜੌਰਜ ਤਸਪ੍ਰੀਤ ਸਿੰਘ ਗਿੱਲ ਸਾਲ 2019 ਵਿੱਚ ਪਟਿਆਲਾ ਤੋਂ ਅਮਰੀਕਾ ਗਿਆ ਸੀ। ਪਹਿਲਾਂ ਉਸ ਨੇ ਯੂ.ਐਸ.ਏ. ਆਰਮੀ ਜੁਆਇਨ ਕੀਤੀ ਅਤੇ ਹੁਣ ਪੁਲਿਸ ਜੁਆਇਨ ਕਰ ਲਈ ਹੈ। ਤਸਪ੍ਰੀਤ ਸਿੰਘ ਗਿੱਲ ਨੇ ਐਫ਼.ਬੀ.ਆਈ. ਦਾ ਵੀ ਟੈਸਟ ਕਲੀਅਰ ਕਰ ਲਿਆ ਸੀ ਪਰ ਉਸ ਨੇ ਪੁਲਿਸ ਵਿੱਚ ਸੇਵਾ ਨਿਭਾਉਣ ਦਾ ਫ਼ੈਸਲਾ ਕੀਤਾ। ਗਿੱਲ ਪਰਿਵਾਰ ਸ਼ਾਹੀ ਸ਼ਹਿਰ ਦਾ ਨਾਮੀ ਪਰਿਵਾਰ ਹੈ। ਤਸਪ੍ਰੀਤ ਸਿੰਘ ਗਿੱਲ ਦੇ ਵੱਡੇ ਭਰਾ ਐਡਵੋਕੇਟ ਕੰਵਰ ਗਿੱਲ ਨਾਮੀ ਸਾਈਕਲਿਸਟ ਹਨ ਅਤੇ ਦੂਜੇ ਵੱਡੇ ਭਰਾ ਕੰਵਰ ਹਰਪ੍ਰੀਤ ਸਿੰਘ ਗਿੱਲ ਉੱਘੇ ਸਮਾਜ ਸੇਵਕ ਅਤੇ ਨਾਮੀ ਕਾਰੋਬਾਰੀ ਹਨ।



ਜੌਰਜ ਦੇ ਪਿਤਾ ਮਰਹੂਮ ਗੁਰਮੀਤ ਸਿੰਘ ਗਿੱਲ ਨਾਮੀ ਸਪੋਰਟਸ ਪ੍ਰਮੋਟਰ ਅਤੇ ਲੋਕ ਸੇਵਾ ਕਰ ਰਹੇ ਸਨ। ਪਰਿਵਾਰ ਨੂੰ ਵੀ ਜੌਰਜ ਦੀ ਇਸ ਪ੍ਰਾਪਤੀ ਉੱਤੇ ਵੱਡਾ ਮਾਣ ਹੈ। ਤਸਪ੍ਰੀਤ ਸਿੰਘ ਗਿੱਲ ਨਾਲ ਜਦੋਂ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਉਹ ਸਾਲ 2019 ਵਿੱਚ ਅਮਰੀਕਾ ਪਹੁੰਚੇ ਤਾਂ ਉਨ੍ਹਾਂ ਨੇ ਸੋਚ ਲਿਆ ਸੀ ਕਿ ਉਹ ਸੁਰੱਖਿਆ ਫ਼ੋਰਸ ਵਿੱਚ ਹੀ ਕੰਮ ਕਰਨਗੇ ਅਤੇ ਅੱਜ ਉਨ੍ਹਾਂ ਨੇ ਇਹ ਮੁਕਾਮ ਹਾਸਲ ਕਰ ਲਿਆ ਹੈ ਅਤੇ ਓਹੀਓ ਕਲੀਵਲੈਂਡ ਸ਼ਹਿਰ ਵਿੱਚ ਉਹ ਪਹਿਲੇ ਸਾਬਤ ਸੂਰਤ ਸਿੱਖ ਪੁਲਿਸ ਅਫ਼ਸਰ ਬਣ ਗਏ ਹਨ। ਇਸ ਗੱਲ ਦਾ ਵੀ ਉਨ੍ਹਾਂ ਮਾਣ ਜਤਾਇਆ ਕਿ ਪਰਿਵਾਰ ਵਿਚੋਂ ਸਭ ਤੋਂ ਛੋਟੇ ਹੁੰਦਿਆਂ ਉਨ੍ਹਾਂ ਨੇ ਇਹ ਮੁਕਾਮ ਹਾਸਲ ਕੀਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Manager: Pardeep Singh    Sub: Editor: Balwinderpal Singh, Dr. Sarbjeet Kaur Jang    Online Interview Host: Balraj Pannu**

**Designer: A.K.V.    Content Composer: S. Jagmohan Singh    US Distributor: Amritsar Times Inc.    Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੀ ਕੈਨੇਡਾ ਅਤੇ ਭਾਰਤ ਵਿਚਾਲੇ ਸੁਧਰ ਸਕਦੇ ਹਨ ਆਪਸੀ ਸਬੰਧ ?

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਅਤੇ ਭਾਰਤ ਵਿਚਾਲੇ ਸਬੰਧ ਇੱਕ ਵਾਰ ਫਿਰ ਪਟੜੀ 'ਤੇ ਆਉਂਦੇ ਨਜ਼ਰ ਆ ਰਹੇ ਹਨ। ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਚੱਲ ਰਹੇ ਲੰਬੇ ਵਿਵਾਦ ਤੋਂ ਬਾਅਦ ਪਿਛਲੇ ਮਹੀਨੇ ਹੋਏ ਸਮਝੌਤੇ ਤੋਂ ਬਾਅਦ ਭਾਰਤ ਅਤੇ ਕੈਨੇਡਾ ਅਗਲੇ ਹਫ਼ਤੇ ਆਪਣੀ ਪਹਿਲੀ ਗੱਲਬਾਤ ਕਰਨ ਲਈ ਤਿਆਰ ਹਨ। ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਦੱਸਿਆ ਕਿ ਗੱਲਬਾਤ ਵਿੱਚ ਸੁਰੱਖਿਆ ਚਿੰਤਾਵਾਂ ਅਤੇ ਕੂਟਨੀਤਕ ਸਬੰਧਾਂ ਨੂੰ ਅਪਗ੍ਰੇਡ ਕਰਨ 'ਤੇ ਚਰਚਾ ਹੋਣ ਦੀ ਉਮੀਦ ਹੈ।

ਦੋਵਾਂ ਪਾਸਿਆਂ ਦੇ ਲੋਕਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਕੈਨੇਡਾ ਦੇ ਸਹਾਇਕ ਡਿਪਟੀ ਮੰਤਰੀ (ਇੰਡੋ-ਪੈਸੀਫਿਕ) ਵੈਲਡਨ ਐਪ ਦੇ ਸੀਨੀਅਰ ਭਾਰਤੀ ਡਿਪਲੋਮੈਟਾਂ ਨਾਲ ਮੀਟਿੰਗ



ਲਈ ਨਵੀਂ ਦਿੱਲੀ ਜਾਣ ਦੀ ਉਮੀਦ ਹੈ, ਜਿੱਥੇ ਉਹ ਸਬੰਧਾਂ ਨੂੰ ਮੁੜ ਨਿਰਮਾਣ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਅਤੇ ਦੋਵਾਂ ਦੇਸ਼ਾਂ ਦੇ ਮੁੱਦਿਆਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਉਪਾਅ 'ਤੇ ਚਰਚਾ ਕਰਨਗੇ। ਦੋਵਾਂ ਡਿਪਲੋਮੈਟਾਂ ਦੇ ਨਾਵਾਂ ਨੂੰ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਗਈ ਹੈ ਹਾਲਾਂਕਿ ਰਸਮੀ ਐਲਾਨ ਅਜੇ ਹੋਣਾ ਬਾਕੀ ਹੈ। ਇਹ ਐਲਾਨ ਅਗਸਤ ਦੇ ਅੰਤ ਤੱਕ ਹੋਣ ਦੀ ਉਮੀਦ ਹੈ।

ਜ਼ਿਕਰਯੋਗ ਹੈ ਕਿ ਭਾਰਤ ਅਤੇ ਕੈਨੇਡਾ ਦੇ ਦੁਵੱਲੇ ਸਬੰਧ ਉਦੋਂ ਟੁੱਟ ਗਏ, ਜਦੋਂ ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਦੋਸ਼ ਲਗਾਇਆ ਕਿ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੈ। ਭਾਰਤ ਨੇ ਇਸ ਦੋਸ਼ ਨੂੰ 'ਬੇਤੁਕਾ' ਕਰਾਰ ਦਿੰਦੇ ਹੋਏ ਖਾਰਜ ਕਰ ਦਿੱਤਾ ਅਤੇ ਦੋਵਾਂ ਧਿਰਾਂ ਨੇ ਵਪਾਰ ਸੌਦੇ 'ਤੇ ਗੱਲਬਾਤ ਨੂੰ ਰੋਕ ਦਿੱਤਾ, ਕੂਟਨੀਤਕ ਸਬੰਧਾਂ ਨੂੰ ਘਟਾ ਦਿੱਤਾ ਅਤੇ ਇੱਕ ਦੂਜੇ ਦੇ ਦਰਜਨਾਂ ਡਿਪਲੋਮੈਟਾਂ ਨੂੰ ਕੱਢ ਦਿੱਤਾ।

ਸਬੰਧਾਂ ਨੂੰ ਮੁੜ ਸਥਾਪਿਤ ਕਰਨ ਦਾ ਫੈਸਲਾ ਉਦੋਂ ਲਿਆ ਗਿਆ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਕੈਨੇਡੀਅਨ ਹਮਰੁਤਬਾ ਮਾਰਕ ਕਾਰਨੀ ਨਾਲ ਪਿਛਲੇ ਮਹੀਨੇ ਕੈਨੇਡੀਅਨ ਰੌਕੀਜ਼ ਦੇ ਇੱਕ ਰਿਜ਼ੋਰਟ, ਕਨਾਨਾਸਕਿਸ ਵਿੱਚ ਜੀ 7 ਸੰਮੇਲਨ ਦੇ ਹਾਸ਼ੀਏ 'ਤੇ ਮੁਲਾਕਾਤ ਕੀਤੀ। ਦੋਵੇਂ ਨੇਤਾ ਸਬੰਧਾਂ ਵਿੱਚ ਸਥਿਰਤਾ ਬਹਾਲ ਕਰਨ ਲਈ 'ਕੈਲੀਬ੍ਰੇਟਡ ਅਤੇ ਰਚਨਾਤਮਕ' ਕਦਮਾਂ 'ਤੇ ਸਹਿਮਤ ਹੋਏ ਅਤੇ ਉਸ ਰੀਸੈਟ ਤੋਂ ਬਾਅਦ ਏਪ ਭਾਰਤ ਦੀ ਯਾਤਰਾ ਕਰਨ ਵਾਲੇ ਪਹਿਲੇ ਸੀਨੀਅਰ ਕੈਨੇਡੀਅਨ ਅਧਿਕਾਰੀ ਹੋਣਗੇ। ਉਨ੍ਹਾਂ ਦੇ ਮਲੇਸ਼ੀਆ ਵਿੱਚ ਆਸੀਆਨ ਨਾਲ ਸਬੰਧਤ ਮੀਟਿੰਗਾਂ ਤੋਂ ਬਾਅਦ ਵਧੀਕ ਸਕੱਤਰ (ਅਮਰੀਕਾ) ਕੇ ਨਾਗਰਾਜ ਨਾਇਡੂ ਨਾਲ ਗੱਲਬਾਤ ਲਈ ਭਾਰਤ ਜਾਣ ਦੀ ਉਮੀਦ ਹੈ।

## ਦੁਨੀਆ ਦੇ ਅਮੀਰ ਲੋਕਾਂ ਨੂੰ ਆਕਰਸ਼ਿਤ ਕਰਨ ਲੱਗਿਆ ਸਾਊਦੀ ਅਰਬ

### ਨਵਾਂ ਕਾਨੂੰਨ ਬਣਾ ਕੇ ਵਿਦੇਸ਼ੀਆਂ ਨੂੰ ਜ਼ਮੀਨ ਖ਼ਰੀਦਣ ਦੀ ਦਿੱਤੀ ਖੁੱਲ੍ਹ

ਰਿਆਦ/ਏ.ਟੀ.ਨਿਊਜ਼: ਸਾਊਦੀ ਅਰਬ ਦੀ ਸਰਕਾਰ ਨੇ ਭਾਰਤੀਆਂ ਸਮੇਤ ਵਿਦੇਸ਼ੀਆਂ ਲਈ ਮਹੱਤਵਪੂਰਨ ਐਲਾਨ ਕੀਤਾ ਹੈ। ਇਸ ਐਲਾਨ ਵਿੱਚ ਸਾਊਦੀ ਸਰਕਾਰ ਨੇ ਵਿਦੇਸ਼ੀਆਂ ਨੂੰ ਜ਼ਮੀਨ ਖ਼ਰੀਦਣ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਕੀਤਾ ਹੈ। ਸਾਊਦੀ ਨੇ ਇੱਕ ਨਵੇਂ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ ਜੋ ਵਿਦੇਸ਼ੀਆਂ ਨੂੰ ਆਰਥਿਕਤਾ ਵਿੱਚ ਵਿਭਿੰਨਤਾ ਲਿਆਉਣ ਅਤੇ ਵਿਦੇਸ਼ੀ ਨਿਵੇਸ਼ ਵਧਾਉਣ ਦੀ ਅਪਣੀ ਯੋਜਨਾ ਦੇ ਹਿੱਸੇ ਵਜੋਂ ਸਥਾਈ ਜਾਇਦਾਦ ਖ਼ਰੀਦਣ ਦੀ ਆਗਿਆ ਦਿੰਦਾ ਹੈ। ਪਿਛਲੇ ਦਿਨੀਂ ਪਾਸ ਕੀਤਾ ਗਿਆ ਇਹ ਕਾਨੂੰਨ ਵਿਦੇਸ਼ੀਆਂ ਨੂੰ ਰਾਜਧਾਨੀ ਰਿਆਦ ਅਤੇ ਲਾਲ ਸਾਗਰ ਦੇ ਤੱਟਵਰਤੀ ਸ਼ਹਿਰ ਜੇਦਾਹ ਦੇ ਖਾਸ ਖੇਤਰਾਂ ਵਿੱਚ ਜ਼ਮੀਨ ਖ਼ਰੀਦਣ ਦੀ ਆਗਿਆ ਦਿੰਦਾ ਹੈ।



ਮਿਡਲ ਈਸਟ ਆਈ ਦੀ ਰਿਪੋਰਟ ਅਨੁਸਾਰ ਜ਼ਮੀਨ ਖ਼ਰੀਦ ਨਾਲ ਸਬੰਧਤ ਇਸ ਕਾਨੂੰਨ ਦੇ ਪਾਸ ਹੋਣ ਦਾ ਪ੍ਰਭਾਵ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਇਸ ਕਦਮ ਨਾਲ ਸਾਊਦੀ ਅਰਬ ਦੇ ਰੀਅਲ ਅਸਟੇਟ ਸਟਾਕ ਵਿੱਚ ਵਾਧਾ ਹੋਇਆ ਹੈ। ਇਹ ਕਾਨੂੰਨ ਜਨਵਰੀ 2026 ਤੋਂ ਲਾਗੂ ਹੋਣ ਦੀ ਉਮੀਦ ਹੈ। ਸਾਊਦੀ ਅਰਬ ਦੀ ਰੀਅਲ ਅਸਟੇਟ ਜਨਰਲ ਅਥਾਰਟੀ ਨੇ ਅਜੇ ਤੱਕ ਇਸ ਨਾਲ ਸਬੰਧਿਤ ਨਿਯਮਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਾਊਦੀ ਅਰਬ ਅਪਣੀ ਰੀਅਲ ਅਸਟੇਟ ਅਤੇ ਸੈਰ-ਸਪਾਟਾ ਵਧਾਉਣ ਦੇ ਦੋਹਰੇ ਟੀਚੇ 'ਤੇ ਕੰਮ ਕਰ ਰਿਹਾ ਹੈ। ਸਾਊਦੀ ਅਰਬ ਦਾ ਉਦੇਸ਼ ਦੁਨੀਆਂ ਦੇ ਅਮੀਰ ਲੋਕਾਂ ਨੂੰ ਆਕਰਸ਼ਿਤ ਕਰਨਾ ਹੈ।

ਸਾਊਦੀ ਅਰਬ ਦੇ ਜਾਇਦਾਦ ਬਾਜ਼ਾਰ ਨੂੰ ਵਿਦੇਸ਼ੀ ਨਿਵੇਸ਼ ਲਈ ਖੋਲ੍ਹਣਾ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ (ਐਮ.ਬੀ.ਐਸ.) ਦੇ 'ਵਿਜ਼ਨ 2030' ਪ੍ਰਾਜੈਕਟ ਦਾ ਹਿੱਸਾ ਹੈ। ਯੋਜਨਾ ਸੈਰ-ਸਪਾਟਾ, ਖ਼ਾਸ ਕਰ ਕੇ ਸਾਊਦੀ ਅਰਬ ਦੇ ਲਾਲ ਸਾਗਰ ਤੱਟ ਨੂੰ ਵਿਦੇਸ਼ੀ ਲੋਕਾਂ ਲਈ ਖੋਲ੍ਹਣ 'ਤੇ ਜ਼ੋਰ ਦਿੰਦੀ ਹੈ। ਇਸ ਯੋਜਨਾ ਦਾ ਉਦੇਸ਼ ਤੇਲ 'ਤੇ ਸਾਊਦੀ ਅਰਥਵਿਵਸਥਾ ਦੀ ਨਿਰਭਰਤਾ ਨੂੰ ਘਟਾਉਂਦੇ ਹੋਏ ਹੋਰ ਖੇਤਰਾਂ ਦਾ ਵਿਕਾਸ ਕਰਨਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਸਾਊਦੀ ਅਰਬ ਦੀ ਕੈਪੀਟਲ ਮਾਰਕੀਟ ਅਥਾਰਟੀ ਨੇ ਮੱਕਾ ਅਤੇ ਮਦੀਨਾ ਵਰਗੇ ਸ਼ਹਿਰਾਂ ਵਿੱਚ ਰੀਅਲ ਅਸਟੇਟ ਕੰਪਨੀਆਂ ਵਿੱਚ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦਿੱਤੀ ਸੀ, ਜਿਨ੍ਹਾਂ ਦਾ ਧਾਰਮਿਕ ਮਹੱਤਵ ਹੈ। ਵਿਦੇਸ਼ੀਆਂ ਨੂੰ ਨਿਵੇਸ਼ ਕਰਨ ਦੀ ਇਜਾਜ਼ਤ ਦੇਣ ਦੇ ਇਤਿਹਾਸਕ ਫ਼ੈਸਲੇ ਨੇ ਦੁਨੀਆਂ ਭਰ ਦੇ ਨਿਵੇਸ਼ਕਾਂ ਲਈ ਮੱਕਾ ਅਤੇ ਮਦੀਨਾ ਵਿੱਚ ਰੀਅਲ ਅਸਟੇਟ ਦੇ ਦਰਵਾਜ਼ੇ ਖੋਲ੍ਹ ਦਿਤੇ ਹਨ।

## ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ: ਅਮਰੀਕੀ ਸ.ਫਾਰਤ.ਖ਼ਾਨਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਵਿੱਚ ਸਥਿਤ ਅਮਰੀਕੀ ਸ.ਫਾਰਤਖ਼ਾਨੇ ਨੇ ਅਮਰੀਕੀ ਵੀਜ਼ਾ ਧਾਰਕ ਭਾਰਤੀਆਂ ਨੂੰ ਤੈਅ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਚਿਤਾਵਨੀ ਵਿੱਚ ਸਾਫ਼ ਕਿਹਾ ਗਿਆ ਹੈ ਕਿ ਅਜਿਹਾ ਕਰਨ ਵਿੱਚ ਨਾਕਾਮ ਰਹਿਣ 'ਤੇ ਵੀਜ਼ਾ ਰੱਦ ਕਰ ਕੇ ਸਬੰਧਿਤ ਵਿਅਕਤੀ ਨੂੰ ਅਮਰੀਕਾ ਵਿਚੋਂ ਡਿਪੋਰਟ ਕੀਤਾ ਜਾ ਸਕਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਦੂਤਾਵਾਸ ਨੇ ਕਿਹਾ, 'ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ। ਅਸੀਂ ਇਹ ਯਕੀਨੀ ਬਣਾਉਣ ਲਈ ਵੀਜ਼ਾ ਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਦੇ ਹਨ



ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਦੇਵਾਂਗੇ'। ਗ਼ੌਰਤਲਬ ਹੈ ਕਿ ਪਹਿਲਾਂ ਅਮਰੀਕਾ ਨੇ ਇੱਕ ਸਲਾਹ ਜਾਰੀ ਕੀਤੀ ਸੀ ਜਿਸ ਵਿੱਚ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੇ ਵੇਰਵੇ ਮੁਹੱਈਆ ਕਰਾਉਣੇ ਜ਼ਰੂਰੀ ਕੀਤੇ ਗਏ ਸਨ। ਇਸ ਦਾ ਮਕਸਦ ਇਨ੍ਹਾਂ ਵੀਜ਼ਾ ਖ਼ਾਤਿਆਂ ਦੀ ਅਮਰੀਕੀ ਕਾਨੂੰਨਾਂ ਦੇ ਉਲਟ ਕਿਸੇ ਵੀ ਸਮੱਗਰੀ ਜਾਂ ਵਿਚਾਰਾਂ ਲਈ ਇਨ੍ਹਾਂ ਦੀ ਪੜਤਾਲ ਕਰਨਾ ਹੈ।

## ਅਜੇ ਆਸਾਨੀ ਨਾਲ ਨਹੀਂ ਮਿਲੇਗਾ ਯੂ.ਏ.ਈ. ਦਾ ਗੋਲਡਨ ਵੀਜ਼ਾ

### ਯੂ.ਏ.ਈ. ਵੱਲੋਂ ਕੁੱਝ ਮੁਲਕਾਂ ਦੇ ਲੋਕਾਂ ਨੂੰ ਤਾਉਮਰ ਗੋਲਡਨ ਵੀਜ਼ਾ ਦੇਣ ਸਬੰਧੀ ਮੀਡੀਆ ਰਿਪੋਰਟਾਂ ਦਾ ਖੰਡਨ



ਦੁਬਈ/ਏ.ਟੀ.ਨਿਊਜ਼: ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀ ਪਛਾਣ, ਨਾਗਰਿਕਤਾ, ਚੁੰਗੀ ਅਤੇ ਬੰਦਰਗਾਹ ਸੁਰੱਖਿਆ ਸਬੰਧੀ ਫੈਡਰੇਸ਼ਨ ਅਥਾਰਿਟੀ (ਆਈ.ਸੀ.ਪੀ.) ਨੇ ਦੇਸ਼ ਵੱਲੋਂ ਕੁੱਝ ਮੁਲਕਾਂ ਦੇ ਲੋਕਾਂ ਨੂੰ ਤਾਉਮਰ ਗੋਲਡਨ ਵੀਜ਼ਾ ਦੇਣ ਸਬੰਧੀ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਹੈ। ਕੁੱਝ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਯੂ.ਏ.ਈ. ਅਧਿਕਾਰੀਆਂ ਵੱਲੋਂ ਗੋਲਡਨ ਵੀਜ਼ਾ ਸਬੰਧੀ ਅਰਜ਼ੀਆਂ ਦੀ ਪੁਸ਼ਟੀ ਕਰਨ ਅਤੇ ਅੱਗੇ ਭੇਜਣ ਲਈ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਆਈ.ਸੀ.ਪੀ. ਨੇ ਕਿਹਾ ਕਿ ਕੁੱਝ ਸਥਾਨਕ ਮੀਡੀਆ ਨੇ ਇਸ ਖ਼ਬਰ ਦੀ ਗ਼ਲਤ ਵਿਆਖਿਆ ਕੀਤੀ ਅਤੇ ਇਸ ਨੂੰ ਗੋਲਡਨ ਵੀਜ਼ਾ ਪ੍ਰਾਪਤ ਕਰਨ ਦਾ ਇੱਕ ਸਿੱਧਾ ਤਰੀਕਾ ਦੱਸਿਆ, ਜੋ ਸੱਚ ਨਹੀਂ ਹੈ। ਆਈ.ਸੀ.ਪੀ. ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਰੀਆਂ ਗੋਲਡਨ ਵੀਜ਼ਾ ਅਰਜ਼ੀਆਂ ਯੂ.ਏ.ਈ. ਦੇ ਅੰਦਰ ਅਧਿਕਾਰਤ ਸਰਕਾਰੀ ਚੈਨਲਾਂ ਰਾਹੀਂ ਨਿਪਟਾਈਆਂ ਜਾਂਦੀਆਂ ਹਨ।

## ਸ਼ੇਰਾਂ ਨੂੰ ਪਾਲਤੂ ਜਾਨਵਰ ਵਜੋਂ ਰੱਖਣ ਦਾ ਵਧਿਆ ਰੁਝਾਨ

### .ਗੈਰ ਕਾਨੂੰਨੀ ਢੰਗ ਨਾਲ ਸ਼ੇਰਾਂ ਨੂੰ ਘਰਾਂ ਵਿੱਚ ਪਾਲ ਰਹੇ ਹਨ ਪਾਕਿਸਤਾਨ ਦੇ ਲੋਕ

ਲਾਹੌਰ/ਏ.ਟੀ.ਨਿਊਜ਼: ਪਾਕਿਸਤਾਨ ਵਿੱਚ ਇੱਕ ਖ਼ਤਰਨਾਕ ਰੁਝਾਨ ਵਧਦਾ ਜਾ ਰਿਹਾ ਹੈ। ਇੱਥੇ ਲੋਕ .ਗੈਰ ਕਾਨੂੰਨੀ ਢੰਗ ਨਾਲ ਸ਼ੇਰਾਂ ਨੂੰ ਘਰਾਂ ਵਿੱਚ ਪਾਲ ਰਹੇ ਹਨ। ਪਾਕਿਸਤਾਨ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਪੰਜਾਬ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰੱਖੇ 18 ਪਾਲਤੂ ਸ਼ੇਰਾਂ ਨੂੰ ਜ਼ਬਤ ਕੀਤਾ ਹੈ। ਪਿਛਲੇ ਹਫ਼ਤੇ ਪੰਜਾਬ ਦੇ ਲਾਹੌਰ ਵਿੱਚ ਇੱਕ ਸ਼ੇਰ ਪਿੰਜਰੇ ਵਿੱਚੋਂ ਭੱਜ ਗਿਆ ਅਤੇ ਉਸ ਨੇ ਇੱਕ ਔਰਤ ਅਤੇ ਦੋ ਬੱਚਿਆਂ ਨੂੰ ਜ਼ਖਮੀ ਕਰ ਦਿੱਤਾ, ਜਿਸ ਤੋਂ ਬਾਅਦ ਸੂਬੇ ਵਿੱਚ ਸ਼ੇਰ ਰੱਖਿਅਕਾਂ ਵਿਰੁੱਧ ਗੁੱਸਾ ਦੇਖਿਆ ਗਿਆ। ਹਮਲੇ ਵਿੱਚ ਔਰਤ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਝਰੀਟਾਂ ਆਈਆਂ ਜਦੋਂ ਕਿ ਪੰਜ ਅਤੇ ਸੱਤ ਸਾਲ ਦੇ ਦੋ ਬੱਚਿਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਸ਼ੇਰ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਇਸ ਘਟਨਾ ਤੋਂ ਬਾਅਦ ਪਾਕਿਸਤਾਨੀ ਅਧਿਕਾਰੀਆਂ ਨੇ .ਗੈਰ-ਕਾਨੂੰਨੀ ਸ਼ੇਰਾਂ ਵਿਰੁੱਧ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ, ਪਰ ਉੱਥੇ ਪਾਲਤੂ ਸ਼ੇਰਾਂ ਨੂੰ ਰੱਖਣ 'ਤੇ ਪਾਬੰਦੀ ਲਗਾਉਣਾ ਬਹੁਤ ਮੁਸ਼ਕਲ ਹੈ। ਪਾਕਿਸਤਾਨ ਦੇ ਲੋਕ ਅਕਸਰ ਸਮਾਜ ਵਿੱਚ ਆਪਣਾ ਦਬਦਬਾ ਦਿਖਾਉਣ ਲਈ ਸ਼ੇਰ ਪਾਲਦੇ ਹਨ। ਪਾਕਿਸਤਾਨ ਵਿੱਚ ਹਾਲ ਹੀ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਕਾਰਨ ਸ਼ੇਰਾਂ ਨੂੰ ਪਾਲਤੂ ਜਾਨਵਰ ਵਜੋਂ ਰੱਖਣ ਦਾ ਰੁਝਾਨ ਵਧਿਆ ਹੈ।ਪੰਜਾਬ ਦੇ ਜੰਗਲੀ ਜੀਵ ਅਤੇ ਪਾਰਕ ਵਿਭਾਗ ਦਾ ਕਹਿਣਾ ਹੈ ਕਿ ਸੂਬੇ ਭਰ ਵਿੱਚ ਘਰਾਂ ਅਤੇ ਪ੍ਰਜਨਨ ਫਾਰਮਾਂ ਵਿੱਚ 584 ਸ਼ੇਰ



ਅਤੇ ਬਾਘ ਹਨ। ਯੂਨਾਈਟਿਡ ਸਟੇਟਸ ਸੈਂਟਰ ਫਾਰ ਐਨੀਮਲ ਲਾਅ ਸਟੱਡੀਜ਼ ਵਿੱਚ ਇੱਕ ਵਿਜ਼ਿਟਿੰਗ ਅਸਿਸਟੈਂਟ ਪ੍ਰੋਫੈਸਰ ਹੀਰਾ ਜਲੀਲ ਨੇ ਪਾਕਿਸਤਾਨ ਵਿੱਚ ਜਾਨਵਰਾਂ ਦੇ ਕਾਨੂੰਨ 'ਤੇ ਕੰਮ ਕੀਤਾ ਹੈ। ਉਹ ਦੱਸਦੀ ਹੈ ਕਿ ਪਾਕਿਸਤਾਨ ਵਿੱਚ ਬਹੁਤ ਸਾਰੇ ਲੋਕ ਹਨ ਜੋ .ਗੈਰ-ਕਾਨੂੰਨੀ ਤੌਰ 'ਤੇ ਸ਼ੇਰਾਂ ਨੂੰ ਰੱਖਦੇ ਹਨ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਉਸਨੇ ਕਿਹਾ, 'ਮੇਰੇ ਕੁਝ ਦੋਸਤ ਮੈਨੂੰ ਦੱਸਦੇ ਹਨ ਕਿ ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੇ ਘਰਾਂ ਵਿੱਚ ਸ਼ੇਰ ਦੇਖੇ ਹਨ। ਉਹ ਕਹਿੰਦੇ ਹਨ ਕਿ ਕੁਝ ਲੋਕ ਗੱਡੀ ਦੀ ਪਿਛਲੀ ਸੀਟ 'ਤੇ ਸ਼ੇਰ ਲੈ ਕੇ ਜਾਂਦੇ ਹਨ ਅਤੇ ਕੁਝ ਤਾਂ ਆਪਣੇ ਪਾਲਤੂ ਸ਼ੇਰਾਂ ਨੂੰ ਸੈਰ ਲਈ ਵੀ ਲੈ ਜਾਂਦੇ ਹਨ ਜਿਵੇਂ ਉਹ ਪਾਲਤੂ ਕੁੱਤੇ ਹੋਣ। ਉਸਨੇ ਦੱਸਿਆ ਕਿ ਬਹੁਤ ਸਾਰੇ ਸ਼ੇਰਾਂ ਨੂੰ ਮਾੜੀ ਹਾਲਤ ਵਿੱਚ ਰੱਖਿਆ ਜਾਂਦਾ ਹੈ। ਉਸਨੇ ਕਿਹਾ, 'ਲੋਕ ਆਪਣੇ ਘਰਾਂ ਦੇ ਵਿਹੜੇ ਵਿੱਚ ਖਾਲੀ ਥਾਵਾਂ 'ਤੇ ਮਾੜੀ ਹਾਲਤ ਵਿੱਚ ਸ਼ੇਰਾਂ ਨੂੰ ਰੱਖਦੇ ਹਨ। ਲੋਕ ਉਨ੍ਹਾਂ ਦੇ

(ਬਾਕੀ ਸ.ਫਾ 30 'ਤੇ)



# ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਮੁੜ ਭੜਕਿਆ

## ਰਿਪੇਰੀਅਨ ਕਾਨੂੰਨਾਂ ਤਹਿਤ ਹੱਲ ਹੋਵੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ


**ਜਗਮੋਹਨ ਸਿੰਘ**

ਇਸ ਸਮੇਂ ਇੱਕ ਵਾਰ ਫ਼ੇਰ ਪੰਜਾਬ ਦੇ ਪਾਣੀਆਂ ਨੂੰ ਰਿੜਕਿਆ ਜਾ ਰਿਹਾ ਹੈ। ।ਹੁਣ ਐਸ. ਵਾਈ. ਐਲ. ਨਹਿਰ ਦਾ ਮਾਮਲਾ ਚਰਚਾ ਵਿੱਚ ਹੈ, ਜੋ ਕਿ ਬਹੁਤ ਸੰਵੇਦਨਸ਼ੀਲ ਬਣ ਚੁੱਕਿਆ ਹੈ। 'ਐਸ.ਵਾਈ.ਐਲ.ਨਹਿਰ' ਦਾ ਵਿਵਾਦ ਹੱਲ ਕਰਨ ਸਬੰਧੀ ਬੀਤੀ 9 ਜੁਲਾਈ ਨੂੰ ਕੇਂਦਰ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਦੀ ਅਗਵਾਈ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵਿਚਾਲੇ ਮੀਟਿੰਗ ਹੋਈ ਹੈ। ਇਸ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਡਟ ਕੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕ ਵਿੱਚ ਸਟੈਂਡ ਲਿਆ ਹੈ ਅਤੇ ਕਿਹਾ ਹੈ ਕਿ ਪੰਜਾਬ ਵਿੱਚ ਐਸ.ਵਾਈ.ਐਲ. ਨਹਿਰ ਨਹੀਂ ਬਣੇਗੀ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜੇ ਝਨਾਂ ਅਤੇ ਰਾਵੀ ਦਰਿਆਵਾਂ ਦਾ ਪਾਣੀ ਪੰਜਾਬ ਨੂੰ ਦਿੱਤਾ ਜਾਵੇ ਤਾਂ ਪੰਜਾਬ ਨੂੰ ਹਰਿਆਣਾ ਨੂੰ ਪਾਣੀ ਦੇਣ ਵਿੱਚ ਕੋਈ ਦਿੱਕਤ ਨਹੀਂ ਹੈ। ਉਹਨਾਂ ਕਿਹਾ ਕਿ ਅਸੀਂ ਭਾਈ ਘਨਈਆ ਦੇ ਵਾਰਸ ਹਾਂ, ਅਸੀਂ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਇਆ ਹੈ, ਹਰਿਆਣਾ ਤਾਂ ਸਾਡਾ ਭਰਾ ਹੈ। ਸੁਖਾਵੇਂ ਮਾਹੌਲ ਵਿੱਚ ਹੋਈ ਚੌਥੇ ਗੇੜ ਦੀ ਇਹ ਮੀਟਿੰਗ ਵੀ ਬੇਨਤੀਜਾ ਰਹੀ।

ਐਸ.ਵਾਈ.ਐਲ. ਮੁੱਦੇ 'ਤੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਪਹਿਲੀ ਮੀਟਿੰਗ 18 ਅਗਸਤ 2020 ਨੂੰ ਹੋਈ ਸੀ। ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਵਿਚਾਲੇ ਦੂਜੀ ਮੀਟਿੰਗ 14 ਅਕਤੂਬਰ 2022 ਨੂੰ ਹੋਈ ਸੀ। ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਾਲੇ ਤੀਜੀ ਮੀਟਿੰਗ 4 ਜਨਵਰੀ 2023 ਨੂੰ ਹੋਈ ਸੀ। ਹੁਣ ਚੌਥੇ ਗੇੜ ਦੀ ਬੀਤੀ 9 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਵੀ ਐਸ.ਵਾਈ.ਐਲ. ਨਹਿਰ ਸਬੰਧੀ ਕੋਈ ਨਤੀਜਾ ਨਾ ਨਿਕਲਣ ਕਾਰਨ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਾਲੇ ਅਗਲੀ ਮੀਟਿੰਗ 5 ਅਗਸਤ ਨੂੰ ਹੋਵੇਗੀ। ਐਸ.ਵਾਈ.ਐਲ. ਨਹਿਰ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਵਿਵਾਦ ਨਵਾਂ ਨਹੀਂ ਹੈ। ਜਦੋਂ 1966 ਵਿੱਚ ਪੰਜਾਬ ਦਾ ਪੁਨਰਗਠਨ ਕਰਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੱਖਰੇ ਸੂਬੇ ਬਣਾਏ ਗਏ ਸਨ ਤਾਂ ਉਦੋਂ ਤੋਂ ਹੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ ਚਲਿਆ ਆ ਰਿਹਾ ਹੈ। ਇਸ ਤੋਂ ਬਾਅਦ 8 ਅਪ੍ਰੈਲ 1982 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਪਿੰਡ ਕਪੂਰੀ ਵਿਖੇ ਸਤਲੁਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਬਣਾਉਣ ਦੇ ਕੰਮ ਦੀ ਸ਼ੁਰੂਆਤ ਚਾਂਦੀ ਦੀ ਕਹੀ ਨਾਲ ਟੱਕ ਲਗਾ ਕੇ ਕੀਤੀ ਗਈ ਸੀ। ਇੱਕ ਪਾਸੇ 8 ਅਪ੍ਰੈਲ 1982 ਨੂੰ ਜਦੋਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਪਿੰਡ ਕਪੂਰੀ ਵਿਖੇ ਸਤਲੁਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਦਾ ਚਾਂਦੀ ਦੀ ਕਹੀ ਨਾਲ ਟੱਕ ਲਗਾਇਆ ਜਾ ਰਿਹਾ ਸੀ, ਉਸੇ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਵਲੋਂ ਸਤਲੁਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਦੇ ਵਿਰੋਧ ਵਿੱਚ ਮੋਰਚਾ ਲਗਾ ਦਿੱਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਸਤਲੁਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਦਾ ਮਾਮਲਾ ਪੰਜਾਬ ਲਈ ਬਹੁਤ ਸੰਵੇਦਨਸ਼ੀਲ ਬਣ ਚੁੱਕਿਆ ਹੈ।

ਸਤਲੁਜ ਯਮੁਨਾ ਲਿੰਕ ਨਹਿਰ (ਐਸ. ਵਾਈ. ਐਲ. ਨਹਿਰ ) ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਵਸੇ ਪਿੰਡ ਸਰਾਲਾ ਕਲਾਂ ਤੋਂ ਆਰੰਭ ਹੁੰਦੀ ਹੈ। ਇਸ ਨਹਿਰ ਲਈ ਚਾਰ ਜ਼ਿਲ੍ਹਿਆਂ ਦੇ 202 ਪਿੰਡਾਂ ਦੀ 4261 ਏਕੜ ਜ਼ਮੀਨ ਐਕਵਾਇਰ ਕੀਤੀ ਗਈ ਸੀ। ਇਸ ਲੇਖਕ ਵੱਲੋਂ ਰਾਜਪੁਰਾ ਨੇੜੇ ਸਤਲੁਜ ਯਮੁਨਾ ਲਿੰਕ ਨਹਿਰ ਦਾ ਦੌਰਾ ਕਰਕੇ ਵੇਖਿਆ ਗਿਆ ਕਿ ਇਸ ਨਹਿਰ ਵਿੱਚ ਇਸ ਸਮੇਂ ਜੰਗਲੀ ਘਾਹ ਫ਼ੂਸ, ਗਾਜਰ ਬੂਟੀ, ਗੰਦਾ ਪਾਣੀ, ਕੂੜੇ, ਗੰਦਗੀ ਦੀ ਭਰਮਾਰ ਹੈ। ਇਸ ਤੋਂ ਇਲਾਵਾ ਇਸ ਨਹਿਰ ਵਿੱਚ ਘੁੰਮਦੇ ਫ਼ਿਰਦੇ ਜੰਗਲੀ ਜਾਨਵਰ, ਆਵਾਰਾ ਕੁੱਤੇ ਅਤੇ ਆਵਾਰਾ ਪਸ਼ੂ ਇਸ ਨਹਿਰ ਦੀ ਮੌਜੂਦਾ ਸਥਿਤੀ ਨੂੰ ਬਿਆਨ ਕਰਦੇ ਹਨ।

ਐਸ. ਵਾਈ. ਐਲ. ਨਹਿਰ ਦੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਇਸ ਗਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਨਹਿਰ ਦੇ ਕੰਮ ਦੀ ਸ਼ੁਰੂਆਤ ਮੌਕੇ ਲੱਗੇ ਮੋਰਚੇ ਤੋਂ ਬਾਅਦ ਪੰਜਾਬ ਵਿੱਚ ਮੰਦਭਾਗੇ ਘਟਨਾਕ੍ਰਮ ਦਾ ਦੌਰ ਅਜਿਹਾ ਸ਼ੁਰੂ ਹੋ ਗਿਆ, ਜਿਸ ਨੇ ਪੰਜਾਬ ਵਾਸੀਆਂ ਨੂੰ ਆਪਣੀ ਪੂਰੀ ਲਪੇਟ ਵਿਚ ਲੈ ਲਿਆ। ਇਸ ਮੋਰਚੇ ਤੋਂ ਬਾਅਦ ਖਾੜਕੂਵਾਦ ਦੇ ਪੈਦਾ ਹੋਣ, ਸ੍ਰੀ ਦਰਬਾਰ ਸਾਹਿਬ ਉੱਪਰ ਹਮਲਾ, ਉਸ ਤੋਂ ਬਾਅਦ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ, ਦਿੱਲੀ, ਕਾਨਪੁਰ, ਬੋਕਾਰੋ ਅਤੇ ਹੋਰ ਸ਼ਹਿਰਾਂ ਵਿੱਚ ਸਿੱਖ ਕਤਲੇਆਮ ਸਮੇਤ ਬਹੁਤ ਕੁਝ ਅਜਿਹਾ ਵਾਪਰਿਆ ਕਿ ਜਿਸ ਦਾ ਸੇਕ ਵੱਡੀ ਗਿਣਤੀ ਪੰਜਾਬੀਆਂ ਨੂੰ ਲੱਗਿਆ।




ਜ਼ਿਕਰਯੋਗ ਹੈ ਕਿ ਸਾਲ 2016 ਦੇ ਨਵੰਬਰ ਮਹੀਨੇ ਵਿੱਚ ਵੀ ਪੰਜਾਬ ਦੇ ਪਾਣੀਆਂ ਅਤੇ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਇੱਕ ਦਮ ਹੀ ਕਾਫ਼ੀ ਭੜਕ ਗਿਆ ਸੀ। ਅਸਲ ਵਿੱਚ 10 ਨਵੰਬਰ 2016 ਨੂੰ ਭਾਰਤ ਦੇ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਵਿਚਾਲੇ ਚਲ ਰਹੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਵਿਵਾਦ ਸਬੰਧੀ ਆਪਣਾ ਫ਼ੈਸਲਾ ਹਰਿਆਣਾ ਦੇ ਹੱਕ ਵਿੱਚ ਦੇ ਦਿੱਤਾ ਸੀ। ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਡਵੀਜ਼ਨਲ ਬੈਂਚ ਨੇ ਆਪਣੇ ਫ਼ੈਸਲੇ ਵਿੱਚ ਪੰਜਾਬ ਨੂੰ ਵੱਡਾ ਝਟਕਾ ਦਿੰਦਿਆਂ ਕਿਹਾ ਸੀ ਕਿ ਸਤਲੁਜ ਯਮੁਨਾ ਲਿੰਕ ਨਹਿਰ ਨੂੰ ਜਲਦੀ ਮੁਕੰਮਲ ਕੀਤਾ ਜਾਵੇ। ਇਸ ਦੇ ਨਾਲ ਹੀ ਜੱਜਾਂ ਦੀ ਇਸ ਬੈਂਚ ਨੇ ਕਿਹਾ ਸੀ ਕਿ ਸਾਲ 2004 ਵਿੱਚ ਪੰਜਾਬ ਵਿਧਾਨ ਸਭਾ ਨੇ ਪਾਣੀ ਸਮਝੌਤਿਆਂ ਨੂੰ ਰੱਦ ਕਰਨ ਸਬੰਧੀ ਜੋ ਪੰਜਾਬ ਟਰਮੀਨੇਸਨ ਆਫ਼ ਵਾਟਰ ਐਗਰੀਮੈਂਟ ਬਣਾਇਆ ਸੀ ਉਹ ਗੈਰ ਸੰਵਿਧਾਨਕ ਸੀ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਜਿਥੇ ਹਰਿਆਣਾ ਨੂੰ ਵੱਡੀ ਰਾਹਤ ਮਿਲੀ ਸੀ, ਉਥੇ ਹੀ ਪੰਜਾਬ ਨੂੰ ਬਹੁਤ ਵੱਡਾ ਝਟਕਾ ਲੱਗਿਆ ਸੀ।

ਪੰਜਾਬ ਦੇ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਦੇ ਦਰਿਆਵਾਂ ਉੱਪਰ ਸਿਰਫ਼ ਪੰਜਾਬ ਦਾ ਹੱਕ ਹੈ ਅਤੇ ਇਹ ਹੱਕ ਪੰਜਾਬ ਨੂੰ ਰਿਪੇਰੀਅਨ ਕਾਨੂੰਨ ਤਹਿਤ ਮਿਲਿਆ ਹੋਇਆ ਹੈ। ਰਿਪੇਰੀਅਨ ਹੱਕ ਦਾ ਮਤਲਬ ਹੈ ਕਿ ਪਾਣੀ ਜਿਸ ਜਮੀਨ ਵਿੱਚੋਂ ਕੁਦਰਤੀ ਤੌਰ 'ਤੇ ਵਹਿੰਦਾ ਹੈ, ਉਸ ਦੀ ਵਰਤੋਂ ਕਰਨ ਅਧਿਕਾਰ ਉਸ ਜਮੀਨ ਦੇ ਮਾਲਕਾਂ ਦਾ ਹੈ। ਇਹ ਪਾਣੀ ਦੀ ਵਰਤੋਂ ਪੀਣ ਅਤੇ ਸਿੰਚਾਈ ਵਾਸਤੇ ਕੀਤੀ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਨਰਮਦਾ ਦਰਿਆ ਦੇ ਪਾਣੀਆਂ 'ਤੇ ਰਾਜਸਥਾਨ ਸਰਕਾਰ ਵੱਲੋਂ ਜਤਾਏ ਗਏ ਹੱਕ ਨੂੰ ਪਾਰਲੀਮੈਂਟ ਦੇ ਕਾਨੂੰਨ ਦੁਆਰਾ ਸਥਾਪਤ ਕੀਤੇ ਨਰਮਦਾ ਵਾਟਰ ਡਿਸਪਿਊਟ ਟ੍ਰਿਬਿਊਨਲ ਨੇ ਰੱਦ ਕਰਦੇ ਹੋਏ ਫ਼ੈਸਲਾ ਸੁਣਾਇਆ ਸੀ ਕਿ ਰਾਜਸਥਾਨ ਵਿੱਚੋਂ ਨਰਮਦਾ ਦਰਿਆ ਦਾ ਕੋਈ ਹਿੱਸਾ ਲੰਘਦਾ ਨਾ ਹੋਣ ਕਾਰਨ ਰਾਜਸਥਾਨ ਇਸ ਦਰਿਆ ਦਾ ਗੈਰ ਰਿਪੇਰੀਅਨ ਸੂਬਾ ਹੈ ਤੇ ਇਸ ਲਈ ਨਰਮਦਾ ਦਰਿਆ ਵਿੱਚੋਂ ਇੱਕ ਬੂੰਦ ਪਾਣੀ ਦਾ ਵੀ ਹੱਕਦਾਰ ਨਹੀਂ ਬਣਦਾ। ਕੇਂਦਰ ਨੇ 1955 ਵਿੱਚ ਹਰੀਕੇ ਹੈੱਡ ਵਰਕਸ ਤੋਂ ਧੱਕੇ ਨਾਲ 18500 ਕਿਊਸਕ ਦੀ ਰਾਜਸਥਾਨ ਨਹਿਰ ਕੱਢ ਕੇ ਸਤਲੁਜ ਤੇ ਬਿਆਸ ਦਰਿਆਵਾਂ ਦਾ ਪਾਣੀ ਮੁਫ਼ਤ ਵਿੱਚ ਰਾਜਸਥਾਨ ਦਿੱਤਾ ਗਿਆ, ਜਦ ਕਿ ਸਤਲੁਜ, ਬਿਆਸ ਅਤੇ ਰਾਵੀ ਦਰਿਆ ਕਿਧਰੇ ਵੀ ਰਾਜਸਥਾਨ, ਹਰਿਆਣਾ ਜਾਂ ਦਿੱਲੀ ਵਿੱਚ ਨਹੀਂ ਵਹਿੰਦੇ ਅਤੇ ਇਹਨਾਂ ਦਰਿਆਵਾਂ ਦੇ ਰਿਪੇਰੀਅਨ ਸੂਬੇ ਨਹੀਂ ਬਣਦੇ। ਪਹਿਲੀ ਸੰਸਾਰ ਜੰਗ ਤੋਂ ਬਾਅਦ ਜਦ ਹੁਸੈਨੀ ਵਾਲਾ ਹੈੱਡ ਵਰਕਸ ਤੋਂ ਬੀਕਾਨੇਰ ਰਿਆਸਤ ਨੂੰ ਗੰਗ ਨਹਿਰ ਰਾਹੀਂ ਪਾਣੀ ਦਿੱਤਾ ਗਿਆ ਸੀ ਤਾਂ ਬੀਕਾਨੇਰ ਰਿਆਸਤ ਪੰਜਾਬ ਨੂੰ ਪੰਜਾਵਿਆਂ ਤੱਕ ਪਾਣੀ ਦਾ ਸਲਾਨਾ ਮੁੱਲ ਤਾਰਦਾ ਰਿਹਾ ਹੈ ਪਰ ਜਦ ਹਰੀਕੇ ਹੈੱਡ ਵਰਕਸ ਤੋਂ ਨਵੀਂ ਨਹਿਰ ਰਾਹੀਂ ਪਾਣੀ ਦਿੱਤਾ ਗਿਆ ਤਾਂ ਪੰਜਾਬ ਦੇ ਮਾਲਕੀ ਹੱਕ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਜਦ ਮਦਰਾਸ ਸਟੇਟ ਵਿੱਚੋਂ ਬੋਲੀ ਦੇ ਅਧਾਰ 'ਤੇ ਨਵਾਂ ਸੂਬਾ ਆਂਧਰਾ ਪ੍ਰਦੇਸ਼ ਬਣਾਇਆ ਗਿਆ ਤਾਂ ਤੁੰਗਭਦਰਾ ਪ੍ਰੋਜੈਕਟ ਵਿੱਚੋਂ ਮਦਰਾਸ ਸਟੇਟ ਨੂੰ ਇੱਕ ਬੂੰਦ ਪਾਣੀ ਨਹੀਂ ਦਿੱਤਾ ਗਿਆ ਸੀ।

ਇਸੇ ਤਰ੍ਹਾਂ ਮਦਰਾਸ ਸਟੇਟ ਵਿੱਚੋਂ ਜਦੋਂ ਆਂਧਰਾ ਸਟੇਟ ਅਲੱਗ ਬਣੀ ਤਾਂ ਮਦਰਾਸ ਸਟੇਟ ਵਿੱਚੋਂ ਤਿੰਨ ਦਰਿਆ ਲੰਘਦੇ ਸਨ-ਗੋਦਾਵਰੀ, ਕ੍ਰਿਸ਼ਨਾ ਤੇ ਕਾਵੇਰੀ। ਗੋਦਾਵਰੀ ਵਿੱਚ 10 ਕਰੋੜ ਏਕੜ ਫ਼ੁੱਟ ਪਾਣੀ ਸੀ ਤੇ ਕ੍ਰਿਸ਼ਨਾ ਵਿੱਚ 6 ਕਰੋੜ ਏਕੜ ਫ਼ੁੱਟ ਪਾਣੀ ਸੀ। ਦੋਵਾਂ ਦਰਿਆਵਾਂ ਦਾ ਕੁੱਲ 16 ਕਰੋੜ ਏਕੜ ਫ਼ੁੱਟ ਪਾਣੀ ਸੀ, ਲੇਕਿਨ ਮਦਰਾਸ ਸਟੇਟ ਨੂੰ ਇਸ ਵਿੱਚੋਂ ਇੱਕ ਬੂੰਦ ਪਾਣੀ ਪੀਣ ਲਈ ਵੀ ਨਹੀਂ ਦਿੱਤੀ ਗਈ, ਕਿਉਂਕਿ ਮਦਰਾਸ ਸਟੇਟ ਵਿੱਚੋਂ ਆਂਧਰਾ ਸਟੇਟ ਨਿਕਲਣ ਤੋਂ ਬਾਅਦ ਉਹ ਰਿਪੇਰੀਅਨ ਨਹੀਂ ਰਿਹਾ ਸੀ, ਦਰਿਆ ਨਵੇਂ ਬਣੇ ਆਂਧਰਾ ਸਟੇਟ ਦੇ ਇਲਾਕੇ ਵਿੱਚ ਆ ਗਏ ਸਨ ਅਤੇ ਤੁੰਗਭੱਦਰਾ ਪ੍ਰੋਜੈਕਟ ਆਂਧਰਾ ਤੇ ਮੈਸੂਰ ਸਟੇਟਾਂ ਵਿੱਚ ਆਉਂਦਾ ਸੀ, ਇਸ ਲਈ ਪਾਣੀ ਇਹਨਾਂ ਦੋਹਾਂ ਸਟੇਟਾਂ ਵਿੱਚ ਹੀ ਵੰਡਿਆ ਗਿਆ, ਇਥੋਂ ਤੱਕ ਕਿ ਮਦਰਾਸ (ਚੇਨਈ) ਸ਼ਹਿਰ ਲਈ ਪੀਣ ਲਈ ਵੀ ਪਾਣੀ ਨਹੀਂ ਦਿੱਤਾ ਗਿਆ ਸੀ।

ਜਦੋਂ 1966 ਵਿੱਚ ਪੰਜਾਬ ਹਰਿਆਣਾ ਵੰਡੇ ਗਏ ਤਾਂ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਵਿੱਚ ਫ਼ਰਕ ਇਕ ਬਹੁਤ ਵੱਡਾ ਫ਼ਰਕ ਪਾ ਦਿੱਤਾ ਗਿਆ, ਉਥੇ ਤੁੰਗਭਦਰਾ ਪ੍ਰੋਜੈਕਟ ਮੈਸੂਰ ਸਟੇਟ ਤੇ ਨਵੇਂ ਬਣੇ ਆਂਧਰਾ ਸਟੇਟ ਵਿੱਚ ਵੰਡਿਆ ਗਿਆ, ਉਹ ਦੋਨੋਂ ਰਿਪੇਰੀਅਨ ਸਨ। ਮਦਰਾਸ ਸਟੇਟ ਨੂੰ ਇਸ ਪ੍ਰੋਜੈਕਟ ਵਿੱਚੋਂ ਕੋਈ ਹਿੱਸਾ ਨਹੀਂ ਦਿੱਤਾ ਗਿਆ ਸੀ। ਉਥੇ ਸਪਸ਼ਟ ਰੂਪ ਵਿੱਚ ਸਿਰਫ਼ ਰਿਪੇਰੀਅਨ ਸੂਬੇ ਸ਼ਾਮਿਲ ਕੀਤੇ ਗਏ, ਪਰ ਸਾਡੇ ਕਾਨੂੰਨ ਵਿੱਚ ਸ਼ਬਦ ਉੱਤਰਾਧਿਕਾਰੀ ਸੂਬੇ ਲਿਖ ਦਿੱਤਾ। ਇਸ ਤਰ੍ਹਾਂ ਗੈਰ ਰਿਪੇਰੀਅਨ ਹਰਿਆਣਾ ਨੂੰ ਭਾਖੜਾ ਨੰਗਲ ਅਤੇ ਬਿਆਸ ਪ੍ਰੋਜੈਕਟਸ ਵਿੱਚ ਧੱਕੇ ਨਾਲ ਹੱਕਦਾਰ ਬਣਾ ਦਿੱਤਾ ਗਿਆ।

ਪੰਜਾਬ ਨੂੰ ਪੰਜ ਪਾਣੀਆਂ/ਦਰਿਆਵਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ । ਇੱਕ ਸਮੇਂ ਸੱਚਮੁੱਚ ਪੰਜਾਬ ਵਿੱਚ ਸਤਲੁਜ, ਝਨਾਂ, ਜੇਹਲਮ, ਰਾਵੀ, ਬਿਆਸ ਆਦਿ ਦਰਿਆ ਵਹਿੰਦੇ ਸਨ, ਇਸ ਕਾਰਨ ਪੰਜਾਬ ਨੂੰ ਪਹਿਲਾਂ ਪੰਜ+ ਆਬ ਕਿਹਾ ਜਾਂਦਾ ਸੀ , ਜਿਨ੍ਹਾਂ ਦਾ ਪਾਣੀ ਏਨਾ ਜਿਆਦਾ ਸਾਫ਼, ਪਵਿੱਤਰ, ਸ਼ੁੱਧ ਹੁੰਦਾ ਸੀ ਕਿ ਇਹਨਾਂ ਦਰਿਆਵਾਂ ਦੇ ਪਾਣੀ ਨੂੰ ਅੰਮ੍ਰਿਤ ਵੀ ਕਿਹਾ ਜਾਂਦਾ ਸੀ। ਹੁਣ ਅੱਜ ਦੇ ਪੰਜਾਬ ਵਿੱਚ ਦਰਿਆ ਵੀ ਮੁੱਖ ਤੌਰ 'ਤੇ ਦੋ ਸਤਲੁਜ ਤੇ ਬਿਆਸ ਰਹਿ ਗਏ ਹਨ, ਰਾਵੀ ਦਰਿਆ ਦਾ ਥੋੜਾ ਜਿਹਾ ਹਿੱਸਾ ਹੀ ਪੰਜਾਬ ਵਿੱਚ ਵਹਿੰਦਾ ਹੈ ਪਰ ਇਸ ਦੇ ਬਾਵਜੂਦ ਪੰਜਾਬ ਵਿੱਚ ਘੱਗਰ ਨਦੀ, ਢਕਾਨਸੂ ਨਦੀ, ਵੇਈਂ ਨਦੀ, ਬੁੱਢਾ ਦਰਿਆ ਸਮੇਤ ਹੋਰ ਅਨੇਕਾਂ ਹੀ ਨਦੀਆਂ, ਬਰਸਾਤੀ ਨਾਲੇ ਵਹਿ ਰਹੇ ਹਨ। ਜਿਨ੍ਹਾਂ ਵਿਚੋਂ ਵੱਡੀ ਗਿਣਤੀ ਬਰਸਾਤੀ ਨਦੀਆਂ, ਨਾਲਿਆਂ ਦਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ।

(ਬਾਕੀ ਸਫ਼ਾ 30 'ਤੇ)

## ਪਾਣੀ ਦੀ ਘਾਟ ਕਾਰਨ ਇੱਕ ਦਿਨ ਰੇਗਿਸਤਾਨ ਬਣ ਜਾਵੇਗਾ ਪੰਜਾਬ



ਇਹ ਇੱਕ ਹਕੀਕਤ ਹੈ ਕਿ ਪੰਜ-ਆਬਾਂ ਦੀ ਧਰਤੀ ਉੱਪਰ ਹੁਣ ਪਾਣੀ ਦਾ ਗੰਭੀਰ ਸੰਕਟ ਹੈ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਜੇ ਪਾਣੀ ਦੇ ਸੋਮਿਆਂ ਦੀ ਸਹੀ ਸੰਭਾਲ ਨਾ ਕੀਤੀ ਗਈ ਤਾਂ ਪੰਜਾਬ ਇੱਕ ਦਿਨ ਰੇਗਿਸਤਾਨ ਬਣ ਜਾਵੇਗਾ। ਅੱਜ ਪੰਜਾਬ ਦੇ ਹਰ ਇਲਾਕੇ ਵਿੱਚ ਹੀ ਪਾਣੀ ਦੀ ਘਾਟ ਹੈ। ਸ਼ਹਿਰਾਂ ਵਿੱਚ ਉੱਪਰਲੀਆਂ ਮੰਜ਼ਿਲਾਂ 'ਤੇ ਬਿਨਾਂ ਮੋਟਰ ਪਾਣੀ ਚੜ੍ਹਦਾ ਹੀ ਨਹੀਂ, ਹੇਠਲੀ ਮੰਜ਼ਿਲ 'ਤੇ ਵੀ ਪਾਣੀ ਦਾ ਪ੍ਰੈਸ਼ਰ ਘੱਟ ਹੁੰਦਾ ਹੈ । ਜੇ ਪੰਜਾਬ ਦੇ ਪਿੰਡਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਵੀ ਇੱਕ ਸੱਚਾਈ ਹੈ ਕਿ ਪੰਜਾਬ ਵਿੱਚ ਕਰੀਬ 12,423 ਪਿੰਡ ਹਨ ਪਰ ਇਹਨਾਂ ਪਿੰਡਾਂ 'ਚੋਂ 11,449 ਪਿੰਡਾਂ ਵਿੱਚ ਪਾਣੀ ਦੀ ਘਾਟ ਹੈ। ਸਾਲ 2005 'ਚ ਪੰਜਾਬ ਦੇ 30 ਫ਼ੀਸਦੀ ਖੇਤਰ 'ਚ ਪਾਣੀ ਦਾ ਪੱਧਰ ਜ਼ਮੀਨ ਤੋਂ 20 ਮੀਟਰ ਥੱਲੇ ਸੀ। ਪੰਜਾਬ ਵਿੱਚ ਤਾਂ ਹੁਣ 57 ਫ਼ੀਸਦੀ ਜ਼ਮੀਨੀ ਪਾਣੀ ਅਜਿਹਾ ਹੈ ਜੋ ਕਿ ਪੀਣਯੋਗ ਨਹੀਂ ਹੈ। ਇਸ ਤੱਥ ਤੋਂ ਵੀ ਸਾਰੇ ਹੀ ਜਾਣੂੰ ਹਨ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ ਜਿਸ ਸੂਬੇ ਦਾ 42 ਲੱਖ ਹੈਕਟੇਅਰ ਦੇ ਕਰੀਬ ਰਕਬਾ ਖੇਤੀ ਹੇਠ ਹੈ। ਖੇਤੀ ਲਈ ਪਾਣੀ ਸਬੰਧੀ ਵੀ ਬਿਜਲੀ ਵਾਲਾ ਹੀ ਹਾਲ ਹੈ। ਜਿਵੇਂ ਬਿਜਲੀ ਦੀ ਮੰਗ ਜਿਆਦਾ ਹੈ ਪਰ ਆਪੂਰਤੀ ਘੱਟ ਉਹੀ ਹਾਲ ਪਾਣੀ ਦਾ ਹੈ। ਖੇਤੀ ਖੇਤਰ ਵਿਚ ਫ਼ਸਲਾਂ ਦੀ ਸਿੰਜਾਈ ਲਈ ਕਰੀਬ 43 ਲੱਖ ਕਿਊਬਿਕ ਮੀਟਰ ਪਾਣੀ ਚਾਹੀਦਾ ਹੈ ਪਰ 31 ਲੱਖ ਕਿਊਬਿਕ ਮੀਟਰ ਪਾਣੀ ਹੀ ਮਿਲਦਾ ਹੈ। ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਕਾਰਨ ਪਾਣੀ ਦਾ ਪੱਧਰ 30 ਸੈਂ. ਮੀ. ਪ੍ਰਤੀ ਸਾਲ ਥੱਲੇ ਜਾ ਰਿਹਾ ਹੈ।

ਕੁੱਲ 138 ਵਿਕਾਸ ਬਲਾਕਾਂ 'ਚੋਂ 108 ਬਲਾਕਾਂ ਤੋਂ ਵਧੇਰੇ ਬਲਾਕਾਂ 'ਚ ਪਾਣੀ ਦਾ ਪੱਧਰ ਖਤਰਨਾਕ ਪੱਧਰ 'ਤੋਂ ਥੱਲੇ ਚਲਾ ਗਿਆ ਹੈ। ਪੰਜਾਬ ਦੇ ਵਸਨੀਕਾਂ ਨੇ ਇਸ ਬਾਰੇ ਕਦੇ ਸੋਚਿਆਂ ਵੀ ਨਹੀਂ ਸੀ ਕਿ ਪੰਜ ਪਾਣੀਆਂ/ਦਰਿਆਵਾਂ ਦੀ ਧਰਤੀ ਮੰਨੇ ਜਾਂਦੇ ਪੰਜਾਬ ਵਿੱਚ ਹੀ ਲੋਕਾਂ ਨੂੰ ਪਾਣੀ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ।

# ਪੰਜਾਬ 'ਚ ਰੋਜ਼ਾਨਾ ਬਦਲਦੇ ਸਿਆਸੀ ਅਤੇ ਪੰਥਕ ਸਮੀਕਰਨ

ਬਲਰਾਜ ਪੰਨੂੰ



ਪੰਜਾਬ ਦੀ ਸਿਆਸਤ ਦਾ ਰੰਗ ਅੱਜ ਕੱਲ੍ਹ ਲਾਲ ਪੀਲਾ ਹੋਇਆ ਪਿਆ ਹੈ। ਲਾਲ ਪੀਲਾ ਤਾਂ ਕਿਹਾ ਹੈ ਜੋ ਮਜੀਠੀਆ ਦੇ ਚਾਹੁਣ ਵਾਲੇ ਨੇ, ਉਹਨਾਂ ਦਾ ਹਾਲਾਤਾਂ ਨੂੰ ਵੇਖ ਕੇ ਪੀਲਾ ਰੰਗ ਹੋ ਗਿਆ ਹੈ ਤੇ ਆਪ ਪਾਰਟੀ ਵਾਲਿਆਂ ਦਾ ਰੰਗ ਲਾਲ ਯਾਨੀ ਬਾਗੋਬਾਗ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਮਜੀਠੀਆ ਨੂੰ ਅੰਦਰ ਸੁੱਟ ਕੇ ਅਸੀਂ ਲੋਕਾਂ ਦੇ ਨਾਲ ਨਜ਼ਰਾਂ ਮਿਲਾਉਣ ਜੋਗੇ ਹੋ ਗਏ ਹਾਂ। ਸੋਚਦੇ ਨੇ ਕਿ ਲਉ ਬਈ ਫੜ ਲਿਆ ਅਸੀਂ ਨਸ਼ੇ ਦਾ ਸੌਦਾਗਰ। ਉਧਰੋਂ ਮਜੀਠੀਆ ਸਾਹਿਬ ਕਹਿੰਦੇ ਨੇ ਕਿ ਮੈਂ ਜੇਲ੍ਹ ਦੇ ਵਿੱਚ ਸੁਰੱਖਿਅਤ ਨਹੀਂ। ਉਹਨਾਂ ਦਾ ਵਕੀਲ ਮੰਗ ਕਰ ਰਿਹਾ ਹੈ ਕਿ ਮਜੀਠੀਆ ਸਾਹਿਬ ਨੂੰ ਓਰੇਂਜ ਕੈਟਾਗਰੀ ਦੇ ਵਿੱਚ ਰੱਖਿਆ ਜਾਵੇ। ਗੱਲ ਕਰੀਏ ਕਾਂਗਰਸ ਪਾਰਟੀ ਦੀ ਤਾਂ ਉਹ ਵੀ ਅੱਜ ਕੱਲ੍ਹ ਖੱਖੜੀਆਂ ਕਰੇਲੇ ਵਾਂਗ ਹੋਏ ਪਏ ਨੇ। ਭਾਵੇਂ ਕਿ ਉਹ ਆਮ ਕਹਿ ਦਿੰਦੇ ਨੇ ਕਿ ਸਭ ਕੁੱਝ ਠੀਕ ਹੈ ਪਰ ਆਪਸ ਦੇ ਵਿੱਚ ਉਹ ਦੋ ਪਾਰਟੀਆਂ ਵਾਂਗ ਲੜ ਰਹੇ ਨੇ। ਤੇ ਲੋਕ ਇਹ ਸੋਚ ਰਹੇ ਨੇ ਕਿ ਇਹ ਆਪਸ ਵਿੱਚ ਲੜਨਗੇ ਜਾਂ ਵਿਰੋਧੀਆਂ ਦੇ ਨਾਲ? ਵੈਸੇ ਕਾਂਗਰਸ ਦੀ ਹਿਸਟਰੀ 'ਤੇ ਨਜ਼ਰ ਮਾਰੀ ਜਾਵੇ ਤਾਂ ਕੈਰੋਂ, ਗਿਆਨੀ ਜੈਲ ਸਿੰਘ ਤੇ ਬੇਅੰਤ ਸਿੰਘ ਸਮੇਂ ਵੀ ਕਾਂਗਰਸ ਵਿੱਚ ਗਰੁੱਪ ਉਭਰਦੇ ਰਹੇ ਨੇ। ਸ਼ਾਇਦ ਇਹ ਪਾਰਟੀ ਦੀ ਕੋਈ ਨੀਤੀ ਹੋਵੇ ਕਿ ਆਪਣੇ ਆਪ ਨੂੰ ਕੋਈ ਬਹੁਤਾ ਵੱਡਾ ਨਾ ਸਮਝ ਲਵੇ। ਸੁੱਖ ਤਾਂ ਆਮ ਆਦਮੀ ਪਾਰਟੀ ਦੇ ਵਿੱਚ ਵੀ ਨਹੀਂ ਦਿਸਦੀ ਕਿਉਂਕਿ 12 ਜੁਲਾਈ ਨੂੰ 12 ਵਿਧਾਇਕ ਦਿੱਲੀ ਵਿੱਚ ਜਾ ਕੇ ਸੁਪਰੀਮੋ ਨੂੰ ਮਿਲੇ ਸਨ। ਵੈਸੇ ਆਪ ਵਾਲਿਆਂ ਦਾ ਸੁਪਰੀਮੋ ਰਹਿੰਦਾ ਤਾਂ ਪੰਜਾਬ ਹੀ ਹੈ ਅਜੇ ਪਿਛਲੇ ਹਫ਼ਤੇ ਏਥੇ ਹੀ ਸੀ। ਐਸੀ ਕਿਹੜੀ ਗੱਲ ਸੀ ਕਿ ਅਮਨ ਅਰੋੜਾ ਦੀ ਅਗਵਾਈ ਦੇ ਵਿੱਚ ਦਿੱਲੀ ਜਾਣਾ ਪੈ ਗਿਆ।

ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਸਿਆਸਤਦਾਨਾਂ ਦੀ ਆਪਸੀ ਲੜਾਈ ਨਿੱਜੀ ਸਕੋਰਾਂ 'ਤੇ ਆ ਕੇ ਅਟਕ ਗਈ ਹੈ। ਇੱਕ ਦੂਜੇ ਦੇ ਵਿਰੁੱਧ ਧਰਨੋਂ ਧਰਨੀ ਵੀ ਹੁੰਦੇ ਨੇ, ਗਾਲ਼ੀ ਗਲੋਚ ਤੋਂ ਵੀ ਸੰਕੋਚ ਨਹੀਂ ਕਰਦੇ। ਅਖੇ ਤੂੰ ਮੈਨੂੰ ਗਾਲ ਕੱਢ ਮੈਂ ਤੈਨੂੰ ਕੱਢਾਂ। ਕਈ ਵਾਰੀ ਸਾਡੇ ਮੁੱਖ ਮੰਤਰੀ ਸਾਹਿਬ ਮੁੱਖ ਮੰਤਰੀ ਵਾਲੀ ਮਰਿਆਦਾ ਹੀ ਭੁੱਲ ਜਾਂਦੇ ਨੇ ਕਿ ਉਹ ਮੁੱਖ ਮੰਤਰੀ ਨੇ। ਲੰਘੇ ਦਿਨਾਂ 'ਚ ਕਾਫ਼ੀ ਚਰਚਾ ਵਿੱਚ ਰਹੇ ਨੇ। ਵਿਦੇਸ਼ ਨੀਤੀ ਦੇ ਉੱਤੇ ਖਾਸ ਅੰਦਾਜ਼ ਵਿੱਚ ਉਹਨਾਂ ਟਿੱਪਣੀ ਕੀਤੀ ਵੈਸੇ ਵਿਦੇਸ਼ ਨੀਤੀ ਦੇ ਉੱਤੇ ਸਾਰੇ ਹੀ ਸਵਾਲ ਕਰਦੇ ਨੇ ਪਰ ਹੈਰਾਨੀ ਦੀ ਗੱਲ ਹੈ ਕਿ ਭਗਵੰਤ ਮਾਨ ਦੀ ਗੱਲ ਨੂੰ ਜ਼ਿਆਦਾ ਉਛਾਲਿਆ ਗਿਆ। ਲੋਕ ਤਾਂ ਇਹ ਵੀ ਕਹਿੰਦੇ ਨੇ ਕਿ ਕਿਧਰੇ ਅੰਦਰਖਾਤੇ ਤਾਰਾਂ ਜੁੜੀਆਂ ਤਾਂ ਨਹੀਂ? ਕਾਨੂੰਨ ਅਨੁਸਾਰ ਕਿਸੇ ਗ੍ਰਹਿ ਮੰਤਰੀ ਨੂੰ ਤੜੀਪਾਰ ਕਹਿ ਦੇਣਾ ਉਹ ਵੀ ਸੰਵਿਧਾਨਿਕ ਅਹੁਦੇ 'ਤੇ ਬੈਠਿਆਂ, ਇਹ ਗੱਲਾਂ ਸੋਭਦੀਆਂ ਨਹੀਂ, ਹਾਲਾਂ ਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਤੜੀਪਾਰ ਸੀ। ਤੁਹਾਨੂੰ ਯਾਦ ਹੋਣੈ ਕਿ ਨੀਤੀ ਆਯੋਗ ਮੀਟਿੰਗ ਸਮੇਂ ਜਿਸ ਤਰੀਕੇ ਦੇ ਨਾਲ ਜ਼ਰੂਰਤ ਤੋਂ ਜ਼ਿਆਦਾ ਝੁਕ ਕੇ ਪ੍ਰਧਾਨ ਮੰਤਰੀ ਨੂੰ ਭਗਵੰਤ ਮਾਨ ਮਿਲੇ ਸੀ, ਤੇ ਹੁਣ ਇੱਕ ਦਮ ਬਦਲਾਵ ਕਿ ਪ੍ਰਧਾਨ ਮੰਤਰੀ ਦੇ ਲਈ ਨਿਰਾਦਰੀ ਸ਼ਬਦ ਵਰਤਣੇ ਵੀ ਕਈ ਸਵਾਲ ਖੜੇ ਕਰਦੇ ਨੇ। ਤੁਹਾਨੂੰ ਨਹੀਂ ਲੱਗਦਾ ਕਿ ਤੀਰ ਉੱਥੇ ਹੀ ਛੱਡਿਆ ਜਾ ਰਿਹੈ ਜਿਥੋਂ ਪਤਾ ਹੈ ਕਿ ਰੀਐਕਸ਼ਨ ਆਵੇਗਾ।


ਲੰਘੇ ਦਿਨਾਂ ਦੇ ਵਿੱਚ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਹੋਇਆ ਵੈਸੇ ਲੱਸੀ ਨੂੰ ਰਿੜਕਿਆਂ ਨਿਕਲਦਾ ਕੁਝ ਵੀ ਨਹੀਂ, ਪਰ ਸਾਰੀਆਂ ਪਾਰਟੀਆਂ ਨੇ ਲੱਸੀ ਹੀ ਰਿੜਕੀ। ਪੰਜਾਬ ਦੀ ਵਿਧਾਨ ਸਭਾ ਵਿੱਚ ਬੇਅਦਬੀ ਦੇ ਮੁੱਦੇ 'ਤੇ ਗੱਲ ਘੱਟ ਤੇ ਤੂੰ ਤੂੰ, ਮੈਂ ਮੈਂ ਜ਼ਿਆਦਾ ਹੋਈ। ਮੌਜੂਦਾ ਸਰਕਾਰ ਆਪਣੀ ਪਿੱਠ ਆਪੇ ਥਾਪੜਦੀ ਰਹੀ ਤੇ ਦੂਜੀਆਂ ਪਾਰਟੀਆਂ ਨੂੰ ਭੰਡਣ ਦੇ ਵਿੱਚ ਵਾਹਵਾ ਸਮਾਂ ਲਗਾਇਆ। ਮੁੱਖ ਮੰਤਰੀ ਦੇ ਵੱਲੋਂ ਗਿਨੀਵ ਕੌਰ ਦੀ ਨਕਲ ਉਤਾਰਨਾ ਸੱਚਮੁੱਚ ਬਹੁਤ ਬੁਰਾ ਲੱਗਿਆ। ਆਖ਼ਰ ਔਰਤ ਦਾ ਲਿਹਾਜ਼ ਤਾਂ ਕਰਨਾ ਚਾਹੀਦਾ ਸੀ। ਭਾਸ਼ਾ ਦੀ ਮਰਿਆਦਾ ਮੁੱਕਦੀ ਨਜ਼ਰ ਆਈ। ਅਸਲ ਦੇ ਵਿੱਚ ਹੋਣਾ ਤਾਂ ਇਹ ਚਾਹੀਦਾ ਸੀ ਕਿ ਖ਼ਾਮੀਆਂ 'ਤੇ ਚਰਚਾ ਹੋਵੇ। ਇਹ ਦੂਰ ਕਿਵੇਂ ਕੀਤੀਆਂ ਜਾਣ? ਸਲਾਹ ਮਸ਼ਵਰਾ ਹੋਵੇ। ਲੋਕ ਭਲਾਈ ਕੰਮ ਕਿਵੇਂ ਨੇਪਰੇ ਚਾੜ੍ਹਨੇ ਨੇ, ਸਾਂਝੀ ਗੱਲਬਾਤ ਹੋਵੇ। ਪਰ ਹਰ ਮੁੱਦੇ ਨੂੰ ਹਲਕੇ ਵਿੱਚ ਲਿਆ ਗਿਆ ਜਾਂ ਕਹਿ ਲਉ ਕਿ ਡੰਗ ਟਪਾਇਆ ਗਿਆ। ਬੇਅਦਬੀ ਇੱਕ ਬਹੁਤ ਗੰਭੀਰ ਮਸਲਾ ਹੈ ਇਸ ਮਸਲੇ ਉੱਤੇ ਸਰਕਾਰਾਂ ਬਣੀਆਂ ਵੀ ਨੇ ਤੇ ਟੁੱਟੀਆਂ ਵੀ ਨੇ। ਕਿਸੇ ਸਰਕਾਰ ਦੇ ਕੋਲ ਇਸ ਮੁੱਦੇ ਦਾ ਕੋਈ ਜਵਾਬ ਨਹੀਂ। ਹਾਂ, ਇਹ ਗੱਲ ਠੀਕ ਹੈ ਕਿ ਵਾਅਦੇ ਹਰ ਸਰਕਾਰ ਨੇ ਇਨਸਾਫ਼ ਦੇ ਕੀਤੇ ਨੇ। ਸੱਤਾਧਿਰ ਪਾਰਟੀ ਨੇ ਇਸ ਮਸਲੇ 'ਤੇ ਸਿੱਖ ਧਰਮ ਦੀ ਮਹਾਨਤਾ ਦੀ ਗੱਲ ਕਰਕੇ ਮਸਲੇ ਨੂੰ ਸਮੇਟ ਦਿੱਤਾ। ਆਪ ਪਾਰਟੀ ਦੇ ਵਿੱਚ ਦੋ ਵਕੀਲ ਵੀ ਨੇ, ਪਰ ਉਹ ਵਕੀਲ ਵੀ ਕੋਈ ਕਾਨੂੰਨੀ ਪੁਆਇੰਟ ਚੁੱਕਣ ਦੀ ਬਜਾਏ ਚੁੱਪ ਰਹੇ। ਹਾਂ, ਕੁਝ ਕੁ ਵਿਧਾਇਕਾਂ ਨੇ ਹਲਕੀ ਫੁਲਕੀ ਇਸ ਮਾਮਲੇ 'ਤੇ ਗੱਲ ਕੀਤੀ। ਨਸ਼ੇ ਦੇ ਮੁੱਦੇ 'ਤੇ ਗੱਲ ਕੀਤੀ ਗਈ ਪਰ ਇਸ ਨਾਜ਼ੁਕ ਮਾਮਲੇ 'ਤੇ ਵੀ ਇਸ ਤਰ੍ਹਾਂ ਲੱਗਿਆ ਜਿਵੇਂ ਕੋਈ ਫੋਕੀ ਗੇਮ ਖੇਡ ਰਹੇ ਹੋਣ। ਕੱਚਘਰੜ ਜਿਹਾ ਡਾਟਾ ਪੇਸ਼ ਕੀਤਾ ਅਖੇ ਗਿਆਰਾਂ ਹਜ਼ਾਰ ਨਸ਼ਾ ਤਸਕਰਾਂ 'ਤੇ ਅਸੀਂ ਕੇਸ ਦਰਜ਼ ਕਰ ਲਏ ਨੇ ਤੇ 21,987 ਅਸੀਂ ਜੇਲ੍ਹ ਵਿੱਚ ਸੁੱਟ ਦਿੱਤੇ ਹਨ। ਕਹਿੰਦੇ ਅਸੀਂ ਸਪਲਾਈ ਲਾਈਨ ਕੱਟ ਦਿੱਤੀ ਹੈ। ਲੱਖਾਂ ਨਸ਼ਾ ਕਰਨ ਵਾਲੇ ਲੋਕਾਂ ਦਾ ਡਾਟਾ ਕਿੱਥੇ ਹੈ? ਨਸ਼ਾ ਛੱਡਣ ਵਾਲਿਆਂ ਦੀ ਗਿਣਤੀ ਕਿੰਨੀ ਕੁ ਹੈ? ਕਿੰਨੇ ਬੰਦੇ ਨੇ ਜਿਹੜੇ ਨਸ਼ੇ ਦੇ ਆਦੀ ਨੇ? ਜੇ ਨਸ਼ਾ ਖ਼ਤਮ ਹੈ ਤਾਂ ਹਸਪਤਾਲਾਂ ਦੇ ਵਿੱਚ ਗੋਲੀਆਂ ਲੈਣ ਵਾਲਿਆਂ ਦੀ ਲਾਈਨ ਸਵੇਰੇ ਪੰਜ ਵਜੇ ਹੀ ਲੱਗਣੀ ਕਿਉਂ ਸ਼ੁਰੂ ਹੋ ਜਾਂਦੀ ਹੈ। ਕਹਿੰਦੇ, ਪੰਚਾਇਤਾਂ ਮਤੇ ਪਾ ਕੇ ਨਸ਼ਾ ਮੁਕਤ ਪਿੰਡ ਬਣਾ ਰਹੀਆਂ ਨੇ। ਰੱਬ ਦੀਆਂ ਰੱਬ ਜਾਣੇ ਇਹ ਨਸ਼ਾ ਮੁਕਤ ਸੱਚ ਵਿੱਚ ਬਣ ਰਹੇ ਨੇ ਜਾਂ ਬਣਾਏ ਜਾ ਰਹੇ ਨੇ।



ਇਸ ਹਫ਼ਤੇ ਤਖ਼ਤਾਂ ਦਾ ਟਕਰਾਅ ਵੀ ਹੋਇਆ ਤੇ ਟਲ ਵੀ ਗਿਆ। ਸਵਾਲ ਅਜੇ ਉਥੇ ਦਾ ਉਥੇ ਖੜ੍ਹਾ ਹੈ ਕਿ ਤਖ਼ਤ ਆਹਮੋ ਸਾਹਮਣੇ ਕਿਉਂ ਹੋਏ? ਸੰਸਥਾਵਾਂ ਵੱਡੀਆਂ, ਉੱਚੀਆਂ ਤੇ ਸੁੱਚੀਆਂ ਨੇ ਤੇ ਲੋਕਾਂ ਦੀਆਂ ਆਸਾਂ ਵੀ ਬਹੁਤ ਵੱਡੀਆਂ ਨੇ। ਸੰਕਟ ਵੀ ਵੱਡੇ ਨੇ ਪਰ ਮਾਫ਼ੀ ਚਾਹਾਂਗੇ ਵੱਡਿਆਂ ਸੰਕਟਾਂ ਦੇ ਸਾਹਮਣੇ ਵਿਜ਼ਨ ਬਹੁਤ ਛੋਟੇ ਨੇ। ਜੋ ਸੰਕਟ ਨੂੰ ਨਾਪ ਨਹੀਂ ਰਹੇ। ਦੁਆ ਹੈ ਕਿ ਪੰਥ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ ਤੇ ਲੋਕਾਂ ਦਾ ਵਿਸ਼ਵਾਸ ਮੁੜ ਮੁੜ ਨਾ ਟੁੱਟੇ।

ਇਸ ਹਫ਼ਤੇ ਸੁਪਰੀਮ ਕੋਰਟ ਦੇ ਫ਼ੈਸਲੇ ਨੇ 1158 ਘਰਾਂ ਦੇ ਵਿੱਚ ਸੋਗ ਪਾ ਦਿੱਤਾ ਹੈ ਕਿਉਂਕਿ ਉਹਨਾਂ ਦੀ ਸਿਲੈਕਸ਼ਨ ਰੱਦ ਕਰ ਦਿੱਤੀ ਗਈ ਹੈ। ਇਸ ਲਈ ਜ਼ਿੰਮੇਵਾਰ ਕੌਣ ਹੈ? ਤੇ ਜਵਾਬਦੇਹੀ ਕਿਸ ਦੀ ਹੋਵੇਗੀ ਪਤਾ ਨਹੀਂ। ਕ੍ਰਿਸ਼ਨ ਕੁਮਾਰ ਵਰਗੇ ਆਈ.ਏ.ਐਸ. ਅਫ਼ਸਰ, ਜਿਹਨਾਂ ਨੂੰ ਸਤਿਕਾਰ ਇਹ ਕਹਿ ਕੇ ਦਿੱਤਾ ਜਾਂਦਾ ਹੈ ਕਿ 'ਅਫ਼ਸਰ ਹੋਵੇ ਤਾਂ ਇਹੋ ਜਿਹਾ।' ਉਹਨਾਂ ਦੀ ਇਹ ਅਣਦੇਖੀ ਜਾਂ ਇਸ ਤਰ੍ਹਾਂ ਕਹਿ ਲਉ ਕਿ ਉਹਨਾਂ ਦੇ ਨੱਕ ਥੱਲੇ ਐਡਾ ਵੱਡਾ ਘਪਲਾ ਕਈ ਸਵਾਲ ਖੜੇ ਕਰਦਾ ਹੈ। ਦੋਸ਼ੀ ਤਾਂ ਸਾਬਕਾ ਮੁੱਖ ਮੰਤਰੀ ਚੰਨੀ ਵੀ ਨੇ ਪਰ ਇਮਾਨਦਾਰੀ ਦਾ ਦਮ ਭਰਦਾ ਚਿਹਰਾ ਪ੍ਰਗਟ ਸਿੰਘ ਨੇ ਇਹ ਕੌੜਾ ਘੁੱਟ ਕਿਵੇਂ ਭਰ ਲਿਆ। ਕੁਝ ਵੀ ਹੋਵੇ ਅਹੁਦੇ ਦੀ ਦੁਰਵਰਤੋਂ, ਅਣਦੇਖੀ 1158 ਵਾਲਿਆਂ ਨੂੰ ਗੂੰਗੇ ਬੋਲੇ ਕਰ ਗਈ ਹੈ। ਪਤਾ ਨਹੀਂ ਇਸ ਮਸਲੇ ਦੇ ਵਿੱਚ ਹੋਰ ਕਿੰਨੇ ਕੁ ਨਾਮ ਨੇ? ਪਰ ਵਿਸ਼ਵਾਸ ਇਮਾਨਦਾਰ ਚਿਹਰਿਆਂ ਤੋਂ ਵੀ ਉੱਠਦਾ ਜਾ ਰਿਹਾ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਹਮਾਮ ਵਿੱਚ ਸਭ ਨੰਗੇ ਨੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਬਿਹਾਰ ’ਚ ਇੱਕ ਪਰਿਵਾਰ ਦੇ ਪੰਜ ਮੈਂਬਰਾਂ ਨੂੰ ‘ਡਾਇਨ’ ਦੇ ਸ਼ੱਕ ਵਿੱਚ ਜਿਉਂਦਿਆਂ ਸਾੜ ਦਿੱਤਾ

## ‘ਡਾਇਨ’ ਦੀ ਦਹਿਸ਼ਤ: ਸਦੀਆਂ ਪੁਰਾਣਾ ਅੰਧਵਿਸ਼ਵਾਸ, ਜੋ ਅਜੇ ਵੀ ਲੈਂਦਾ ਹੈ ਔਰਤਾਂ ਦੀ ਜਾਨ

### ਸਮਾਜ ’ਚ ਫੈਲੀ ਲਿੰਗਕ, ਜਾਤੀ ਅਸਮਾਨਤਾ ਤੇ ਅੰਧ-ਵਿਸ਼ਵਾਸ ਇਸ ਦਾ ਮੁੱਖ ਕਾਰਨ

### ‘ਡਾਇਨ’ ਪ੍ਰਥਾ ਵਿਰੁੱਧ ਸਰਕਾਰੀ ਕਾਰਵਾਈ ਢਿੱਲੀ







ਭਾਰਤ, ਜਿੱਥੇ ਚੰਨ ’ਤੇ ਪਹੁੰਚਣ ਦੀਆਂ ਗੱਲਾਂ ਹੁੰਦੀਆਂ ਨੇ, ਜਿੱਥੇ ਮਸਨੂਈ ਬੁੱਧੀ ਨਾਲ ਨਵੀਂਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੁੱਲ੍ਹ ਰਹੇ ਨੇ, ਉੱਥੇ ਹੀ ਸਦੀਆਂ ਪੁਰਾਣਾ ਅੰਧ-ਵਿਸ਼ਵਾਸ ਅਜੇ ਵੀ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕਰਕੇ ਬੈਠਾ ਹੈ। ‘ਡਾਇਨ’ ਦਾ ਲੇਬਲ ਲਗਾਕੇ ਔਰਤਾਂ ਨੂੰ ਸਾੜ ਦਿੱਤਾ ਜਾਂਦਾ ਹੈ, ਮਾਰ ਦਿੱਤਾ ਜਾਂਦਾ ਹੈ, ਤਸੀਹੇ ਦਿੱਤੇ ਜਾਂਦੇ ਨੇ। ਇਹ ਦਾਸਤਾਨ ਸਿਰਫ਼ ਅੰਧਵਿਸ਼ਵਾਸ ਦੀ ਨਹੀਂ, ਸਗੋਂ ਸਮਾਜ ਵਿੱਚ ਜੜ੍ਹਾਂ ਜਮਾਈ ਲਿੰਗਕ ਅਤੇ ਜਾਤੀ ਨਫ਼ਰਤ ਦੀ ਵੀ ਹੈ। 2022 ਤੋਂ 2025 ਤੱਕ ਦੇ ਤਿੰਨ ਸਾਲਾਂ ਵਿੱਚ, ਭਾਰਤ ਵਿੱਚ ‘ਡਾਇਨ’ ਦੇ ਨਾਂਅ ’ਤੇ ਸੈਂਕੜੇ ਔਰਤਾਂ ਦੀ ਜਾਨ ਲਈ ਗਈ। ਇਹ ਦਾਸਤਾਨ ਉਨ੍ਹਾਂ ਦੀ ਹੈ, ਜਿਨ੍ਹਾਂ ਨੂੰ ਸਮਾਜ ਨੇ ਹਾਸ਼ੀਏ ’ਤੇ ਧੱਕਿਆ, ਜਿਨ੍ਹਾਂ ਦੀਆਂ ਚੀਖਾਂ ਨੂੰ ਅਣਸੁਣਿਆ ਕਰ ਦਿੱਤਾ। ਪੰਜਾਬ ਵਿੱਚ ਵੀ ਇਸ ਅਜੀਬ ਅਗਨੀ ਪਰੀਖਿਆ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਸਾਹਮਣੇ ਆਈਆਂ। ਵਿਦੇਸ਼ਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਦੀਆਂ ਮਿਸਾਲਾਂ ਮਿਲਦੀਆਂ ਨੇ। ਸਰਕਾਰ ਨੇ ਕੁਝ ਕਾਨੂੰਨ ਜ਼ਰੂਰ ਬਣਾਏ, ਪਰ ਇਹ ਬਹੁਤੇ ਕਾਰਗਰ ਸਾਬਤ ਨਹੀਂ ਹੋਏ।

**ਭਾਰਤ ਵਿੱਚ 2022-2025: ‘ਡਾਇਨ’ ਦੇ ਨਾਂਅ ’ਤੇ ਖ਼ੂਨੀ ਖੇਡ**

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ, 2000 ਤੋਂ ਲੈ ਕੇ ਹੁਣ ਤੱਕ ਭਾਰਤ ਵਿੱਚ ‘ਡਾਇਨ’ ਦੇ ਦੋਸ਼ ਹੇਠ 2500 ਤੋਂ ਵੱਧ ਔਰਤਾਂ ਦੀ ਹੱਤਿਆ ਹੋ ਚੁੱਕੀ ਹੈ। 2022 ਤੋਂ 2025 ਤੱਕ ਦੀ ਗੱਲ ਕਰੀਏ ਤਾਂ, ਹਾਲ ਹੀ ਦੀਆਂ ਖਬਰਾਂ ਅਤੇ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਇਸ ਮਿਆਦ ਵਿੱਚ ਸੈਂਕੜੇ ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਸਭ ਤੋਂ ਵੱਧ ਅਸਰ ਬਿਹਾਰ, ਝਾਰਖੰਡ, ਓਡੀਸ਼ਾ, ਅਸਾਮ, ਪੱਛਮੀ ਬੰਗਾਲ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਦੇਖਣ ਨੂੰ ਮਿਲਿਆ। ਸਭ ਤੋਂ ਦੁਖਦਾਈ ਘਟਨਾ 2025 ਦੀ ਹੈ, ਜਦੋਂ ਬਿਹਾਰ ਦੇ ਪੂਰਨੀਆ ਜ਼ਿਲ੍ਹੇ ਦੇ ਟੇਟਗਾਮਾ ਪਿੰਡ ਵਿੱਚ 6 ਜੁਲਾਈ ਦੀ ਰਾਤ ਨੂੰ ਇੱਕ ਪਰਿਵਾਰ ਦੇ ਪੰਜ ਮੈਂਬਰਾਂ—ਮਾਤਾ-ਪਿਤਾ, ਦਾਦੀ, ਭਰਾ ਅਤੇ ਭਾਬੀ—ਨੂੰ ‘ਡਾਇਨ’ ਅਤੇ ਜਾਦੂ-ਟੂਣੇ ਦੇ ਸ਼ੱਕ ਵਿੱਚ ਜਿਉਂਦਿਆਂ ਸਾੜ ਦਿੱਤਾ ਗਿਆ। ਬਿਹਾਰ ਵਿੱਚ ਨਿਰੰਤਰ ਟਰੱਸਟ ਦੀ 2023-24 ਦੀ ਰਿਪੋਰਟ ਮੁਤਾਬਕ, 75,000 ਔਰਤਾਂ ਇਸ ਡਰ ਵਿੱਚ ਜੀਉਂਦੀਆਂ ਨੇ ਕਿ ਕਿਸੇ ਦਿਨ ਉਨ੍ਹਾਂ ’ਤੇ ਵੀ ‘ਡਾਇਨ’ ਦਾ ਲੇਬਲ ਲੱਗ ਸਕਦਾ ਹੈ। ਇਸ ਸਰਵੇਖਣ ਵਿੱਚ 10 ਜ਼ਿਲ੍ਹਿਆਂ ਦੇ 114 ਪਿੰਡਾਂ ਵਿੱਚ 145 ਅਜਿਹੀਆਂ ਔਰਤਾਂ ਨਾਲ ਗੱਲਬਾਤ ਕੀਤੀ ਗਈ, ਜਿਨ੍ਹਾਂ ’ਤੇ ਕਦੇ ‘ਡਾਇਨ’ ਜਾਂ ਜਾਦੂ-ਟੂਣੇ ਦਾ ਦੋਸ਼ ਲੱਗਿਆ ਸੀ। ਇਨ੍ਹਾਂ ਵਿੱਚੋਂ 74% ਔਰਤਾਂ 45 ਸਾਲ ਤੋਂ ਵੱਧ ਉਮਰ ਦੀਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅਨਪੜ੍ਹ ਅਤੇ ਦਿਹਾੜੀ ਮਜ਼ਦੂਰੀ ਕਰਨ ਵਾਲੀਆਂ ਸਨ।

**ਪੰਜਾਬ ਵਿੱਚ ‘ਡਾਇਨ’ ਦੀਆਂ ਘਟਨਾਵਾਂ: ਕੀ ਹੈ ਸੱਚ ?**

ਪੰਜਾਬ ਵਿੱਚ ‘ਡਾਇਨ’ ਦੇ ਨਾਂਅ ’ਤੇ ਹੱਤਿਆਵਾਂ ਦੀਆਂ ਘਟਨਾਵਾਂ ਦੀ ਗਿਣਤੀ ਬਿਹਾਰ ਜਾਂ ਝਾਰਖੰਡ ਵਰਗੇ ਰਾਜਾਂ ਜਿੰਨੀ ਨਹੀਂ, ਪਰ ਇਹ ਸੋਚਣਾ ਕਿ ਪੰਜਾਬ ਇਸ ਤੋਂ ਮੁਕਤ ਹੈ, ਗਲਤ ਹੋਵੇਗਾ। ਪੰਜਾਬ ਦੇ ਪੇਂਡੂ ਖੇਤਰਾਂ, ਖਾਸਕਰ ਸਰਹੱਦੀ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਵਿੱਚ, ਅਜਿਹੀਆਂ ਘਟਨਾਵਾਂ ਦੀਆਂ ਰਿਪੋਰਟਾਂ ਮਿਲਦੀਆਂ ਰਹਿੰਦੀਆਂ ਨੇ। 2022-2025 ਦੀ ਮਿਆਦ ਵਿੱਚ, ਪੰਜਾਬ ਵਿੱਚ ‘ਡਾਇਨ’ ਦੇ ਦੋਸ਼ ਹੇਠ ਸਿੱਧੀ ਹੱਤਿਆ ਦੀਆਂ ਘਟਨਾਵਾਂ ਦੀ ਗਿਣਤਿ ਨਾ-ਮਾਤਰ ਹੈ, ਪਰ ਸਮਾਜਿਕ ਬਾਈਕਾਟ, ਮਾਰਕੁਟ ਅਤੇ ਜਾਦੂ-ਟੂਣੇ ਦੇ ਨਾਂਅ ’ਤੇ ਔਰਤਾਂ ਨੂੰ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਜ਼ਰੂਰ ਸਾਹਮਣੇ ਆਈਆਂ। ਪੰਜਾਬ ਵਿੱਚ ਸਿੱਖਿਆ ਦਾ ਪੱਧਰ ਉੱਚਾ ਹੋਣ ਦੇ ਬਾਵਜੂਦ, ਪੇਂਡੂ ਖੇਤਰਾਂ ਵਿੱਚ ਅਜਿਹੇ ਅੰਧਵਿਸ਼ਵਾਸ ਅਜੇ ਵੀ ਜੜ੍ਹਾਂ ਪਕੜੀ ਬੈਠੇ ਨੇ। (ਬਾਕੀ ਸਫ਼ਾ 31 ’ਤੇ)

### ਸਰਕਾਰੀ ਕਾਰਵਾਈ ਅਤੇ ਕਾਨੂੰਨ ਦੇ ਬਾਵਜੂਦ ਬਦਲਾਅ ਕਿਉਂ ਨਹੀਂ ਆਇਆ ?

ਭਾਰਤ ਵਿੱਚ ‘ਡਾਇਨ’ ਪ੍ਰਥਾ ਵਿਰੁੱਧ ਕਈ ਰਾਜਾਂ ਨੇ ਕਾਨੂੰਨ ਬਣਾਏ ਨੇ। ਬਿਹਾਰ, ਅਸਾਮ, ਰਾਜਸਥਾਨ, ਛੱਤੀਸਗੜ੍ਹ, ਓਡੀਸ਼ਾ ਅਤੇ ਝਾਰਖੰਡ ਵਿੱਚ ‘ਡਾਇਨ ਨਿਸ਼ੇਧ ਅਧਿਨਿਯਮ’ ਲਾਗੂ ਹੈ, ਜਿਸ ਅਧੀਨ ਅਜਿਹੇ ਦੋਸ਼ ਲਾਉਣ ਵਾਲਿਆਂ ਬਾਰੇ ਸਜ਼ਾ ਅਤੇ ਜੁਰਮਾਨੇ ਦਾ ਪ੍ਰਬੰਧ ਹੈ। ਪਰ ਸਵਾਲ ਇਹ ਹੈ—ਕੀ ਇਹ ਕਾਨੂੰਨ ਸੱਚਮੁੱਚ ਕਾਰਗਰ ਨੇ ? ਨਿਰੰਤਰ ਟਰੱਸਟ ਦੀ ਸੰਤੋਸ਼ ਸ਼ਰਮਾ ਦੱਸਦੀ ਹੈ, 81 ਪੰਚਾਇਤਾਂ ਨਾਲ ਗੱਲਬਾਤ ਵਿੱਚ ਜ਼ਿਆਦਾਤਰ ਨੇ ਕਿਹਾ ਕਿ ਉਨ੍ਹਾਂ ਨੂੰ ਬਿਹਾਰ ਦੇ ਡਾਇਨ ਨਿਸ਼ੇਧ ਅਧਿਨਿਯਮ ਦੀ ਜਾਣਕਾਰੀ ਹੀ ਨਹੀਂ। ਜਦੋਂ ਪੰਚਾਇਤਾਂ ਨੂੰ ਹੀ ਕਾਨੂੰਨ ਦਾ ਪਤਾ ਨਹੀਂ, ਤਾਂ ਨਿਆਂ ਦੀ ਆਸ ਕਿਵੇਂ ਰੱਖੀ ਜਾਵੇ ?

2022-2025 ਦੌਰਾਨ ਬਿਹਾਰ, ਝਾਰਖੰਡ ਅਤੇ ਓਡੀਸ਼ਾ ਵਿੱਚ ਕੁਝ ਗ੍ਰਿਫ਼ਤਾਰੀਆਂ ਜ਼ਰੂਰ ਹੋਈਆਂ, ਪਰ ਜ਼ਿਆਦਾਤਰ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ।

ਨਿਰੰਤਰ ਟਰੱਸਟ ਦੀ ਰਿਪੋਰਟ ਮੁਤਾਬਕ, 82% ਦੋਸ਼ੀ ਔਰਤਾਂ ਪਛੜੀਆਂ ਜਾਤੀਆਂ, 51% ਅਨੁਸੂਚਿਤ ਜਾਤੀਆਂ ਅਤੇ 7% ਮੁਸਲਮਾਨ ਸਨ। ਇਹ ਔਰਤਾਂ ਅਕਸਰ ਗਰੀਬ, ਅਨਪੜ੍ਹ ਅਤੇ ਸਮਾਜਿਕ ਤੌਰ ’ਤੇ ਕਮਜ਼ੋਰ ਸਨ। ਨਿਰੰਤਰ ਟਰੱਸਟ ਦੀ ਸੰਤੋਸ਼ ਸ਼ਰਮਾ ਕਹਿੰਦੀ ਹੈ, ਉੱਚ ਜਾਤੀ ਦੀ ਔਰਤ ਨੂੰ ਕੋਈ ‘ਡਾਇਨ’ ਕਹਿਣ ਦੀ ਹਿੰਮਤ ਨਹੀਂ ਕਰਦਾ। ਇਹ ਸਮਾਜ ਦੀ ਉਹ ਸੱਚਾਈ ਹੈ, ਜਿੱਥੇ ਕਮਜ਼ੋਰ ਤੇ ਦਲਿਤ ਔਰਤਾਂ ਨੂੰ ਹੀ ਅਗਨੀ ਪਰੀਖਿਆ ਦੇਣੀ ਪੈਂਦੀ ਹੈ।

‘ਡਾਇਨ’ ਦੇ ਨਾਂਅ ’ਤੇ ਹੋ ਰਹੀਆਂ ਹੱਤਿਆਵਾਂ ਸਮਾਜ ਦੇ ਮੱਥੇ ’ਤੇ ਕਲੰਕ ਨੇ। ਜਦੋਂ ਤੱਕ ਸਿੱਖਿਆ, ਜਾਗਰੂਕਤਾ ਅਤੇ ਸਮਾਜਿਕ ਸਮਾਨਤਾ ਨੂੰ ਨਾ ਵਧਾਇਆ ਜਾਵੇ, ਇਹ ਅਗਨੀ ਪਰੀਖਿਆ ਜਾਰੀ ਰਹੇਗੀ। ਸਰਕਾਰ ਨੂੰ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਪੰਚਾਇਤਾਂ ਨੂੰ ਜਾਗਰੂਕ ਕਰਨਾ ਹੋਵੇਗਾ ਅਤੇ ਸਮਾਜ ਨੂੰ ਇਹ ਸਮਝਾਉਣਾ ਹੋਵੇਗਾ ਕਿ ‘ਡਾਇਨ’ ਕੋਈ ਸੱਚਾਈ ਨਹੀਂ, ਸਗੋਂ ਸਦੀਆਂ ਪੁਰਾਣੀ ਨਫ਼ਰਤ ਦੀ ਉਪਜ ਹੈ। ਜਦੋਂ ਤੱਕ ਹਰ ਔਰਤ ਨੂੰ ਸਮਾਨਤਾ ਅਤੇ ਸੁਰੱਖਿਆ ਨਹੀਂ ਮਿਲਦੀ, ਇਹ ਅੱਗ ਸਮਾਜ ਨੂੰ ਸਾੜਦੀ ਰਹੇਗੀ।

# ਈ.ਡੀ. ਦੀ ਜਾਅਲੀ ਟਰੈਵਲ ਏਜੰਟਾਂ ’ਤੇ ਕਾਰਵਾਈ 11 ਥਾਵਾਂ ’ਤੇ ਛਾਪੇ ਮਾਰੇ, ਮਨੀ ਲਾਂਡਰਿੰਗ ਦਾ ਸ਼ੱਕ

- ਡਾਰੀਅਨ ਗੈਪ ਦਾ ਖ਼ਤਰਨਾਕ ਜੰਗਲ: ‘ਡੰਕੀ ਰੂਟ’ ਦਾ ਸਭ ਤੋਂ ਖ਼ਤਰਨਾਕ ਰਸਤਾ
- ਜੰਗਲ, ਮਾਫ਼ੀਆ ਤੇ ਜਿਨਸੀ ਹਿੰਸਾ ਨੇ ਸੁਪਨਿਆਂ ਨੂੰ ਮੌਤ ਦੇ ਮੂੰਹ ਵਿੱਚ ਧੱਕਿਆ





ਪੰਜਾਬ, ਹਰਿਆਣਾ ਦੀ ਧਰਤੀ, ਜਿੱਥੇ ਖੇਤਾਂ ਦੀ ਮਿੱਟੀ ਵਿਚੋਂ ਸੁਗੰਧ ਉੱਠਦੀ ਹੈ ਤੇ ਉੱਥੇ ਦੇ ਲੋਕਾਂ ਦੇ ਸੁਪਨੇ ਅਕਸਰ ਪਰਦੇਸ ਵੱਲ ਜਾਂਦੇ ਨੇ। ਅਮਰੀਕਾ ਜਾਂ ਕੈਨੇਡਾ ਦੀਆਂ ਚਮਕਦੀਆਂ ਸੜਕਾਂ, ਵੱਡੇ-ਵੱਡੇ ਮਕਾਨ ਤੇ ਡਾਲਰਾਂ ਦੀ ਚਮਕ ਨੇ ਕਈਆਂ ਦੇ ਮਨ ਵਿੱਚ ਘਰ ਕਰ ਲਿਆ। ਪਰ ਇਹ ਸੁਪਨੇ ਕਈ ਵਾਰੀ ਅਜਿਹੀਆਂ ਰਾਹਾਂ ’ਤੇ ਲੈ ਜਾਂਦੇ ਨੇ, ਜਿੱਥੇ ਸੁਰੱਖਿਆ ਦੀ ਥਾਂ ਖ਼ਤਰੇ ਤੇ ਸੁਖ ਦੀ ਥਾਂ ਸਿਰਫ਼ ਦੁੱਖ ਹੀ ਮਿਲਦੇ ਨੇ। ਇਹ ਦੁਖਾਂਤਕ ਦਾਸਤਾਨ ਉਨ੍ਹਾਂ ਭੋਲੇ-ਭਾਲੇ ਲੋਕਾਂ ਦੀ ਹੈ, ਜਿਹੜੇ ‘ਡੰਕੀ ਰੂਟ’ ਦੇ ਝਾਂਸੇ ਵਿੱਚ ਆ ਕੇ ਆਪਣੀ ਜ਼ਿੰਦਗੀ ਦੀ ਪੂੰਜੀ ਗੁਆ ਬੈਠਦੇ ਨੇ। ਪੰਜਾਬ-ਹਰਿਆਣਾ ਦੇ ਟਰੈਵਲ ਏਜੰਟਾਂ ਨੇ ਭੋਲੇ-ਭਾਲੇ ਲੋਕਾਂ ਨੂੰ ਅਮਰੀਕਾ ਜਾਂ ਕੈਨੇਡਾ ਵਿੱਚ ਸੈਟਲ ਕਰਨ ਦੇ ਸੁਪਨੇ ਵਿਖਾਏ, ਤੇ ਉਨ੍ਹਾਂ ਨੂੰ ‘ਡੰਕੀ ਰੂਟ’ ਦੇ ਖਤਰਨਾਕ ਜੰਗਲੀ ਰਾਹਾਂ ’ਤੇ ਧੱਕ ਦਿੱਤਾ। 2025 ਦੇ ਜੁਲਾਈ ਵਿੱਚ ਈ.ਡੀ. ਨੇ ਇਹਨਾਂ ਏਜੰਟਾਂ ’ਤੇ ਨਕੇਲ ਪਾਉਣ ਲਈ ਵੱਡਾ ਅਪਰੇਸ਼ਨ ਸ਼ੁਰੂ ਕੀਤਾ। ਪਿਛਲੇ ਦਿਨੀਂ ਜਲੰਧਰ ਦੇ ਜ਼ੋਨਲ ਦਫ਼ਤਰ ਤੋਂ ਈ.ਡੀ. ਦੀਆਂ ਟੀਮਾਂ ਨੇ ਪੰਜਾਬ ਦੇ ਅੰਮ੍ਰਿਤਸਰ, ਸੰਗਰੂਰ, ਪਟਿਆਲਾ, ਮੋਗਾ, ਤਰਨਤਾਰਨ ਤੇ ਹਰਿਆਣਾ ਦੇ ਅੰਬਾਲਾ, ਕੁਰੂਕਸ਼ੇਤਰ ਤੇ ਕਰਨਾਲ ਵਿੱਚ 11 ਥਾਂਵਾਂ ’ਤੇ ਛਾਪੇ ਮਾਰੇ। ਈ.ਡੀ. ਦੀਆਂ ਨਜ਼ਰਾਂ ’ਤੇ ਸੀ ਉਨ੍ਹਾਂ ਏਜੰਟਾਂ ਦੇ ਘਰ ਤੇ ਦਫ਼ਤਰ, ਜਿਹੜੇ ਮਨੀ ਲਾਂਡਰਿੰਗ ਦੇ ਖੇਡ ਵਿੱਚ ਸ਼ਾਮਲ ਸਨ। ਮੋਗਾ ਵਿੱਚ ਭਾਰਤੀ ਕਿਸਾਨ ਯੂਨੀਅਨ (ਤੋਤੇਵਾਲ) ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਦੇ ਘਰ ਵੀ ਈ.ਡੀ. ਦੀਆਂ ਟੀਮਾਂ ਪਹੁੰਚੀਆਂ। ਇਸੇ ਤਰ੍ਹਾਂ ਤਰਨਤਾਰਨ ਦੇ ਚੋਹਲਾ ਸਾਹਿਬ ਵਿੱਚ ਆਮ ਆਦਮੀ ਪਾਰਟੀ ਨਾਲ ਜੁੜੇ ਇੱਕ ਨੇਤਾ ਦੇ ਘਰ ਵੀ ਜਾਂਚ ਹੋਈ। ਇਹ ਛਾਪੇ 17 ਐਫ਼.ਆਈ.ਆਰਾਂ. ਦੇ ਅਧਾਰ ’ਤੇ ਮਾਰੇ ਗਏ, ਜਿਹੜੀਆਂ ਪੰਜਾਬ ਤੇ ਹਰਿਆਣਾ ਪੁਲਿਸ ਨੇ ਇਹਨਾਂ ਏਜੰਟਾਂ ਖ਼ਿਲਾਫ਼ ਦਰਜ ਕੀਤੀਆਂ ਸਨ। ਇਹ ਏਜੰਟ ਲੋਕਾਂ ਨੂੰ 40 ਤੋਂ 50 ਲੱਖ ਰੁਪਏ ਲੈ ਕੇ ਅਮਰੀਕਾ ਵਿੱਚ ਜਹਾਜ਼ ਰਾਹੀਂ ‘ਕਾਨੂੰਨੀ’ ਤਰੀਕੇ ਨਾਲ ਪਹੁੰਚਾਉਣ ਦਾ ਵਾਅਦਾ ਕਰਦੇ ਸਨ, ਪਰ ਅਸਲ ਵਿੱਚ ਉਨ੍ਹਾਂ ਨੂੰ ਜੰਗਲਾਂ, ਨਦੀਆਂ ਤੇ ਖਤਰਨਾਕ ਰਾਹਾਂ ਰਾਹੀਂ ‘ਡੰਕੀ ਰੂਟ’ ’ਤੇ ਭੇਜ ਦਿੰਦੇ ਸਨ।

**2024-2025 ਵਿੱਚ ਹੋਈਆਂ ਛਾਪੇਮਾਰੀਆਂ ਤੇ ਗ੍ਰਿਫ਼ਤਾਰੀਆਂ**

2024 ਦੇ ਅਖੀਰ ਤੋਂ 2025 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਈ.ਡੀ. ਨੇ ਕਈ ਵਾਰੀ ਛਾਪੇ ਮਾਰੇ। 25 ਫ਼ਰਵਰੀ 2025 ਨੂੰ ਲੁਧਿਆਣਾ ਤੇ ਚੰਡੀਗੜ੍ਹ ਵਿੱਚ ਪੰਜ ਥਾਂਵਾਂ ’ਤੇ ਛਾਪੇ ਮਾਰੇ ਗਏ, ਜਿੱਥੇ ਈ.ਡੀ. ਨੇ 19 ਲੱਖ ਰੁਪਏ ਨਕਦੀ, ਡਿਜੀਟਲ ਡਿਵਾਈਸਾਂ ਤੇ ਅਹਿਮ ਦਸਤਾਵੇਜ਼ ਜ਼ਬਤ ਕੀਤੇ। 9 ਜੁਲਾਈ 2025 ਨੂੰ ਫ਼ਿਰ 11 ਥਾਂਵਾਂ ’ਤੇ ਵੱਡੀ ਕਾਰਵਾਈ ਹੋਈ, ਜਿਸ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ। ਗ੍ਰਿਫ਼ਤਾਰੀਆਂ ਦੀ ਗੱਲ ਕਰੀਏ, ਤਾਂ ਈ.ਡੀ. ਦੀਆਂ ਛਾਪੇਮਾਰੀਆਂ ਤੋਂ ਇਲਾਵਾ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਨੇ ਵੀ ਇਸ ਮਾਮਲੇ ਵਿੱਚ ਛਾਪੇ ਮਾਰੇ। ਮਾਰਚ 2025 ਵਿੱਚ ਐਨ.ਆਈ.ਏ. ਨੇ ਗਗਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨੇ 100 ਤੋਂ ਵੱਧ ਲੋਕਾਂ ਨੂੰ ‘ਡੰਕੀ ਰੂਟ’ ਰਾਹੀਂ ਅਮਰੀਕਾ ਭੇਜਿਆ ਸੀ। ਜੁਲਾਈ 2025 ਵਿੱਚ ਐਨ.ਆਈ.ਏ. ਨੇ ਦੋ ਹੋਰ ਮੁਲਜ਼ਮਾਂ ਸੰਨੀ (ਉਰਫ਼ ਸੰਨੀ ਡੌਂਕਰ) ਤੇ ਸ਼ੁਭਮ ਸੰਧਲ (ਉਰਫ਼ ਦੀਪ ਹੁੰਡੀ) ਨੂੰ ਹਿਮਾਚਲ ਪ੍ਰਦੇਸ਼ ਤੇ ਦਿੱਲੀ ’ਚੋਂ ਗ੍ਰਿਫ਼ਤਾਰ ਕੀਤਾ ਸੀ। ਈ.ਡੀ. ਦੀਆਂ ਛਾਪੇਮਾਰੀਆਂ ਵਿੱਚ ਅਜੇ ਤੱਕ ਕਈ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਹੋਈ, ਪਰ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਜਾਂਚ ਜਾਰੀ ਹੈ ਤੇ ਜਲਦੀ ਹੀ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਨੇ।

**ਭਾਰਤ ਸਰਕਾਰ ਦੀ ਸਖ਼ਤੀ**

ਭਾਰਤ ਸਰਕਾਰ ਨੇ ਇਸ ਮਨੁੱਖੀ ਤਸਕਰੀ ਦੇ ਰੈਕੇਟ ਨੂੰ ਲੈ ਕੇ ਸਖ਼ਤ ਰੁਖ ਅਖਤਿਆਰ ਕੀਤਾ ਹੈ। ਈ.ਡੀ. ਨੇ ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ (ਪੀ.ਐਮ.ਐਲ.ਏ.) ਅਧੀਨ ਜਾਂਚ ਸ਼ੁਰੂ ਕੀਤੀ, ਕਿਉਂਕਿ ਇਹ ਏਜੰਟ ਨਾ ਸਿਰਫ਼ ਲੋਕਾਂ ਨੂੰ ਠੱਗਦੇ ਸਨ, ਸਗੋਂ ਉਨ੍ਹਾਂ ਦੀਆਂ ਕਮਾਈਆਂ ਨੂੰ ਮਨੀ ਲਾਂਡਰਿੰਗ ਰਾਹੀਂ ਛੁਪਾਉਂਦੇ ਸਨ। ਇਹਨਾਂ ਏਜੰਟਾਂ ਨੇ ਝੂਠੇ ਵੀਜ਼ੇ, ਜਾਅਲੀ ਸਰਟੀਫ਼ਿਕੇਟ ਤੇ ਨਕਲੀ ਤਜਰਬਾ ਪੱਤਰ ਬਣਾ ਕੇ ਲੋਕਾਂ ਦੀਆਂ ਜੇਬਾਂ ’ਤੇ ਡਾਕਾ ਮਾਰਿਆ। ਈ.ਡੀ. ਦੀ ਜਾਂਚ ਵਿੱਚ ਪਤਾ ਲੱਗਾ ਕਿ ਇਹ ਏਜੰਟ ਸਥਾਨਕ ਗੁੰਡਿਆਂ ਤੇ ਮਾਫ਼ੀਆ ਨਾਲ ਮਿਲ ਕੇ ਪੀੜਤਾਂ ਦੇ ਪਰਿਵਾਰਾਂ ਨੂੰ ਧਮਕੀਆਂ ਦਿੰਦੇ ਸਨ, ਤਾਂ ਜੋ ਉਹ ਹੋਰ ਪੈਸੇ ਦੇਣ ਲਈ ਮਜਬੂਰ ਹੋ ਜਾਣ। ਸਰਕਾਰ ਦੀ ਸਖ਼ਤੀ ਦਾ ਸਬੂਤ ਇਹ ਵੀ ਹੈ ਕਿ ਜਿਹੜੇ ਲੋਕ ਡਿਪੋਰਟ ਹੋ ਕੇ ਵਾਪਸ ਆਏ, ਉਨ੍ਹਾਂ ਦੇ ਬਿਆਨ ਰਿਕਾਰਡ ਕਰਕੇ ਈ.ਡੀ. ਨੇ ਇਸ ਨੈਟਵਰਕ ਦੀਆਂ ਜੜ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਸੀ।

**ਅਮਰੀਕਾ ਦੀ ਡਿਪੋਰਟੇਸ਼ਨ ਨੀਤੀ: ਸੁਪਨਿਆਂ ਦਾ ਅੰਤ**

ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਨੇ ਗ਼ੈਰਕਾਨੂੰਨੀ ਪਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਸ਼ੁਰੂ ਕੀਤੀ। 2025 ਫ਼ਰਵਰੀ ਵਿੱਚ ਅਮਰੀਕਾ ਨੇ 380 ਤੋਂ ਵੱਧ ਭਾਰਤੀਆਂ ਨੂੰ, ਜਿਹੜੇ ‘ਡੰਕੀ ਰੂਟ’ ਰਾਹੀਂ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਵਿੱਚ ਸਨ, ਵਾਪਸ ਭਾਰਤ ਡਿਪੋਰਟ ਕਰ ਦਿੱਤਾ। ਇਹਨਾਂ ਵਿਚੋਂ 131 ਸਿਰਫ਼ ਪੰਜਾਬ ਦੇ ਸਨ, ਜਿਹੜੇ ਅਮਰੀਕੀ ਫ਼ੌਜੀ ਜਹਾਜ਼ਾਂ ਵਿੱਚ ਹੱਥਕੜੀਆਂ ਪਾਈ ਵਾਪਸ ਅੰਮ੍ਰਿਤਸਰ ਏਅਰਪੋਰਟ ’ਤੇ ਉੱਤਰੇ। (ਬਾਕੀ ਸਫ਼ਾ 31 ’ਤੇ)

## ਦਰਪਣ ਝੂਠ ਨਹੀਂ ਬੋਲਦਾ

# ਮੋਦੀ ਦੀ ਥਾਂ ਕੌਣ ਲਵੇਗਾ ? ਸੰਘ ਦੇ ਬਿਆਨ ਮਗਰੋਂ ਜਾਨਸ਼ੀਨੀ ਦੀਆਂ ਅਟਕਲਾਂ ਤੇਜ਼

## ਭਾਜਪਾ ਨੇ ਸਪੱਸ਼ਟ ਕੀਤਾ ਕਿ ਮੋਦੀ ਦੀ ਸੇਵਾਮੁਕਤੀ ਦੀ ਕੋਈ ਯੋਜਨਾ ਨਹੀਂ

ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਦੇ ਇੱਕ ਬਿਆਨ ਨੇ ਭਾਰਤੀ ਸਿਆਸਤ ਵਿੱਚ ਭੁਚਾਲ ਲਿਆ ਦਿੱਤਾ ਹੈ। ਉਨ੍ਹਾਂ ਨੇ 75 ਸਾਲ ਦੀ ਉਮਰ ਤੋਂ ਬਾਅਦ ਸੇਵਾਮੁਕਤੀ ਦੀ ਗੱਲ ਕਹੀ, ਜਿਸ ਨੂੰ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੋੜ ਕੇ ਹੰਗਾਮਾ ਖੜ੍ਹਾ ਕਰ ਦਿੱਤਾ। ਮੋਦੀ, ਜੋ ਇਸ ਸਾਲ 17 ਸਤੰਬਰ 2025 ਨੂੰ 75 ਸਾਲ ਦੇ ਹੋ ਜਾਣਗੇ, ਨੂੰ ਵਿਰੋਧੀ ਪਾਰਟੀਆਂ ਨੇ ਸੰਘ ਦੇ ਇਸ ਬਿਆਨ ਦੇ ਬਹਾਨੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਵਿਰੋਧੀ ਇਸ ਨੂੰ ਮੋਦੀ ਲਈ ਅਸਿੱਧਾ ਸੁਨੇਹਾ ਮੰਨ ਰਹੇ ਹਨ, ਜਦਕਿ ਭਾਜਪਾ ਨੇ ਸਪੱਸ਼ਟ ਕੀਤਾ ਹੈ ਕਿ ਮੋਦੀ ਦੀ ਸੇਵਾਮੁਕਤੀ ਦੀ ਕੋਈ ਯੋਜਨਾ ਨਹੀਂ।

ਇਥੇ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਨਾਗਪੁਰ ਵਿੱਚ ਇੱਕ ਪੁਸਤਕ ਰਿਲੀਜ਼ ਸਮਾਗਮ ਦੌਰਾਨ ਮੋਹਨ ਭਾਗਵਤ ਨੇ ਕਿਹਾ, 'ਜਦੋਂ ਤੁਸੀਂ 75 ਸਾਲ ਦੇ ਹੋ ਜਾਂਦੇ ਹੋ, ਤਾਂ ਇਸ ਦਾ ਮਤਲਬ ਹੈ ਕਿ ਹੁਣ ਤੁਹਾਨੂੰ ਰੁਕ ਜਾਣਾ ਚਾਹੀਦਾ। ਦੂਜਿਆਂ ਨੂੰ ਮੌਕਾ ਦੇਣਾ ਚਾਹੀਦਾ।' ਉਨ੍ਹਾਂ ਨੇ ਮਰਹੂਮ ਸੰਘ ਵਿਚਾਰਕ ਮੋਰੋਪੰਤ ਪਿੰਗਲੇ ਦੇ ਸ਼ਬਦਾਂ ਨੂੰ ਯਾਦ ਕਰਦਿਆਂ ਕਿਹਾ, 'ਜੇ 75 ਸਾਲ ਦੀ ਉਮਰ ਮਗਰੋਂ ਤੁਹਾਨੂੰ ਸ਼ਾਲ ਪਹਿਨਾਈ ਜਾਂਦੀ ਹੈ, ਤਾਂ ਸਮਝੋ ਕਿ ਹੁਣ ਤੁਸੀਂ ਬੁੱਢੇ ਹੋ ਗਏ ਹੋ। ਇੱਕ ਪਾਸੇ ਹਟੋ ਤੇ ਨਵੀਂ ਪੀੜ੍ਹੀ ਨੂੰ ਅੱਗੇ ਆਉਣ ਦਿਓ।'

ਇਸ ਬਿਆਨ ਨੂੰ ਸੁਣਦਿਆਂ ਹੀ ਸਿਆਸੀ ਗਲਿਆਰਿਆਂ ਵਿੱਚ ਹਲਚਲ ਮੱਚ ਗਈ। ਕਾਰਨ ਸਾਫ਼ ਸੀ - ਮੋਹਨ ਭਾਗਵਤ ਖੁਦ 11 ਸਤੰਬਰ 2025 ਨੂੰ 75 ਸਾਲ ਦੇ ਹੋਣਗੇ, ਅਤੇ ਪ੍ਰਧਾਨ ਮੰਤਰੀ ਮੋਦੀ ਵੀ 17 ਸਤੰਬਰ ਨੂੰ 75 ਸਾਲ ਦੇ ਹੋ ਜਾਣਗੇ।

ਵਿਰੋਧੀ ਪਾਰਟੀਆਂ ਨੇ ਇਸ ਬਿਆਨ ਨੂੰ ਮੋਦੀ ਦੇ ਖ਼ਿਲਾਫ਼ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਕਾਂਗਰਸ ਦੇ



ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਤਨਜ ਕਸਦਿਆਂ ਲਿਖਿਆ, 'ਵਿਚਾਰਾ ਐਵਾਰਡ-ਜੀਵੀ ਪ੍ਰਧਾਨ ਮੰਤਰੀ! ਵਿਦੇਸ਼ ਤੋਂ ਮੁੜਦੇ ਹੀ ਸੰਘ ਸੰਚਾਲਕ ਨੇ ਯਾਦ ਦਿਵਾ ਦਿੱਤਾ ਕਿ 17 ਸਤੰਬਰ 2025 ਨੂੰ ਉਹ 75 ਸਾਲ ਦੇ ਹੋ ਜਾਣਗੇ। ਪਰ ਮੋਦੀ ਵੀ ਭਾਗਵਤ ਨੂੰ ਕਹਿ ਸਕਦੇ ਹਨ ਕਿ ਤੁਸੀਂ ਵੀ ਤਾਂ 11 ਸਤੰਬਰ ਨੂੰ 75 ਦੇ ਹੋ ਜਾਓਗੇ!'

ਸ਼ਿਵ ਸੈਨਾ (ਯੂ.ਬੀ.ਟੀ.) ਦੇ ਆਗੂ ਸੰਜੈ ਰਾਉਤ ਨੇ ਕਿਹਾ, 'ਮੋਦੀ ਨੇ 75 ਸਾਲ ਦੀ ਉਮਰ ਪੂਰੀ ਹੋਣ 'ਤੇ ਐੱਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਜਸਵੰਤ ਸਿੰਘ ਵਰਗੇ ਵੱਡੇ ਆਗੂਆਂ ਨੂੰ ਸਿਆਸਤ ਤੋਂ ਬਾਹਰ ਕਰ ਦਿੱਤਾ ਸੀ। ਹੁਣ ਦੇਖੀਏ, ਕੀ ਉਹ ਇਹ ਨਿਯਮ ਆਪਣੇ 'ਤੇ ਵੀ ਲਾਗੂ ਕਰਦੇ ਹਨ?' ਕਾਂਗਰਸ ਦੇ ਸੀਨੀਅਰ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਵੀ ਤੰਜ ਕਸਦਿਆਂ ਕਿਹਾ, 'ਬਿਨਾਂ ਅਮਲ ਕੀਤੇ ਉਪਦੇਸ਼ ਦੇਣਾ ਹਮੇਸ਼ਾ ਖਤਰਨਾਕ ਹੁੰਦਾ ਹੈ। ਮਾਰਗਦਰਸ਼ਕ ਮੰਡਲ ਦੀ 75 ਸਾਲ ਦੀ ਉਮਰ ਹੱਦ ਮੋਦੀ ਜੀ 'ਤੇ ਨਹੀਂ ਲੱਗੇਗੀ। ਸੰਘ ਦਾ ਸੰਕੇਤ ਸਪੱਸ਼ਟ ਹੈ, ਪਰ ਮੌਜੂਦਾ ਪ੍ਰਬੰਧ ਨੂੰ ਛੋਟ ਦਿੱਤੀ ਜਾਵੇਗੀ।'ਆਮ ਆਦਮੀ ਪਾਰਟੀ (ਆਪ) ਦੇ ਆਗੂ ਸੌਰਭ ਭਾਰਦਵਾਜ ਨੇ ਕਿਹਾ, 'ਹੁਣ ਤਾਂ ਸੰਘ ਵੀ ਸੰਕੇਤ ਦੇ ਰਿਹਾ ਹੈ ਕਿ ਮੋਦੀ ਨੂੰ 75 ਸਾਲ ਦੀ ਉਮਰ ਮਗਰੋਂ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣਾ ਚਾਹੀਦਾ।'ਦੂਜੇ ਪਾਸੇ ਭਾਜਪਾ ਦਾ ਕਹਿਣਾ ਹੈ ਕਿ ਮੋਦੀ ਦੀ ਸੇਵਾਮੁਕਤੀ ਦੀ ਕੋਈ ਯੋਜਨਾ ਨਹੀਂ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਈ 2023 ਵਿੱਚ ਹੀ ਸਾਫ਼ ਕਰ ਦਿੱਤਾ ਸੀ, 'ਮੋਦੀ 2029 ਤੱਕ ਸਰਕਾਰ ਦੀ ਅਗਵਾਈ ਕਰਦੇ ਰਹਿਣਗੇ। ਸੇਵਾਮੁਕਤੀ ਦੀਆਂ ਅਫ਼ਵਾਹਾਂ ਵਿੱਚ ਕੋਈ ਸੱਚਾਈ ਨਹੀਂ।' ਭਾਜਪਾ ਦਾ ਕਹਿਣਾ ਹੈ ਕਿ ਮੋਹਨ ਭਾਗਵਤ ਦਾ ਬਿਆਨ ਸਿਰਫ਼ ਮੋਰੋਪੰਤ ਪਿੰਗਲੇ ਦੇ ਵਿਚਾਰਾਂ ਦਾ ਹਵਾਲਾ ਸੀ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ਨਿਸ਼ਾਨਾ ਬਣਾਉਣ ਵਾਲਾ।

## ਮਾਮਲਾ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਲਾਪਤਾ ਦਾ

# ਡੱਲੇਵਾਲ ਤੇ ਵਡਾਲਾ ਦਾ ਸਰਕਾਰ ਨੂੰ ਅਲਟੀਮੇਟਮ: 15 ਦਿਨ 'ਚ ਕਾਰਵਾਈ ਦੀ ਮੰਗ

## ਸ਼੍ਰੋਮਣੀ ਕਮੇਟੀ 'ਤੇ ਸਵਾਲ: ਸਰੂਪਾਂ ਦੀ ਸੰਭਾਲ 'ਚ ਲਾਪਰਵਾਹੀ ਦੇ ਦੋਸ਼

## ਅਕਾਲ ਤਖ਼ਤ ਸਾਹਿਬ ਦੀ ਰਿਪੋਰਟ ਬਾਰੇ ਸੰਗਤ ਦੀ ਨਾਰਾਜ਼ਗੀ: ਬਰਾਮਦਗੀ ਅਜੇ ਵੀ ਅਧੂਰੀ

ਸਿੱਖ ਧਰਮ ਦੇ ਸਰਵਉੱਚ ਅਤੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦਾ ਮੁੱਦਾ ਸਿੱਖ ਸੰਗਤ ਵਿੱਚ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮਾਮਲੇ ਨੂੰ ਲੈ ਕੇ ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 15 ਦਿਨਾਂ ਦਾ ਸਮਾਂ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਵਾਏ ਜਾਣ, ਨਹੀਂ ਤਾਂ ਵੱਡੇ ਪੱਧਰ 'ਤੇ ਸੰਗਤ ਦਾ ਇਕੱਠ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੀ ਖ਼ਬਰ ਨੇ ਸਿੱਖ ਪੰਥ ਵਿੱਚ ਹਲਚਲ ਮਚਾ ਦਿੱਤੀ ਸੀ। ਇਹ ਮੁੱਦਾ ਪਹਿਲੀ ਵਾਰ 2015 ਵਿੱਚ ਉਦੋਂ ਸਾਹਮਣੇ ਆਇਆ ਜਦੋਂ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਘਟਨਾ ਨੇ ਸਿੱਖ ਸੰਗਤ ਵਿੱਚ ਭਾਰੀ ਰੋਸ ਪੈਦਾ ਕੀਤਾ ਸੀ ਅਤੇ ਪੰਥਕ ਜਥੇਬੰਦੀਆਂ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਸੀ। ਬਾਅਦ ਵਿੱਚ, ਸਿੱਖ ਸਦਭਾਵਨਾ ਦਲ ਦੀ ਅਗਵਾਈ ਵਿੱਚ ਬਲਦੇਵ ਸਿੰਘ ਵਡਾਲਾ ਨੇ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਲਾਪਤਾ ਹਨ। ਇਸ ਮਾਮਲੇ ਨੇ ਸਿੱਖ ਸੰਗਤ ਵਿੱਚ ਗੁੱਸੇ ਅਤੇ ਨਿਰਾਸ਼ਾ ਦੀ ਲਹਿਰ ਪੈਦਾ ਕਰ ਦਿੱਤੀ ਸੀ, ਕਿਉਂਕਿ ਇਹ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਗ੍ਰੰਥ ਨਾਲ ਸਬੰਧਿਤ ਮੁੱਦਾ ਹੈ।

ਬੀਤੇ ਦਿਨੀਂ ਜਗਜੀਤ ਸਿੰਘ ਡੱਲੇਵਾਲ, ਜੋ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਪ੍ਰਮੁੱਖ ਆਗੂ ਹਨ, ਅਤੇ ਬਲਦੇਵ ਸਿੰਘ ਵਡਾਲਾ, ਸਿੱਖ ਸਦਭਾਵਨਾ ਦਲ ਦੇ ਮੁਖੀ, ਨੇ ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ ਵਿੱਚ ਸਾਂਝੇ ਤੌਰ 'ਤੇ ਇਸ ਮੁੱਦੇ ਨੂੰ ਉਠਾਇਆ ਸੀ। ਉਨ੍ਹਾਂ ਨੇ ਸਰਕਾਰ ਅਤੇ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਕਿ ਉਹ ਇਸ ਮਾਮਲੇ ਵਿੱਚ ਗੰਭੀਰਤਾ ਨਹੀਂ ਵਿਖਾਉਂਦੇ ਅਤੇ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦੇਣ ਵਿੱਚ ਨਾਕਾਮ ਰਹੇ ਹਨ। ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਕਿਹਾ ਕਿ ਜਦੋਂ ਕਿਸਾਨ ਸੰਘਰਸ਼ ਕਰ ਰਹੇ ਸਨ, ਸਿੱਖ ਸਦਭਾਵਨਾ ਦਲ ਨੇ ਸਾਡਾ ਸਮਰਥਨ ਕੀਤਾ ਸੀ। ਹੁਣ ਸਾਡੀ ਵਾਰੀ ਹੈ ਕਿ ਅਸੀਂ ਸਿੱਖ ਸੰਗਤ ਦੇ ਇਸ ਅਹਿਮ ਮੁੱਦੇ 'ਤੇ ਉਨ੍ਹਾਂ ਨਾਲ ਖੜ੍ਹੀਏ। ਅਸੀਂ ਸਰਕਾਰ ਨੂੰ 15 ਦਿਨ ਦਾ ਸਮਾਂ ਦਿੰਦੇ ਹਾਂ ਕਿ ਜ਼ਿੰਮੇਵਾਰ ਲੋਕਾਂ 'ਤੇ ਕੇਸ ਦਰਜ ਕੀਤੇ ਜਾਣ। ਜੇ ਅਜਿਹਾ ਨਾ ਹੋਇਆ, ਤਾਂ ਅਸੀਂ ਵੱਡਾ ਇਕੱਠ ਸੱਦਾਂਗੇ ਅਤੇ ਅਗਲੇ ਸੰਘਰਸ਼ ਦਾ ਐਲਾਨ ਕਰਾਂਗੇ। ਬਲਦੇਵ ਸਿੰਘ ਵਡਾਲਾ, ਜੋ ਪਿਛਲੇ 57 ਮਹੀਨਿਆਂ ਤੋਂ ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ 'ਤੇ ਧਰਨੇ 'ਤੇ ਬੈਠੇ ਹਨ, ਨੇ ਸਰਕਾਰ 'ਤੇ ਸਖ਼ਤ ਤੰਜ ਕੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ 57 ਮਹੀਨਿਆਂ ਤੋਂ ਇੱਥੇ ਸੰਘਰਸ਼ ਕਰ ਰਹੇ ਹਾਂ, ਪਰ ਨਾ ਸਰਕਾਰ ਨੇ ਕੋਈ ਕਾਰਵਾਈ ਕੀਤੀ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਜ਼ਿੰਮੇਵਾਰੀ ਲਈ ਪਰ ਅਸੀਂ ਸੰਗਤ ਦੀ ਭਾਵਨਾ ਨਾਲ ਖਿਲਵਾੜ ਨਹੀਂ ਹੋਣ ਦੇਵਾਂਗੇ। ਵਡਾਲਾ ਅਤੇ ਡੱਲੇਵਾਲ ਦਾ ਮੰਨਣਾ ਹੈ ਕਿ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ ਨੂੰ ਜਾਣ-ਬੁੱਝ ਕੇ ਅਣਗੌਲਿਆ ਕੀਤਾ ਹੈ, ਜਿਸ ਕਾਰਨ ਸੰਗਤ ਵਿੱਚ ਰੋਸ ਵਧ ਰਿਹਾ ਹੈ। ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ ਨੇ ਸ਼੍ਰੋਮਣੀ ਕਮੇਟੀ 'ਤੇ ਸਿੱਧੇ ਤੌਰ 'ਤੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਰੂਪਾਂ ਦੀ ਸਹੀ ਰਿਕਾਰਡ-ਕੀਪਿੰਗ ਨਹੀਂ ਕੀਤੀ ਅਤੇ ਨਾ ਹੀ ਇਸ ਮਾਮਲੇ ਵਿੱਚ ਕੋਈ ਠੋਸ ਕਾਰਵਾਈ ਕੀਤੀ ਹੈ। ਵਡਾਲਾ ਨੇ ਇਹ ਵੀ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਨਾਕਾਮੀ ਕਾਰਨ ਹੀ ਇਹ ਸਰੂਪ ਲਾਪਤਾ ਹੋਏ ਹਨ, ਅਤੇ ਸਰਕਾਰ ਦੀ ਮਿਲੀਭੁਗਤ ਨਾਲ ਇਸ ਮੁੱਦੇ ਨੂੰ ਦਬਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਅਜੇ ਤੱਕ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ। ਸਿੱਖ ਸੰਗਤ ਵਿੱਚ ਇਹ ਧਾਰਨਾ ਬਣ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਪਾਰਦਰਸ਼ਤਾ ਨਹੀਂ ਵਿਖਾ ਰਹੀ।

# ਪੰਜਾਬ ਦੇ ਵਪਾਰੀਆਂ ਨਾਲ ਵਿਤਕਰਾ ਕਿਉਂ ?

## ਹੁਸੈਨੀਵਾਲਾ-ਬਾਘਾ ਬਾਰਡਰ ਬੰਦ, ਪਰ ਭਾਰਤ-ਪਾਕਿ ਵਪਾਰ ਤਿੰਨ ਸਾਲ ਦੇ ਸਿਖਰ 'ਤੇ ਕਿਉਂ?

ਸਟੇਟ ਬੈਂਕ ਆਫ਼ ਪਾਕਿਸਤਾਨ (ਐੱਸ.ਬੀ.ਪੀ.) ਦੀ ਇੱਕ ਤਾਜ਼ਾ ਰਿਪੋਰਟ ਨੇ ਚੌਂਕਾਉਣ ਵਾਲਾ ਖੁਲਾਸਾ ਕੀਤਾ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ, ਫ਼ੌਜੀ ਟਕਰਾਅ ਅਤੇ ਸਰਹੱਦਾਂ ਦੇ ਬੰਦ ਹੋਣ ਦੇ ਬਾਵਜੂਦ ਵਪਾਰ ਨਾ ਸਿਰਫ਼ ਜਾਰੀ ਹੈ, ਸਗੋਂ ਤਿੰਨ ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਜਦੋਂ ਵਪਾਰ ਇੰਨਾ ਵਧ ਰਿਹਾ ਹੈ, ਤਾਂ ਪੰਜਾਬ ਦੇ ਹੁਸੈਨੀਵਾਲਾ ਅਤੇ ਬਾਘਾ ਬਾਰਡਰ ਨੂੰ ਵਪਾਰ ਲਈ ਕਿਉਂ ਬੰਦ ਕਰ ਦਿੱਤਾ ਗਿਆ? ਕੀ ਪੰਜਾਬ ਦੇ ਵਪਾਰੀਆਂ ਨਾਲ ਵਿਤਕਰਾ ਹੋ ਰਿਹਾ ਹੈ? ਐੱਸ.ਬੀ.ਪੀ. ਦੀ ਰਿਪੋਰਟ ਮੁਤਾਬਕ, ਵਿੱਤੀ ਸਾਲ 2025 ਦੇ ਪਹਿਲੇ 11 ਮਹੀਨਿਆਂ (ਜੁਲਾਈ 2024 ਤੋਂ ਮਈ 2025) 'ਚ ਭਾਰਤ ਤੋਂ ਪਾਕਿਸਤਾਨ ਨੇ 21 ਕਰੋੜ 15 ਲੱਖ ਡਾਲਰ ਦੀ ਦਰਾਮਦ ਕੀਤੀ, ਜੋ ਵਿੱਤੀ ਸਾਲ 2024 'ਚ 20 ਕਰੋੜ 70 ਲੱਖ ਡਾਲਰ ਅਤੇ 2023 ਵਿੱਚ 19 ਕਰੋੜ ਡਾਲਰ ਸੀ। ਮਈ 2025 ਵਿੱਚ, ਜਦੋਂ ਦੋਵੇਂ ਮੁਲਕਾਂ ਵਿਚਕਾਰ ਤਣਾਅ ਸਿਖਰ 'ਤੇ ਸੀ, ਤਾਂ ਵੀ ਪਾਕਿਸਤਾਨ ਨੇ ਭਾਰਤ ਤੋਂ 1.5 ਕਰੋੜ ਡਾਲਰ ਦਾ ਸਾਮਾਨ ਮੰਗਵਾਇਆ, ਜੋ ਪਿਛਲੇ ਸਾਲ ਦੇ ਮਈ ਮਹੀਨੇ ਦੇ 1.7 ਕਰੋੜ ਡਾਲਰ ਨਾਲੋਂ ਥੋੜ੍ਹਾ ਘੱਟ ਸੀ। ਇਸ ਦੇ ਉਲਟ, ਪਾਕਿਸਤਾਨ ਤੋਂ ਭਾਰਤ ਨੂੰ ਬਰਾਮਦ ਨਾਮਾਤਰ ਰਹੀ ਸੀ। ਮਈ ਵਿੱਚ ਸਿਰਫ਼ 1,000 ਡਾਲਰ ਅਤੇ ਪੂਰੇ ਵਿੱਤੀ ਸਾਲ ਵਿੱਚ 5 ਲੱਖ ਡਾਲਰ ਦੀ ਬਰਾਮਦ ਹੋਈ। ਭਾਰਤ ਆਧਾਰਿਤ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਦੀ ਰਿਪੋਰਟ ਮੁਤਾਬਕ, ਭਾਰਤ ਦੀ ਪਾਕਿਸਤਾਨ ਨੂੰ ਅਣ-ਅਧਿਕਾਰਤ ਬਰਾਮਦ ਸਾਲਾਨਾ 10 ਅਰਬ ਡਾਲਰ ਦੇ ਕਰੀਬ ਹੈ, ਜੋ ਜ਼ਿਆਦਾਤਰ ਦੁਬਈ, ਕੋਲੰਬੋ ਅਤੇ ਸਿੰਗਾਪੁਰ ਵਰਗੇ ਰਸਤਿਆਂ ਰਾਹੀਂ ਹੁੰਦੀ ਹੈ। ਰਿਲਾਇੰਸ ਇੰਡਸਟਰੀਜ਼ ਜਾਂ ਟਾਟਾ ਗਰੁੱਪ ਦੀਆਂ ਸਹਾਇਕ ਕੰਪਨੀਆਂ) ਦੁਆਰਾ ਉਤਪਾਦਾਂ ਨੂੰ ਪਹਿਲਾਂ ਤੀਜੇ ਦੇਸ਼ਾਂ ਵਿੱਚ ਭੇਜਿਆ ਜਾਂਦਾ ਹੈ ਅਤੇ ਫਿਰ ਪਾਕਿਸਤਾਨ ਨੂੰ ਨਿਰਯਾਤ ਕੀਤਾ ਜਾਂਦਾ ਹੈ। ਇਹ ਅਸਿੱਧਾ ਵਪਾਰ ਮੁੱਖ ਤੌਰ 'ਤੇ ਰਸਾਇਣਕ ਪਦਾਰਥ, ਟੈਕਸਟਾਈਲ, ਅਤੇ ਖੇਤੀ ਸਮਗਰੀ ਦੇ ਖੇਤਰ ਵਿੱਚ ਹੁੰਦਾ ਹੈ। ਸਨ ਫ਼ਾਰਮਾ, ਸਿਪਲਾ, ਡਾਕਟਰ ਰੈਡੀ ਯੂ.ਏ.ਈ., ਸਿੰਗਾਪੁਰ ਦੂਸਰੀ ਲੇਬਲਿੰਗ, ਰੀਪੈਕਿੰਗ ਕਰਕੇ ਪਾਕਿਸਤਾਨ ਵਿੱਚ ਮੈਡੀਕਲ ਡਿਸਟ੍ਰੀਬਿਊਟਰਾਂ ਰਾਹੀਂ ਵੇਚੀ ਜਾਂਦੀ ਹੈ। (ਬਾਕੀ ਸਫ਼ਾ 30 'ਤੇ)

# ਦੁਨੀਆ 'ਚ ਹਥਿਆਰਾਂ ਦੀ ਦੌੜ: ਅਮਰੀਕੀ ਕਾਰਪੋਰੇਟ ਤੇ ਜੰਗ ਦੀ ਲਾਬੀ ਦਾ ਖ਼ੂਨੀ ਖੇਡ

## ਰੂਸੀ ਖ਼ਤਰੇ ਦਾ ਝੂਠਾ ਬਹਾਨਾ, ਨਾਟੋ ਨੇ ਹਥਿਆਰਾਂ ਦੀ ਦੌੜ ਵਧਾਈ, ਰੂਸ ਨਾਲ ਛੇੜਖ਼ਾਨੀ ਸ਼ੁਰੂ

ਸੰਸਾਰ ਦੇ ਫ਼ੌਜੀ ਖਰਚੇ ਅੱਜ ਕੱਲ੍ਹ ਅਸਮਾਨ ਨੂੰ ਛੂਹ ਰਹੇ ਨੇ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਦੇ ਅੰਕੜਿਆਂ ਮੁਤਾਬਕ, 2024 ਵਿੱਚ ਗਲੋਬਲ ਫ਼ੌਜੀ ਖਰਚਾ 27.18 ਖਰਬ ਡਾਲਰ ਸੀ, ਜੋ ਪਿਛਲੇ ਸਾਲ ਦੇ ਮੁਕਾਬਲੇ 9.4 ਫ਼ੀਸਦੀ ਵਾਧੇ ਨਾਲ ਸ਼ੀਤ ਯੁੱਧ ਦੇ ਖ਼ਾਤਮੇ ਤੋਂ ਬਾਅਦ ਸਭ ਤੋਂ ਵੱਡਾ ਸਾਲਾਨਾ ਵਾਧਾ ਸੀ। ਇਸ ਦੌੜ ਦੀ ਅਗਵਾਈ ਯੂਰਪ ਕਰ ਰਿਹਾ ਹੈ, ਜਿੱਥੇ ਜਰਮਨੀ ਵਰਗੇ ਦੇਸ਼ ਨੇ ਆਪਣੇ ਫ਼ੌਜੀ ਖਰਚੇ ਵਿੱਚ 28 ਫ਼ੀਸਦੀ ਦਾ ਜ਼ਬਰਦਸਤ ਵਾਧਾ ਕੀਤਾ ਹੈ। ਇਸ ਦੌੜ ਦੇ ਪਿੱਛੇ ਦੋ ਵੱਡੇ ਕਾਰਨ ਨਜ਼ਰ ਆਉਂਦੇ ਨੇ। ਪਹਿਲਾ, ਅਮਰੀਕਾ ਦੀ ਅਗਵਾਈ ਵਾਲਾ ਸਾਮਰਾਜਵਾਦੀ ਢਾਂਚਾ, ਜੋ ਨਵਉਦਾਰਵਾਦੀ ਪੂੰਜੀਵਾਦ ਦੇ ਸੰਕਟ ਨਾਲ ਜੂਝ ਰਿਹਾ ਹੈ। 2008 ਦੇ ਆਰਥਿਕ ਸੰਕਟ ਅਤੇ ਮਹਾਂਮਾਰੀ ਦੇ ਬਾਅਦ, ਕਈ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ ਡੁੱਬਣ ਦੀ ਕਗਾਰ 'ਤੇ ਪਹੁੰਚ ਗਈਆਂ ਹਨ। ਇਸ ਸੰਕਟ ਨੇ ਸਾਮਰਾਜਵਾਦੀ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦੂਜਾ, ਅਮਰੀਕਾ ਹੁਣ ਇਸ ਸਾਮਰਾਜ ਦੇ ਫ਼ੌਜੀ ਖ਼ਰਚਿਆਂ ਦਾ ਪੂਰਾ ਬੋਝ ਚੁੱਕਣ ਨੂੰ ਤਿਆਰ ਨਹੀਂ। ਉਹ ਚਾਹੁੰਦਾ ਹੈ ਕਿ ਯੂਰਪੀਨ ਦੇਸ਼ ਵੀ ਇਸ ਵਿੱਚ ਸਹਿਯੋਗੀ ਬਣਨ। ਨਤੀਜੇ ਵਜੋਂ, ਯੂਰਪੀ ਦੇਸ਼, ਜੋ ਪਹਿਲਾਂ ਅਮਰੀਕੀ ਫ਼ੌਜੀ ਛਤਰੀ ਹੇਠ ਸੁਰੱਖਿਅਤ ਮਹਿਸੂਸ ਕਰਦੇ ਸਨ, ਹੁਣ ਆਪਣੀ ਫ਼ੌਜੀ ਸ਼ਕਤੀ ਵਧਾਉਣ ਲਈ ਮਜਬੂਰ ਹਨ।

ਇਸ ਸਾਰੇ ਖ਼ੂਨੀ ਖੇਡ ਦੇ ਮੁੱਖ ਸੂਤਰਧਾਰ ਹਨ ਅਮਰੀਕੀ ਹਥਿਆਰ ਕੰਪਨੀਆਂ, ਜਿਹੜੀਆਂ ਮੁਨਾਫ਼ਿਆਂ ਦੀ ਲਾਲਸਾ ਵਿੱਚ ਸੰਸਾਰ ਨੂੰ ਜੰਗ ਦੀ ਭੱਠੀ ਵਿੱਚ ਝੋਕ ਰਹੀਆਂ ਨੇ। ਇਹਨਾਂ ਵਿੱਚ ਮੁੱਖ ਨਾਮ ਹਨ: ਲਾਕਹੀਡ ਮਾਰਟਿਨ, ਬੋਇੰਗ, ਰੇਥੀਓਨ ਟੈਕਨੋਲਾਜੀਜ਼, ਨੌਰਥਰੋਪ ਗਰੁਮੈਨ ਅਤੇ ਜਨਰਲ ਡਾਇਨਾਮਿਕਸ। ਇਹ ਕਾਰਪੋਰੇਟ ਸਰਦਾਰ ਸਿਰਫ਼ ਹਥਿਆਰ ਹੀ ਨਹੀਂ ਵੇਚਦੇ, ਸਗੋਂ ਸਿਆਸੀ ਸ਼ਕਤੀਆਂ ਨੂੰ ਖ਼ਰੀਦਦੇ ਨੇ, ਜਿਸ ਨਾਲ ਅਮਰੀਕੀ ਸਰਕਾਰ ਦੀਆਂ ਨੀਤੀਆਂ ਨੂੰ ਆਪਣੇ ਹੱਕ ਵਿੱਚ ਮੋੜਿਆ ਜਾਂਦਾ ਹੈ।

ਸਿਪਰੀ ਦੇ ਅੰਕੜਿਆਂ ਮੁਤਾਬਕ, 2023 ਵਿੱਚ ਅਮਰੀਕੀ ਹਥਿਆਰ ਕੰਪਨੀਆਂ ਨੇ ਦੁਨੀਆਂ ਦੇ ਹਥਿਆਰਾਂ ਦੇ ਵਪਾਰ ਦਾ 41 ਫ਼ੀਸਦੀ ਹਿੱਸਾ ਸੰਭਾਲਿਆ ਸੀ। ਲਾਕਹੀਡ ਮਾਰਟਿਨ, ਜਿਹੜੀ ਐਫ਼-35 ਜਹਾਜ਼ਾਂ ਅਤੇ ਮਿਜ਼ਾਈਲ ਸਿਸਟਮ ਵਰਗੇ ਮਾਰੂ ਹਥਿਆਰ ਬਣਾਉਂਦੀ ਹੈ, ਨੇ 2023 ਵਿੱਚ 67.6 ਅਰਬ ਡਾਲਰ ਦੀ ਕਮਾਈ ਕੀਤੀ ਸੀ। ਬੋਇੰਗ, ਜੋ ਜੰਗੀ ਜਹਾਜ਼ਾਂ ਤੋਂ ਲੈ ਕੇ ਡਰੋਨ ਤੱਕ ਬਣਾਉਂਦੀ ਹੈ, ਨੇ 33.8 ਅਰਬ ਡਾਲਰ ਦੀ ਵਿਕਰੀ ਕੀਤੀ ਸੀ।

# ਖੇਡ ਜਗਤ ਦਾ ਧਰੂ ਤਾਰਾ ਦੌੜਾਕ ਫ਼ੌਜਾ ਸਿੰਘ

## ਗਿੰਨੀਜ਼ ਵਰਲਡ ਰਿਕਾਰਡਜ਼ 'ਚ ਦਰਜ ਸੀ ਨਾਂਅ

## 'ਏਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਕੀਤਾ ਗਿਆ ਸੀ ਸਨਮਾਨਿਤ

## ਬਰਤਾਨੀਆ 'ਚ ਦਿੱਤਾ ਗਿਆ ਸੀ 'ਪ੍ਰਾਈਡ ਆਫ਼ ਇੰਡੀਆ' ਦਾ ਖ਼ਿਤਾਬ



**ਸਿਰ 'ਤੇ ਦਸਤਾਰ ਸਜਾ ਕੇ ਝੂਲਦੀ ਦਾੜੀ ਨਾਲ ਜਦੋਂ ਬਾਬਾ ਫ਼ੌਜਾ ਸਿੰਘ ਦੌੜਦੇ ਸਨ ਤਾਂ ਉਹਨਾਂ ਦੀ ਵੱਖਰੀ ਹੀ ਸ਼ਾਨ ਹੁੰਦੀ ਸੀ। ਜਿਹੜੇ ਸਿੱਖ ਖਿਡਾਰੀ ਅਕਸਰ ਸਿਰ ਦੇ ਕੇਸ ਇਹ ਬਹਾਨਾ ਲਗਾ ਕੇ ਕਤਲ ਕਰਵਾ ਦਿੰਦੇ ਹਨ ਕਿ ਗਰਾਊਂਡ 'ਚ ਖੇਡਣ ਲੱਗਿਆਂ ਸਿਰ ਦੇ ਵਾਲਾਂ ਵਿੱਚ ਮਿੱਟੀ ਪੈ ਜਾਂਦੀ ਹੈ, ਉਹਨਾਂ ਲਈ ਦਸਤਾਰਧਾਰੀ ਫ਼ੌਜਾ ਸਿੰਘ ਪ੍ਰੇਰਨਾ ਸਰੋਤ ਸਨ। ਬੁਢਾਪਾ ਉਹਨਾਂ ਲਈ ਸਰਾਪ ਨਾ ਬਣਿਆ ਸਗੋਂ ਉਹਨਾਂ ਬੁਢਾਪੇ ਦਾ ਪੂਰਾ ਆਨੰਦ ਮਾਣਦਿਆਂ ਆਪਣਾ ਪੂਰਾ ਜੀਵਨ ਦੌੜਾਂ ਦੇ ਲੇਖੇ ਲਗਾ ਦਿੱਤਾ ਅਤੇ ਅਨੇਕਾਂ ਵਿਸ਼ਵ ਰਿਕਾਰਡ ਬਣਾਏ। ਉਹਨਾਂ ਨੂੰ ਇਹ ਮਾਣ ਵੀ ਜਾਂਦਾ ਹੈ ਕਿ ਉਹ ਸਭ ਤੋਂ ਵੱਡੀ ਉਮਰ ਦੇ ਬਜ਼ੁਰਗ ਦੌੜਾਕ ਸਨ। ਉਹਨਾਂ ਦੇ ਦੇਹਾਂਤ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ।**

ਵਿਸ਼ਵ ਦੇ ਖੇਡ ਜਗਤ ਵਿੱਚ ਉਸ ਸਮੇਂ ਸੋਗ ਦੀ ਲਹਿਰ ਫ਼ੈਲ ਗਈ, ਜਦੋਂ ਮੈਰਾਥਨ ਦੇ ਬਾਦਸ਼ਾਹ ਅਤੇ ਖੇਡ ਜਗਤ ਦੇ ਧਰੂ ਤਾਰੇ ਦੌੜਾਕ ਬਾਬਾ ਫ਼ੌਜਾ ਸਿੰਘ ਦਾ ਦੇਹਾਂਤ ਹੋ ਗਿਆ। ਬੁਢਾਪੇ ਦੀ ਜਿਸ ਉਮਰੇ ਵੱਡੀ ਗਿਣਤੀ ਲੋਕ ਆਪਣੇ ਗੋਡਿਆਂ ਦੇ ਦਰਦ ਨਾਲ ਜੂਝਦਿਆਂ ਮੰਜੇ ਨਾਲ ਮੰਜਾ ਹੋ ਜਾਂਦੇ ਹਨ, ਉਸ ਉਮਰੇ ਬਾਬਾ ਫ਼ੌਜਾ ਸਿੰਘ ਨੇ ਦੌੜਾਂ ਦੇ ਖੇਤਰ ਵਿੱਚ ਵਿਸ਼ਵ ਰਿਕਾਰਡ ਬਣਾਏ। 114 ਸਾਲ ਦੀ ਉਮਰ ਦੌਰਾਨ ਆਪਣੀ ਜ਼ਿੰਦਗੀ ਦੇ ਆਖ਼ਰੀ ਪਲ ਤੱਕ ਬਾਬਾ ਫ਼ੌਜਾ ਸਿੰਘ ਦੌੜਾਂ ਨਾਲ ਜੁੜੇ ਰਹੇ। ਅੰਤਲੇ ਸਮੇਂ ਵੀ ਉਹ ਘਰ ਦੇ ਬਾਹਰ ਸੈਰ ਕਰ ਰਹੇ ਸਨ ਕਿ ਹੋਣੀ ਨੇ ਉਹਨਾਂ ਨੂੰ ਸਾਡੇ ਤੋਂ ਖੋਹ ਲਿਆ।

ਬਾਬਾ ਫ਼ੌਜਾ ਸਿੰਘ ਨੂੰ ਇਹ ਮਾਣ ਪ੍ਰਾਪਤ ਸੀ ਕਿ ਉਹ ਸਾਲ 2004, 2008 ਤੇ 2012 ਵਿੱਚ ਉਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜੇ ਸਨ। ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਨੇ ਉਹਨਾਂ ਨੂੰ ਸੌ ਸਾਲ ਦਾ ਸਿਟੀਜ਼ਨ ਹੋਣ ਦੀ ਵਧਾਈ ਦਿੰਦਿਆਂ ਸ਼ਾਹੀ ਮਹਿਲ 'ਚ ਖਾਣੇ 'ਤੇ ਸੱਦਿਆ ਸੀ। ਇਹ ਮਾਣ ਬਹੁਤ ਘੱਟ ਪੰਜਾਬੀ ਸਿੱਖਾਂ ਨੂੰ ਪ੍ਰਾਪਤ ਹੋਇਆ ਹੈ। ਬਾਬਾ ਫ਼ੌਜਾ ਸਿੰਘ ਨੇ ਦਸਤਾਰ ਸਜਾ ਕੇ ਮੈਰਾਥਨ ਦੌੜਾਂ ਲਗਾਉਂਦਿਆਂ ਪੂਰੇ ਵਿਸ਼ਵ ਵਿੱਚ ਦਸਤਾਰ ਦੀ ਸ਼ੋਭਾ ਵਧਾਈ। ਬਾਬਾ ਫ਼ੌਜਾ ਸਿੰਘ ਜਦੋਂ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਦੌੜਦੇ ਸਨ ਤਾਂ ਖੇਡ ਮੈਦਾਨ ਵੀ ਉਹਨਾਂ ਨੂੰ ਰਾਹ ਛੱਡ ਦਿੰਦਾ ਸੀ। ਉਹ ਬੁਢਾਪੇ ਵਿੱਚ ਵੀ ਬਹੁਤ ਤੇਜ਼ ਰਫ਼ਤਾਰ ਨਾਲ ਦੌੜਦੇ ਸਨ। ਉਹਨਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ 'ਚ ਪਹਿਲੀ ਅਪ੍ਰੈਲ 1911 ਨੂੰ ਹੋਇਆ ਸੀ। ਫ਼ੌਜਾ ਸਿੰਘ ਪੜ੍ਹੇ-ਲਿਖੇ ਨਹੀਂ ਸਨ ਅਤੇ ਪੰਜਾਬੀ ਬੋਲਣੀ ਜਾਣਦੇ ਸਨ ਪਰ ਪੜ੍ਹਨੀ ਨਹੀਂ। ਜਵਾਨ ਹੋਣ 'ਤੇ ਉਨ੍ਹਾਂ 'ਚ ਦੌੜਨ ਦਾ ਸ਼ੌਕ ਪੈਦਾ ਹੋ ਗਿਆ। ਉਹ 1947 ਵਿੱਚ ਭਾਰਤ-ਪਾਕਿਸਤਾਨ ਵੰਡ



ਤੋਂ ਕਾਫ਼ੀ ਦੁਖੀ ਹੋਏ। ਉਹ 16 ਅਕਤੂਬਰ 2011 ਨੂੰ ਟੋਰਾਂਟੋ ਮੈਰਾਥਨ 8 ਘੰਟੇ 11 ਮਿੰਟ ਤੇ 6 ਸਕਿੰਟ ਵਿੱਚ ਪੂਰੀ ਕਰਕੇ ਵਿਸ਼ਵ ਦੇ ਪਹਿਲੇ 100 ਸਾਲਾ ਬਜ਼ੁਰਗ ਦੌੜਾਕ ਬਣੇ ਸਨ। ਹਾਲਾਂਕਿ, ਜਨਮ ਸਰਟੀਫ਼ਿਕੇਟ ਨਾ ਹੋਣ ਕਾਰਨ ਉਹਨਾਂ ਦਾ ਨਾਮ ਗਿੰਨੀਜ਼ ਬੁੱਕ ਵਿੱਚ ਦਰਜ ਨਹੀਂ ਹੋ ਸਕਿਆ। ਬਾਅਦ ਵਿੱਚ ਉਹਨਾਂ ਨੇ ਆਪਣਾ ਬ੍ਰਿਟਿਸ਼ ਪਾਸਪੋਰਟ ਅਤੇ ਮਹਾਰਾਣੀ ਐਲਿਜ਼ਬੈੱਥ ਵਲੋਂ 100ਵੇਂ ਜਨਮ ਦਿਨ 'ਤੇ ਭੇਜੀ ਚਿੱਠੀ ਦਿਖਾਈ, ਜਿਸ ਤੋਂ ਬਾਅਦ ਉਹਨਾਂ ਦਾ ਨਾਂਅ ਗਿੰਨੀਜ਼ ਵਰਲਡ ਰਿਕਾਰਡਜ਼ 'ਚ ਦਰਜ ਕੀਤਾ ਗਿਆ। ਫ਼ੌਜਾ ਸਿੰਘ ਨੇ ਸਾਲ 2000 ਵਿੱਚ 89 ਸਾਲ ਦੀ ਉਮਰ ਵਿੱਚ ਲੰਡਨ ਮੈਰਾਥਨ ਤੋਂ ਦੌੜਨ ਦੀ ਸ਼ੁਰੂਆਤ ਕੀਤੀ ਸੀ। ਸਾਲ 2003 ਵਿੱਚ 92 ਸਾਲ ਦੀ ਉਮਰ ਵਿੱਚ ਉਹਨਾਂ ਨੇ 90 ਸਾਲਾਂ ਤੋਂ ਵੱਧ ਉਮਰ ਦੇ ਬਾਬਿਆਂ ਦੀ ਦੌੜ 'ਚ ਹਿੱਸਾ ਲਿਆ ਅਤੇ 5 ਘੰਟੇ 40 ਮਿੰਟਾਂ ਦਾ ਵਿਸ਼ਵ ਰਿਕਾਰਡ ਬਣਾਇਆ। ਇਸ ਮਗਰੋਂ ਸਾਲ 2003 'ਚ ਲੰਡਨ ਮੈਰਾਥਨ ਉਨ੍ਹਾਂ ਨੇ 6 ਘੰਟੇ 2 ਮਿੰਟ ਵਿੱਚ ਪੂਰੀ ਕੀਤੀ। ਇਸ ਤਰ੍ਹਾਂ ਉਹਨਾਂ ਨੇ ਮੈਰਾਥਨ ਵਿੱਚ ਹਿੱਸਾ ਲੈਣਾ ਜਾਰੀ ਰੱਖਿਆ ਅਤੇ 2012 ਤੱਕ ਉਹਨਾਂ ਨੇ ਲੰਡਨ ਦੀਆਂ ਛੇ ਮੈਰਾਥਨਜ਼ ਵਿੱਚ ਹਿੱਸਾ ਲਿਆ। ਉਹਨਾਂ ਦੀਆਂ ਮੈਰਾਥਨਜ਼ ਦੇ ਖੇਤਰ 'ਚ ਪ੍ਰਾਪਤੀਆਂ ਦੀ ਬਦੌਲਤ 13 ਨਵੰਬਰ 2003 ਨੂੰ ਅਮਰੀਕਾ ਦੇ ਗਰੁੱਪ ਨੈਸ਼ਨਲ ਐਥਨਿਕ ਕੋਲੀਸ਼ਨ ਨੇ 'ਏਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਸਨਮਾਨਿਤ ਕੀਤਾ ਸੀ। ਇਸ ਗਰੁੱਪ ਦੇ ਚੇਅਰਮੈਨ ਵਿਲੀਅਮ ਫ਼ੁਗਾਜ਼ੀ ਨੇ ਵੀ ਫ਼ੌਜਾ ਸਿੰਘ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਸਭ ਤੋਂ ਵੱਡਾ ਪ੍ਰੇਰਨਾ ਸਰੋਤ ਹਨ। ਇਸ ਤੋਂ ਬਾਅਦ ਬਰਤਾਨੀਆ ਦੇ ਇੱਕ ਸੰਗਠਨ ਵੱਲੋਂ ਉਨ੍ਹਾਂ ਨੂੰ 'ਪ੍ਰਾਈਡ ਆਫ਼ ਇੰਡੀਆ' ਦਾ ਖ਼ਿਤਾਬ ਦਿੱਤਾ ਗਿਆ। ਦੌੜਾਕ ਫ਼ੌਜਾ ਸਿੰਘ ਨੂੰ ਪਿਆਰ ਨਾਲ 'ਟਰਬਨਡ ਟੋਰਨਾਡੋ' ਵੀ ਕਿਹਾ ਜਾਂਦਾ ਸੀ। ਆਪਣੇ 14 ਸਾਲਾਂ (2000 ਤੋਂ 2013) ਦੇ ਕੈਰੀਅਰ ਵਿੱਚ ਉਹਨਾਂ ਨੇ ਕੁੱਲ ਨੌਂ ਪੂਰੀਆਂ ਮੈਰਾਥਨ ਦੌੜੀਆਂ। ਉਹ ਐਡੀਡਾਸ ਮੁਹਿੰਮ 'ਇਮਪੌਸੀਬਲ ਇਜ਼ ਨਥਿੰਗ' ਦਾ ਚਿਹਰਾ ਵੀ ਬਣੇ, ਜਿਸ ਵਿੱਚ ਮੁੱਕੇਬਾਜ਼ੀ ਦੇ ਮਹਾਨ ਖਿਡਾਰੀ ਮੁਹੰਮਦ ਅਲੀ ਅਤੇ ਫੁੱਟਬਾਲ ਦੇ ਮਹਾਨ ਖਿਡਾਰੀ ਡੇਵਿਡ ਬੈਕਹਮ ਵੀ ਸ਼ਾਮਲ ਸਨ। ਫ਼ੌਜਾ ਸਿੰਘ ਨੇ ਲੰਡਨ ਦੀਆਂ ਪੰਜ, ਟੋਰਾਂਟੋ ਦੀਆਂ ਦੋ ਤੇ ਨਿਊਯਾਰਕ ਦੀ ਇੱਕ ਮੈਰਾਥਨ ਦੇ ਨਾਲ ਕਈ ਹਾਫ਼ ਮੈਰਾਥਨਾਂ ਤੇ ਹੋਰ ਦੌੜਾਂ ਵੀ ਜਿੱਤੀਆਂ ਸਨ। 94 ਮਿੰਟਾਂ 'ਚ ਯੂ.ਕੇ. ਦੇ 200, 400, 800 ਤੇ 3000 ਮੀਟਰ ਦੌੜਾਂ ਦੇ ਨਵੇਂ ਰਿਕਾਰਡ ਬਣਾਏ ਸਨ। ਸੌ ਸਾਲ ਦੀ ਉਮਰ ਟੱਪ ਕੇ ਟੋਰਾਂਟੋ ਵਿੱਚ ਦੌੜਦਿਆਂ ਉਸ ਨੇ ਇੱਕੋ ਦਿਨ ਅੱਠ ਦੌੜਾਂ ਲਾਈਆਂ ਤੇ ਪੰਜ ਵਿਸ਼ਵ ਰਿਕਾਰਡ ਬਣਾਏ। ਉਹ ਸੌ ਸਾਲ ਤੋਂ ਵਡੇਰੀ ਉਮਰ ਦੇ ਪਹਿਲੇ ਵਿਅਕਤੀ ਸਨ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ ਵਾਟਰ ਫ਼ਰੰਟ ਮੈਰਾਥਨ ਪੂਰੀ ਦੌੜੀ। ਉੱਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸਕਿੰਟ ਵਿੱਚ ਮੁਕਾਇਆ।

ਫ਼ੌਜਾ ਸਿੰਘ ਦੀ ਵਡਿਆਈ ਇਸ ਗੱਲ 'ਚ ਨਹੀਂ ਕਿ ਉਹ ਲੰਮੀਆਂ ਦੌੜਾਂ ਦੌੜਦਾ ਰਿਹਾ ਸਗੋਂ ਇਸ ਵਿੱਚ ਸੀ ਕਿ ਸੌ ਸਾਲਾਂ ਦਾ ਹੋ ਕੇ ਵੀ ਦੌੜੀ ਗਿਆ! 2000 ਵਿੱਚ ਲੰਡਨ ਦੀ ਫ਼ਲੋਰਾ



ਮੈਰਾਥਨ ਲਾਉਂਦਿਆਂ ਉਹ 80 ਸਾਲ ਤੋਂ ਵਡੇਰੀ ਉਮਰ ਵਾਲਿਆਂ ਲਈ 6 ਘੰਟੇ 54 ਮਿੰਟ ਦਾ ਨਵਾਂ ਰਿਕਾਰਡ ਰੱਖ ਕੇ ਖ਼ਬਰਾਂ ਵਿੱਚ ਆਇਆ ਸੀ। ਉਦੋਂ ਪੱਗ 'ਤੇ ਖੰਡਾ ਲਾ ਕੇ ਝੂਲਦੀ ਦਾੜ੍ਹੀ ਨਾਲ ਦੌੜਦੇ ਫ਼ੌਜਾ ਸਿੰਘ ਦੀਆਂ ਤਸਵੀਰਾਂ ਲੰਡਨ ਦੀਆਂ ਸੜਕਾਂ 'ਤੇ ਲੱਗ ਗਈਆਂ ਸਨ। ਨਾਲ ਲਿਖਿਆ ਗਿਆ ਸੀ: "ਕੁਝ ਵੀ ਅਸੰਭਵ ਨਹੀਂ।" 2003 ਵਿੱਚ ਟੋਰਾਂਟੋ 'ਚ ਉਸ ਨੇ 42.2 ਕਿਲੋਮੀਟਰ ਦੀ ਦੌੜ 5 ਘੰਟੇ 40 ਮਿੰਟ 04 ਸਕਿੰਟ ਵਿੱਚ ਪੂਰੀ ਕੀਤੀ। 2004 'ਚ ਟੋਰਾਂਟੋ ਦੀ ਹਾਫ਼ ਮੈਰਾਥਨ ਦੌੜਦਿਆਂ ਉਸ ਨੇ 2 ਘੰਟੇ 29.59 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਬਣਾਇਆ ਸੀ। 2012 ਵਿੱਚ ਉਹ ਆਖ਼ਰੀ ਮੈਰਾਥਨ ਦੌੜ ਹਾਂਗਕਾਂਗ 'ਚ ਦੌੜਿਆ ਤਾਂ ਚੈਰਿਟੀ ਲਈ 25,800 ਡਾਲਰ 'ਕੱਠੇ ਹੋਏ ਜੋ ਉਸ ਨੇ ਉੱਥੇ ਹੀ ਦਾਨ ਕਰ ਦਿੱਤੇ। ਉਸ ਨੇ ਲੰਡਨ ਦੀ ਮੈਰਾਥਨ ਵਿੱਚ 80 ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਬਣਾ ਦਿੱਤਾ ਸੀ। ਬਾਬਾ ਫ਼ੌਜਾ ਸਿੰਘ ਨੇ ਦੌੜਾਂ ਦੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਅਨੇਕਾਂ ਵਿਸ਼ਵ ਰਿਕਾਰਡ ਬਣਾਏ ਸਨ, ਜਿਹਨਾਂ ਦੀ ਅਜੇ ਤੱਕ ਕੋਈ ਬਰਾਬਰੀ ਨਹੀਂ ਕਰ ਸਕਿਆ। ਉਹ ਵਿਸ਼ਵ ਦੇ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਅਤੇ ਬਜ਼ੁਰਗਾਂ ਲਈ ਪ੍ਰੇਰਨਾ ਸਰੋਤ ਸਨ, ਕਿਉਂਕਿ ਉਹ ਆਪਣੀ ਅੰਤਲੇ ਸਮੇਂ ਤੱਕ ਦੌੜਾਂ ਨਾਲ ਜੁੜੇ ਰਹੇ। ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨੀ ਅਤੇ ਹਰ ਦੌੜ ਵਿੱਚ ਉਹਨਾਂ ਨੇ ਆਪਣਾ ਪਹਿਲਾਂ ਨਾਲੋਂ ਵਧੀਆ ਪ੍ਰਦਰਸ਼ਨ ਕੀਤਾ। ਕਈ ਦੌੜਾਂ ਵਿੱਚ ਤਾਂ ਉਹਨਾਂ ਨੇ ਆਪਣੇ ਪਿਛਲੇ ਰਿਕਾਰਡ ਵੀ ਤੋੜੇ। ਦੌੜਾਕ ਫ਼ੌਜਾ ਸਿੰਘ ਨੇ ਮੈਰਾਥਨ ਦੌੜਦਿਆਂ ਸਿਰਫ਼ ਆਪਣਾ ਹੀ ਨਹੀਂ ਸਗੋਂ ਆਪਣੇ ਪਿੰਡ, ਪੰਜਾਬ ਅਤੇ ਦੇਸ਼ ਦਾ ਨਾਂਅ ਵੀ ਪੂਰੀ ਦੁਨੀਆਂ ਵਿੱਚ ਰੌਸ਼ਣ ਕੀਤਾ। ਉਹਨਾਂ ਦੀਆਂ ਖੇਡ ਪ੍ਰਾਪਤੀਆਂ ਤੋਂ ਉਭਰਦੇ ਖਿਡਾਰੀ ਅਤੇ ਦੌੜਾਕ ਬਹੁਤ ਪ੍ਰੇਰਨਾ ਅਤੇ ਸਿੱਖਿਆ ਲੈ ਸਕਦੇ ਹਨ। ਬੁਢਾਪੇ ਦੌਰਾਨ 114 ਸਾਲ ਦੀ ਉਮਰ ਤੱਕ ਦੀਆਂ ਉਹਨਾਂ ਦੀ ਖੇਡ ਪ੍ਰਾਪਤੀਆਂ ਵੇਖ ਕੇ ਕਿਹਾ ਜਾ ਸਕਦਾ ਹੈ ਕਿ 'ਜ਼ਿੰਦਗੀ 'ਚ ਕੁਝ ਵੀ ਅਸੰਭਵ ਨਹੀਂ।'



# ਭਾਰਤ ਦੇ ਆਪਣੇ ਮਾਨਵੀ ਪੁਲਾੜ ਵਾਹਨ ਦੀਆਂ ਉਮੀਦਾਂ ਨੂੰ ਖੰਭ ਲੱਗੇ

## ਪੁਲਾੜ ਸਟੇਸ਼ਨ 'ਚ 18 ਦਿਨ ਰਹਿ ਕੇ ਵਾਪਸ ਆਇਆ ਸ਼ੁਭਾਂਸ਼ੂ ਸ਼ੁਕਲਾ

ਨਵੀਂ ਦਿੱਲੀ/ਏ.ਟੀ.ਨਿਊਜ਼: ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ 18 ਦਿਨ ਰਹਿਣ ਮਗਰੋਂ ਪਿਛਲੇ ਦਿਨੀਂ ਧਰਤੀ 'ਤੇ ਸੁੱਖੀ-ਸਾਂਦੀ ਪਰਤ ਆਇਆ ਹੈ। ਉਸ ਦੀ ਇਸ ਪ੍ਰਾਪਤੀ ਨਾਲ ਭਾਰਤ ਦੇ ਆਪਣੇ ਮਾਨਵੀ ਪੁਲਾੜ ਵਾਹਨ ਦੀਆਂ ਉਮੀਦਾਂ ਨੂੰ ਖੰਭ ਲੱਗ ਗਏ ਹਨ। ਲਖਨਊ 'ਚ ਜੰਮੇ ਸ਼ੁਕਲਾ ਅਤੇ ਪ੍ਰਾਈਵੇਟ ਐਕਸੀਓਮ-4 ਮਿਸ਼ਨ ਦੇ ਉਨ੍ਹਾਂ ਦੇ ਤਿੰਨ ਹੋਰ ਸਾਥੀ ਪਿਛਲੇ ਦਿਨੀਂ ਦੱਖਣੀ ਕੈਲੀਫੋਰਨੀਆ 'ਚ ਪ੍ਰਸ਼ਾਂਤ ਸਾਗਰ 'ਚ ਸਾਂ ਡੀਏਗੋ ਨੇੜੇ ਪੈਸੇਫਿਕ ਸਮੇਂ ਮੁਤਾਬਕ ਵੱਡੇ ਤੜਕੇ 2 ਵਜ ਕੇ 31 ਮਿੰਟ (ਭਾਰਤੀ ਸਮੇਂ ਮੁਤਾਬਕ 3.01 ਮਿੰਟ) 'ਤੇ ਉਤਰੇ। ਭਾਰਤੀ ਹਵਾਈ ਫ਼ੌਜ 'ਚ ਗਰੁੱਪ ਕੈਪਟਨ ਸ਼ੁਕਲਾ, ਰਾਕੇਸ਼ ਸ਼ਰਮਾ ਮਗਰੋਂ ਪੁਲਾੜ ਦਾ ਸਫ਼ਰ ਤੈਅ ਕਰਨ ਵਾਲੇ ਦੂਜੇ



ਭਾਰਤੀ ਬਣ ਗਏ ਹਨ। ਉਹ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਪੁੱਜਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ ਜਿਸ ਨੇ ਸਟੇਸ਼ਨ 'ਤੇ ਲੰਬੇ ਸਮੇਂ ਤੱਕ ਰੁਕ ਕੇ ਇਤਿਹਾਸ ਸਿਰਜਿਆ ਹੈ। ਕਰੀਬ 28 ਹਜ਼ਾਰ ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਦੀ ਰਫ਼ਤਾਰ ਨਾਲ ਯਾਤਰਾ ਕਰਦਿਆਂ ਐਕਸੀਓਮ-4 ਦੇ ਚਾਲਕ ਦਲ ਦੇ ਮੈਂਬਰਾਂ ਨੂੰ ਲੈ ਕੇ ਜਾ ਰਹੇ ਡਰੈਗਨ ਪੁਲਾੜ ਯਾਨ ਨੇ ਹੌਲੀ-ਹੌਲੀ ਗਤੀ ਘਟਾਉਣ ਅਤੇ ਧਰਤੀ ਦੇ ਵਾਯੂਮੰਡਲ ਵਿੱਚ ਦਾਖ਼ਲ ਹੋਣ ਲਈ ਕਈ ਢੰਗ-ਤਰੀਕੇ ਵਰਤੇ। ਕੁਝ ਮਿੰਟਾਂ ਬਾਅਦ ਪੁਲਾੜ ਵਾਹਨ ਨੂੰ ਸਪੇਸਐਕਸ ਦੇ ਰਿਕਵਰੀ ਜਹਾਜ਼ 'ਸ਼ੈਨਨ' ਉੱਤੇ ਖਿੱਚਿਆ ਗਿਆ, ਜਿੱਥੇ ਸ਼ੁਕਲਾ ਅਤੇ ਦੂਜੇ ਪੁਲਾੜ ਯਾਤਰੀ ਮੁਸਕਰਾਉਂਦੇ ਹੋਏ ਅਤੇ ਕੈਮਰਿਆਂ ਵੱਲ ਹੱਥ ਹਿਲਾਉਂਦੇ ਹੋਏ ਬਾਹਰ ਨਿਕਲੇ। ਉਥੇ ਮੌਜੂਦ ਮੁਲਾਜ਼ਮਾਂ ਨੇ ਪੁਲਾੜ ਯਾਤਰੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿੱਚ ਮਦਦ ਕੀਤੀ। ਡਰੈਗਨ ਗਰੇਸ ਪੁਲਾੜ ਵਾਹਨ ਨੇ 25 ਜੂਨ ਨੂੰ ਫਲੋਰਿਡਾ ਤੋਂ ਉਡਾਣ ਭਰੀ ਸੀ ਅਤੇ ਇਹ 28 ਘੰਟਿਆਂ ਦੇ ਸਫ਼ਰ ਮਗਰੋਂ 26 ਜੂਨ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ ਨਾਲ ਜੁੜ ਗਿਆ ਸੀ। ਐਕਸੀਓਮ-4 ਮਿਸ਼ਨ ਦੇ ਅਮਲੇ 'ਚ ਸ਼ੁਭਾਂਸ਼ੂ ਸ਼ੁਕਲਾ, ਕਮਾਂਡਰ ਪੈਗੀ ਵ੍ਹਿਟਸਨ, ਮਿਸ਼ਨ ਮਾਹਿਰ ਪੋਲੈਂਡ ਦੇ ਸਲਾਵੋਜ਼ ਉਜ਼ਨਾਨਸਕੀ-ਵਿਸਨੀਵਸਕੀ ਅਤੇ ਹੰਗਰੀ ਦੇ ਟਿਬੋਰ ਕਾਪੂ ਸ਼ਾਮਲ ਸਨ, ਜਿਨ੍ਹਾਂ 18 ਦਿਨਾਂ ਤੱਕ 60 ਤਜਰਬੇ ਕੀਤੇ। ਐਕਸੀਓਮ-4 ਅਮਲੇ ਦੇ ਮੈਂਬਰਾਂ ਨੂੰ ਹੈਲੀਕਾਪਟਰ ਰਾਹੀਂ ਕੰਢੇ 'ਤੇ ਪਹੁੰਚਾਉਣ ਤੋਂ ਪਹਿਲਾਂ ਸਮੁੰਦਰੀ ਜਹਾਜ਼ 'ਚ ਉਨ੍ਹਾਂ ਦਾ ਮੈਡੀਕਲ ਚੈਕਅੱਪ ਕੀਤਾ ਗਿਆ। ਚਾਰੋਂ ਪੁਲਾੜ ਯਾਤਰੀ ਅਗਲੇ ਸੱਤ ਦਿਨ ਮੁੜ ਵਸੇਬਾ ਕੇਂਦਰ 'ਚ ਰਹਿਣਗੇ ਤਾਂ ਜੋ ਉਨ੍ਹਾਂ ਦਾ ਸਰੀਰ ਧਰਤੀ ਮੁਤਾਬਕ ਵਿਹਾਰ ਕਰ ਸਕੇ। ਇਸਰੋ ਨੇ ਕਿਹਾ ਕਿ ਸ਼ੁਕਲਾ ਨੇ ਸੂਖਮ ਗੁਰੂਤਾ ਨਾਲ ਸਬੰਧਤ ਸਾਰੇ ਸੱਤ ਸਫ਼ਲ ਤਜਰਬੇ ਕੀਤੇ ਅਤੇ ਹੋਰ ਯੋਜਨਾਬੱਧ ਸਰਗਰਮੀਆਂ ਨੂੰ ਮੁਕੰਮਲ ਕੀਤਾ।

### ਮੁਰਮੂ, ਮੋਦੀ ਅਤੇ ਰਾਜਨਾਥ ਨੇ ਕੀਤਾ ਸਵਾਗਤ

ਨਵੀਂ ਦਿੱਲੀ/ਏ.ਟੀ.ਨਿਊਜ਼: ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੁਭਾਂਸ਼ੂ ਸ਼ੁਕਲਾ ਨੂੰ ਧਰਤੀ 'ਤੇ ਪਰਤਣ ਮਗਰੋਂ ਵਧਾਈ ਦਿੱਤੀ ਹੈ। ਮੁਰਮੂ ਨੇ 'ਐਕਸ' 'ਤੇ ਕਿਹਾ, "ਇਸ ਮਿਸ਼ਨ ਨਾਲ ਜੁੜੇ ਹਰ ਕਿਸੇ ਨੂੰ ਮੈਂ ਵਧਾਈ ਦਿੰਦੀ ਹਾਂ।" ਸ੍ਰੀ ਮੋਦੀ ਨੇ ਕਿਹਾ ਕਿ ਸ਼ੁਭਾਂਸ਼ੂ ਸ਼ੁਕਲਾ ਨੇ ਸਮਰਪਣ ਤੇ ਹੌਸਲੇ ਨਾਲ ਅਰਬਾਂ ਸੁਪਨਿਆਂ ਨੂੰ ਪ੍ਰੇਰਣਾ ਦਿੱਤੀ ਹੈ। ਉਨ੍ਹਾਂ ਕਿਹਾ, "ਪੁਲਾੜ 'ਚ ਇਤਿਹਾਸਕ ਮਿਸ਼ਨ ਮਗਰੋਂ ਧਰਤੀ 'ਤੇ ਪਰਤਣ 'ਤੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਦਾ ਮੈਂ ਸਾਰੇ ਦੇਸ਼ਵਾਸੀਆਂ ਨਾਲ ਉਸ ਦਾ ਸਵਾਗਤ ਕਰਦਾ ਹਾਂ।" ਉਨ੍ਹਾਂ ਕਿਹਾ ਕਿ ਗਗਨਯਾਨ ਮਿਸ਼ਨ ਵੱਲ ਸ਼ੁਭਾਸ਼ੂ ਦੀ ਇਹ ਪ੍ਰਾਪਤੀ ਮੀਲ ਦਾ ਪੱਥਰ ਸਾਬਤ ਹੋਵੇਗੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਸ਼ੁਭਾਂਸ਼ੂ ਸ਼ੁਕਲਾ ਨੇ ਸਿਰਫ਼ ਪੁਲਾੜ ਨੂੰ ਨਹੀਂ ਛੂਹਿਆ ਸਗੋਂ ਭਾਰਤ ਦੀਆਂ ਖਾਹਿਸ਼ਾਂ ਨੂੰ ਵੀ ਨਵੀਂ ਉਚਾਈ ਪ੍ਰਦਾਨ ਕੀਤੀ ਹੈ।

# ਆਨੰਦਪੁਰ ਸਾਹਿਬ ਵਿਖੇ ਪੰਜਾਬ ਦੇ ਰਾਜਪਾਲ ਵੱਲੋਂ ਜਥੇਦਾਰ ਗੜਗੱਜ ਨਾਲ ਮੁਲਾਕਾਤ

ਆਨੰਦਪੁਰ ਸਾਹਿਬ/ ਏ.ਟੀ.ਨਿਊਜ਼: ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਪਿਛਲੇ ਦਿਨੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਵਿਖੇ ਨਤਮਸਤਕ ਹੋਏ। ਇਸ ਦੌਰਾਨ ਸ੍ਰੀ ਕਟਾਰੀਆ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਉਨ੍ਹਾਂ ਦੇ ਰਿਹਾਇਸ਼ ਦਫ਼ਤਰ ਵਿਖੇ ਪੁੱਜ ਕੇ ਵਿਸ਼ੇਸ਼ ਮੁਲਾਕਾਤ ਕੀਤੀ।

ਇਸ ਮੌਕੇ ਜਥੇਦਾਰ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਰਾਜਪਾਲ ਕਟਾਰੀਆ ਨੂੰ ਸਿਰੋਪਾਓ, ਲੋਈ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਮੁਲਾਕਾਤ ਦੌਰਾਨ ਕਟਾਰੀਆ ਅਤੇ ਜਥੇਦਾਰ ਗੜਗੱਜ ਵਿਚਕਾਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਤਾਬਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਸਖ਼ਤ ਕਾਨੂੰਨ, ਚਮਕੌਰ ਸਾਹਿਬ ਦੇ ਨੇੜੇ ਪੇਪਰ ਫ਼ੈਕਟਰੀ ਅਤੇ ਮੱਤੇਵਾੜਾ ਜੰਗਲ ਨੇੜੇ ਵੱਸਦੇ ਗ਼ਰੀਬ ਪਰਿਵਾਰਾਂ ਦੇ ਉਜਾੜੇ, ਪੰਜਾਬ ਅੰਦਰ ਪੁਲਿਸ ਮੁਕਾਬਲੇ, ਧਰਮ ਪਰਿਵਰਤਨ ਆਦਿ ਜਿਹੇ ਅਹਿਮ ਮਾਮਲਿਆਂ ਉੱਤੇ ਵਿਚਾਰਾਂ ਹੋਈਆਂ।



ਮੁਲਾਕਾਤ ਉਪਰੰਤ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਬਹੁਤ ਚੰਗੇ ਮਹੌਲ ਵਿੱਚ ਗੱਲਬਾਤ ਹੋਈ, ਜਿਸ ਦੌਰਾਨ ਉਨ੍ਹਾਂ ਪਾਸ ਉਠਾਏ ਗਏ ਮਾਮਲਿਆਂ ਨੂੰ ਰਾਜਪਾਲ ਨੇ ਗੌਰ ਨਾਲ ਸੁਣਿਆ ਅਤੇ ਲੋੜੀਂਦੀ ਕਾਰਵਾਈ ਦੀ ਗੱਲ ਆਖੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਰਾਜਪਾਲ ਨੂੰ ਕਿਹਾ ਗਿਆ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੂਰੇ ਦੇਸ਼ ਅਤੇ ਵਿਸ਼ਵ ਵਿੱਚ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਜ਼ਾਦੀ ਦੇ ਸਿਧਾਂਤ ਨੂੰ ਦਰਸਾਉਂਦਿਆਂ ਚੰਗੇ ਤਰੀਕੇ ਨਾਲ ਮਨਾਈ ਜਾਣੀ ਚਾਹੀਦੀ ਹੈ। ਰਾਜਪਾਲ ਸ੍ਰੀ ਕਟਾਰੀਆ ਨੂੰ ਇਹ ਸੁਝਾਅ ਦਿੱਤਾ ਗਿਆ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਅਤੇ ਸਲਾਹ ਨਾਲ ਮਨਾਈ ਜਾਵੇ, ਕਿਉਂਕਿ ਇਹ ਸਿੱਖਾਂ ਦੀ ਨੁਮਾਇੰਦਾ ਕੇਂਦਰੀ ਧਾਰਮਿਕ ਸੰਸਥਾ ਹੈ ਜੋ ਗੁਰਮਤਿ ਸਮਾਗਮਾਂ ਵਿੱਚ ਸਿੱਖ ਰਵਾਇਤਾਂ, ਮਰਯਾਦਾ ਅਤੇ ਸਿਧਾਂਤਾਂ ਦੀ ਬਿਹਤਰ ਤਰਜਮਾਨੀ ਕਰਦੀ ਹੈ।

ਜਥੇਦਾਰ ਗੜਗੱਜ ਨੇ ਰਾਜਪਾਲ ਕੋਲ ਸ੍ਰੀ ਚਮਕੌਰ ਸਾਹਿਬ ਦੇ ਨੇੜੇ ਲੱਗ ਰਹੀ ਪੇਪਰ ਫ਼ੈਕਟਰੀ ਦਾ ਮਾਮਲਾ ਵੀ ਉਠਾਇਆ, ਜਿਸ ਦਾ ਇਲਾਕੇ ਦੇ ਲੋਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਨਾਲ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਦੇ ਨੇੜੇ ਪ੍ਰਦੂਸ਼ਣ ਫ਼ੈਲੇਗਾ ਜੋ ਕਿ ਲੋਕਾਂ ਦੀ ਸਿਹਤ ਤੇ ਪੰਜਾਬ ਦੇ ਵਾਤਾਵਰਣ, ਹਵਾ ਤੇ ਪਾਣੀ ਲਈ ਠੀਕ ਨਹੀਂ ਹੈ।ਜਥੇਦਾਰ ਗੜਗੱਜ ਨੇ ਮੱਤੇਵਾੜਾ ਜੰਗਲ ਦੇ ਨੇੜੇ ਵੱਸਦੇ ਗ਼ਰੀਬ ਪਰਿਵਾਰਾਂ ਦੇ ਸਰਕਾਰ ਵੱਲੋਂ ਕੀਤੇ ਜਾ ਰਹੇ ਉਜਾੜੇ ਦਾ ਮਾਮਲਾ ਵੀ ਰਾਜਪਾਲ ਪੰਜਾਬ ਦੇ ਕੋਲ ਉਠਾਇਆ, ਕਿਉਂਕਿ ਇਹ ਪਰਿਵਾਰ ਲੰਮੇ ਸਮੇਂ ਤੋਂ ਉੱਥੇ ਵੱਸੇ ਹੋਏ ਹਨ ਇਸ ਲਈ ਇਨ੍ਹਾਂ ਨੂੰ ਉਜਾੜਨਾ ਵਾਜਬ ਨਹੀਂ ਤੇ ਮਨੁੱਖੀ ਅਧਿਕਾਰਾਂ ਨੂੰ ਗਹਿਰੀ ਸੱਟ ਹੈ, ਜੋ ਕਿ ਪੰਜਾਬ ਦੇ ਸੁਭਾਅ ਨਾਲ ਨਹੀਂ ਰਲਦੀ।

ਜਥੇਦਾਰ ਗੜਗੱਜ ਨੇ ਰਾਜਪਾਲ ਸ੍ਰੀ ਕਟਾਰੀਆ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਸਬੰਧੀ ਸਖ਼ਤ ਕਾਨੂੰਨ ਬਣਾਉਣ ਦਾ ਮਾਮਲਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਗਤ ਜੋਤ ਗੁਰੂ ਮੰਨਦੇ ਹਨ ਅਤੇ ਧਰਮ ਗ੍ਰੰਥ ਸਾਰੇ ਹੀ ਸਤਿਕਾਰਯੋਗ ਹਨ। ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਬੰਧੀ ਵਿਸ਼ੇਸ਼ ਕਾਨੂੰਨ ਬਣਨਾ ਚਾਹੀਦਾ ਹੈ, ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ ਅਤੇ ਇਹ ਕਾਰਜ ਛੇਤੀ ਹੀ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਵੀ ਗੁਰੂ ਘਰਾਂ ਅੰਦਰ ਹਰ ਸਮੇਂ ਪਹਿਰੇਦਾਰੀ ਯਕੀਨੀ ਬਣਾਉਣੀ ਚਾਹੀਦੀ ਹੈ।ਜਥੇਦਾਰ ਗੜਗੱਜ ਨੇ ਰਾਜਪਾਲ ਪੰਜਾਬ ਕੋਲ ਪਿਛਲੇ ਸੱਤ ਮਹੀਨਿਆਂ ਅੰਦਰ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਮੁਕਾਬਲਿਆਂ ਦਾ ਮਾਮਲਾ ਵੀ ਉਠਾਇਆ, ਜਿਨ੍ਹਾਂ ਵਿੱਚ ਪੁਲਿਸ ਨੇ ਤਕਰੀਬਨ ਇੱਕੋ ਜਿਹੀ ਕਹਾਣੀ ਬਣਾਈ ਹੈ ਕਿ ਹਥਿਆਰ ਬਰਾਮਦ ਕਰਨ ਗਏ ਤੇ ਕਥਿਤ ਦੋਸ਼ੀਆਂ ਵੱਲੋਂ ਪੁਲਿਸ ਉੱਤੇ ਗੋਲੀ ਚਲਾਈ ਗਈ ਅਤੇ ਜਵਾਬੀ ਕਾਰਵਾਈ ਵਿੱਚ ਉਹ ਮਾਰੇ ਗਏ।

(ਬਾਕੀ ਸਫ਼ਾ 31 'ਤੇ)

## ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੌਰਾਨ ਸ਼੍ਰੋਮਣੀ ਕਮੇਟੀ ਤਿਆਰੀਆਂ 'ਚ ਜੁਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਦੀਆਂ ਵਿਆਪਕ ਯੋਜਨਾਵਾਂ ਦਾ ਐਲਾਨ ਕੀਤਾ ਹੈ। ਨਵੰਬਰ 2025 ਵਿੱਚ ਹੋਣ ਵਾਲੇ ਇਸ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਖੇ ਹੋਈ। ਇਸ ਮੀਟਿੰਗ ਵਿੱਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖਸੀਅਤਾਂ, ਵਿਦਵਾਨਾਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਸਮਾਗਮਾਂ ਦੀਆਂ ਮੁੱਖ ਯੋਜਨਾਵਾਂ ਵਿੱਚ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਲੋਕ ਸਭਾ ਸਪੀਕਰ, ਚੀਫ਼ ਜਸਟਿਸ ਅਤੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀਆਂ ਸਮੇਤ ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸੱਦਾ ਦੇਣ ਦਾ ਫ਼ੈਸਲਾ ਸ਼ਾਮਲ ਹੈ। ਇਸ ਦੇ ਨਾਲ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ 'ਤੇ ਇੱਕ ਵਿਸ਼ੇਸ਼ ਚੇਅਰ ਸਥਾਪਤ ਕੀਤੀ ਜਾਵੇਗੀ। ਸ਼ਤਾਬਦੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਆਸਾਮ ਤੋਂ ਸ਼ੁਰੂ ਹੋਵੇਗਾ, ਜੋ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗਾ। ਇਸ ਦੌਰਾਨ 51 ਹਜ਼ਾਰ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਥੀ ਸਿੱਖਾਂ 'ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਬਾਬਾ ਜੀਵਨ ਸਿੰਘ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ' ਨੂੰ ਸਮਰਪਿਤ ਸਮਾਗਮ ਵੀ ਕਰਵਾਏ ਜਾਣਗੇ। ਇਸ ਤੋਂ ਇਲਾਵਾ, ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹੀਦੀ ਨਾਲ ਸਬੰਧਤ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਵੇਗਾ। ਇੱਕ 'ਕੌਫ਼ੀ ਟੇਬਲ ਬੁੱਕ' ਤਿਆਰ ਕੀਤੀ ਜਾਵੇਗੀ, ਜੋ ਗੁਰੂ ਸਾਹਿਬ ਦੇ ਯੋਗਦਾਨ ਨੂੰ ਪ੍ਰਕਾਸ਼ਮਾਨ ਕਰੇਗੀ। ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬ ਦੇ ਜੀਵਨ ਅਤੇ ਸਿਧਾਂਤਾਂ ਨੂੰ ਲੈ ਕੇ ਪ੍ਰੇਰਣਾਦਾਇਕ ਵੀਡੀਓਜ਼ ਵੀ ਪ੍ਰਸਾਰਿਤ ਕੀਤੇ ਜਾਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਗੁਰਤਾਗੱਦੀ ਦਿਵਸ ਨੂੰ ਵੀ ਇਸੇ ਸ਼ਤਾਬਦੀ ਦੇ (ਬਾਕੀ ਸਫ਼ਾ 31 'ਤੇ)



## ਪੰਜ ਮੈਂਬਰੀ ਕਮੇਟੀ ਦੇ ਬਣੇ 12 ਲੱਖ ਤੋਂ ਵੱਧ ਮੈਂਬਰ: ਇਯਾਲੀ

ਮੋਗਾ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਬਣਾਈ ਪੰਜ ਮੈਂਬਰੀ ਕਮੇਟੀ ਦੇ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਵਾਤਾਵਰਣ ਸੰਭਾਲ ਮੁਹਿੰਮ ਦੀ ਇੱਥੇ ਸਰਕਲ ਮਹਿਣਾ ਅਧੀਨ ਪਿੰਡ ਕਪੂਰੇ ਤੋਂ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸ੍ਰੀ ਇਯਾਲੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਬਣੀ ਪੰਜ ਮੈਂਬਰੀ ਕਮੇਟੀ ਨੂੰ ਸੰਗਤ ਵੱਡਾ ਹੁੰਗਾਰਾ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਕੋਲ ਪੁੱਜੀ ਸੂਚੀ ਮੁਤਾਬਕ ਪੰਜਾਬ ਵਿੱਚ 12 ਲੱਖ ਤੋਂ ਵੱਧ ਮੈਂਬਰ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੈਂਬਰਸ਼ਿਪ ਭਰਤੀ ਦਾ ਕੰਮ ਜਾਰੀ ਹੈ ਅਤੇ ਹੋਰ ਰੋਜ਼ਾਨਾ ਸੂਚੀ ਉਨ੍ਹਾਂ ਕੋਲ ਆ ਰਹੀ ਹੈ।

### ਵਾਤਾਵਰਣ ਸੰਭਾਲ ਮੁਹਿੰਮ ਕੀਤੀ ਸ਼ੁਰੂ



ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਅਤੇ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਸੰਗਤ ਨੂੰ ਹਰੇ-ਭਰੇ ਪੰਜਾਬ ਵੱਲ ਕਦਮ ਵਧਾਉਂਦਿਆਂ ਵਾਤਾਵਰਣ ਸੰਭਾਲ ਲਈ ਉਤਸ਼ਾਹਿਤ ਕੀਤਾ।

ਉਨ੍ਹਾਂ ਕਿਹਾ,'ਸ੍ਰੀ ਅਕਾਲ ਤਖ਼ਤ ਸਾਡੇ ਲਈ ਸਿਰਮੌਰ ਹੈ ਤੇ ਸਾਰੀ ਸਿੱਖ ਕੌਮ ਇੱਥੋਂ ਜਾਰੀ ਹੋਏ ਹੁਕਮ ਨੂੰ ਸਵੀਕਾਰ ਕਰਦੀ ਹੈ।' ਉਨ੍ਹਾਂ ਸਾਰਿਆਂ ਨੂੰ ਵਾਤਾਵਰਣ ਦੀ ਬਿਹਤਰੀ ਵਾਸਤੇ ਇੱਕ-ਇੱਕ ਬੂਟਾ ਲਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਾਤਾਵਰਣ ਦੀ ਸੰਭਾਲ ਬਾਰੇ ਦਿੱਤੇ ਹੁਕਮ ਸਾਡੀ ਧਾਰਮਿਕ, ਸਮਾਜਿਕ ਤੇ ਆਗਾਮੀ ਪੀੜ੍ਹੀਆਂ ਲਈ ਜ਼ਿੰਮੇਵਾਰੀ ਨੂੰ ਯਾਦ ਕਰਾਉਂਦੇ ਹਨ। ਇਸ ਮੌਕੇ ਰਾਜਿੰਦਰ ਸਿੰਘ ਕਪੂਰੇ, ਬਲਦੇਵ ਸਿੰਘ ਮਾਣੂਕੇ, ਗੁਰਜੰਟ ਸਿੰਘ ਭੁੱਟੋ, ਕੁਲਦੀਪ ਸਿੰਘ ਏਡੀਓ ਐਡਵੋਕੇਟ ਰਣਜੀਤ ਸਿੰਘ ਧਾਲੀਵਾਲ, ਦਵਿੰਦਰ ਸਿੰਘ ਰਣੀਆ, ਬਲਜੀਤ ਸਿੰਘ ਜਸ ਮੰਗੇ ਵਾਲਾ, ਭਗਵਾਨ ਸਿੰਘ ਅਟਾਰੀ, ਹਰਭੁਪਿੰਦਰ ਸਿੰਘ ਲਾਡੀ ਬੁੱਟਰ ਸਣੇ ਵੱਡੀ ਗਿਣਤੀ ਅਕਾਲੀ ਆਗੂ ਮੌਜੂਦ ਸਨ।

## ਨੌਵੇਂ ਪਾਤਸ਼ਾਹ ਜੀ ਬਾਰੇ ਕੰਨੜ ਭਾਸ਼ਾ ਵਿੱਚ ਕਿਤਾਬਚਾ ਸੰਗ੍ਰਹਿਤ ਕੀਤਾ ਜਾਵੇਗਾ: ਧਾਮੀ

ਬੰਗਲੁਰੂ /ਏ.ਟੀ.ਨਿਊਜ਼: ਕਰਨਾਟਕ ਵਿੱਚ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਸਾਹਿਬ ਦਾ ਇਤਿਹਾਸ ਕੰਨੜ ਭਾਸ਼ਾ ਵਿੱਚ ਸੰਗ੍ਰਹਿਤ ਕੀਤਾ ਜਾਵੇਗਾ। ਸੂਬੇ ਅੰਦਰ ਸਿੱਖੀ ਪ੍ਰਚਾਰ ਅਤੇ ਵਿਸ਼ੇਸ਼ ਕਰਕੇ ਬੱਚਿਆਂ ਨੂੰ ਪੰਜਾਬੀ ਅਤੇ ਗੁਰਬਾਣੀ ਦੀ ਜਾਣਕਾਰੀ ਦੇਣ ਲਈ ਪ੍ਰਚਾਰਕ ਭੇਜੇ ਜਾਣਗੇ ਅਤੇ ਗੁਰੂ ਘਰ ਵਿਖੇ ਲਾਇਬਰੇਰੀ ਲਈ ਕਿਤਾਬਾਂ ਭੇਜੀਆਂ ਜਾਣਗੀਆਂ। ਇਹ ਦਾਅਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ, ਜੋ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਨੂੰ ਲੈ ਕੇ ਬੰਗਲੁਰੂ ਵਿੱਚ ਗਏ ਹੋਏ ਹਨ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ 350ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸ਼ੁਰੂ ਕੀਤੀ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਲਸੂਰ ਬੰਗਲੁਰੂ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਪੰਥ ਪ੍ਰਸਿੱਧ ਰਾਗੀ ਜਥਿਆਂ, ਕਥਾਵਾਚਕਾਂ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਮੂਲੀਅਤ ਕੀਤੀ।

### ਸ਼੍ਰੋਮਣੀ ਕਮੇਟੀ ਨੇ ਕਰਵਾਇਆ ਬੰਗਲੁਰੂ 'ਚ ਗੁਰਮਤਿ ਸਮਾਗਮ



ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਇਸ ਲਈ ਵੱਡੇ ਮਹੱਤਵ ਵਾਲੀ ਹੈ ਕਿ ਗੁਰੂ ਸਾਹਿਬ ਨੇ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਖਾਸਕਰ ਕਿਸੇ ਦੂਸਰੇ ਧਰਮ ਲਈ ਆਪਾ ਕੁਰਬਾਨ ਕੀਤਾ। ਅਜਿਹੀ ਮਿਸਾਲ ਦੁਨੀਆਂ ਦੇ ਧਰਮ ਇਤਿਹਾਸ ਅੰਦਰ ਹੋਰ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਇਸ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਦੀ ਪਹਿਲ ਦੇਸ਼ ਦੁਨੀਆ ਦੀਆਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਜੋੜਨਾ ਹੈ। ਇਸੇ ਦਿਸ਼ਾ ਵਿੱਚ ਕਰਨਾਟਕ ਦੀਆਂ ਸਿੱਖ ਸੰਗਤਾਂ ਲਈ ਨੌਵੇਂ ਪਾਤਸ਼ਾਹ ਜੀ ਬਾਰੇ ਕੰਨੜ ਭਾਸ਼ਾ ਵਿੱਚ ਕਿਤਾਬਚਾ ਸੰਗ੍ਰਹਿਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੂਬੇ ਅੰਦਰ ਸਿੱਖੀ ਪ੍ਰਚਾਰ ਅਤੇ ਵਿਸ਼ੇਸ਼ ਕਰਕੇ ਬੱਚਿਆਂ ਨੂੰ ਪੰਜਾਬੀ ਅਤੇ ਗੁਰਬਾਣੀ ਦੀ ਜਾਣਕਾਰੀ ਦੇਣ ਲਈ ਪ੍ਰਚਾਰਕ ਭੇਜਣ ਅਤੇ ਗੁਰੂ ਘਰ ਵਿਖੇ ਲਾਇਬਰੇਰੀ ਲਈ ਕਿਤਾਬਾਂ ਦੇਣ ਦਾ ਵੀ ਐਲਾਨ ਕੀਤਾ। ਉਨ੍ਹਾਂ ਸਥਾਨਕ ਸਿੱਖ ਆਗੂਆਂ ਤੇ ਸੰਗਤ ਨੂੰ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਪੁਰਜ਼ੋਰ ਯਤਨ ਕੀਤੇ ਜਾਣ ਅਤੇ ਅਖਬਾਰਾਂ, ਈ-ਮੇਲਾਂ ਅਤੇ ਹੋਰ ਮੀਡੀਆ ਸਾਧਨਾ ਰਾਹੀਂ ਸਰਕਾਰਾਂ ਤੱਕ ਗੱਲ ਰੱਖੀ ਜਾਵੇ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸੰਗਤ ਨਾਲ ਨੌਵੇਂ ਪਾਤਸ਼ਾਹ ਦੇ ਜੀਵਨ ਅਤੇ ਉਪਦੇਸ਼ਾਂ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਬਾਣੀ ਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ।

ਉਨ੍ਹਾਂ ਕਰਨਾਟਕ ਅੰਦਰ ਸਮਾਗਮ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਅਜਿਹੇ ਸਮਾਗਮਾਂ ਦੀ ਲੜੀ ਪੂਰੇ ਦੇਸ਼ ਤੱਕ ਲੈ ਕੇ ਜਾਣ ਲਈ ਕਿਹਾ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਨੇ ਵੀ ਕਥਾ ਵਿਚਾਰਾਂ ਕੀਤੀਆਂ। ਸਮਾਗਮ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਗਿਆਨੀ ਰਘਬੀਰ ਸਿੰਘ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਦੂਜੇ ਰਾਜਾਂ ਵਿੱਚ ਸਿੱਖਾਂ ਦੀ ਕੀਤੀ ਜਾਵੇ ਸੁਰੱਖਿਆ

ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਅਤੇ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨਾਲ ਭਾਰਤ ਦੇ ਵੱਖ- ਵੱਖ ਰਾਜਾਂ ਵਿੱਚ ਕਈ ਕਿਸਮ ਦਾ ਵਿਤਕਰਾ, ਸ਼ੋਸ਼ਣ ਅਤੇ ਕੁੱਟਮਾਰ ਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਚੁੱਕੇ ਹਨ। ਹੁਣ ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਮਹਾਰਾਸ਼ਟਰ ਦੇ ਮੁੰਬਈ ਸ਼ਹਿਰ ਵਿੱਚ ਇੱਕ ਸਿੱਖ ਟਰੱਕ ਡਰਾਇਵਰ ਦੀ ਉਥੋਂ ਦੀ ਪੁਲਿਸ ਦੇ ਮੁਲਾਜ਼ਮ ਬਹੁਤ ਬੇਰਹਿਮੀ ਨਾਲ ਕੁੱਟਮਾਰ ਕਰ ਰਹੇ ਹਨ। ਇਹਨਾਂ ਪੁਲਿਸ ਮੁਲਾਜ਼ਮਾਂ ਵੱਲੋਂ ਉਸ ਸਿੱਖ ਟਰੱਕ ਡਰਾਇਵਰ ਦੀ ਪੱਗ ਵੀ ਉਤਾਰ ਦਿੱਤੀ ਜਾਂਦੀ ਹੈ ਅਤੇ ਸਿਰ ਦੇ ਕੇਸ ਖਿਲਾਰ ਦਿੱਤੇ ਜਾਂਦੇ ਹਨ। ਇਹ ਸਿੱਖ ਡਰਾਇਵਰ ਵਾਰ ਵਾਰ ਹੱਥ ਜੋੜ ਕੇ ਉਸ ਦੀ ਕੁੱਟਮਾਰ ਨਾ ਕਰਨ ਲਈ ਕਹਿ ਰਿਹਾ ਹੈ ਪਰ ਪੁਲਿਸ ਮੁਲਾਜ਼ਮ ਉਸ ਦੀ ਲਗਾਤਾਰ ਕੁੱਟਮਾਰ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਸੋਸ਼ਲ ਮੀਡੀਆ ’ਤੇ ਵਾਇਰਲ ਇੱਕ ਹੋਰ ਵੀਡੀਓ ਅਨੁਸਾਰ ਭਾਰਤ ਦੇ ਇੱਕ ਸੂਬੇ ਵਿੱਚ ਆਪਣੀ ਮਾਂ ਨਾਲ ਮੋਟਰ ਸਾਈਕਲ ’ਤੇ ਜਾ ਰਹੇ ਇੱਕ ਸਿੱਖ ਨੌਜਵਾਨ ਨੂੰ ਹਿੰਦੂ ਪੁਲਿਸ ਮੁਲਾਜ਼ਮ ਜਬਰਦਸਤੀ ਰੋਕ ਲੈਂਦੇ ਹਨ ਅਤੇ ਉਸ ਨੂੰ ਜਬਰਦਸਤੀ ਥਾਣੇ ਲੈ ਕੇ ਜਾਣ ਦਾ ਯਤਨ ਕਰਦੇ ਹਨ। ਇਹ ਸਿੱਖ ਨੌਜਵਾਨ ਆਪਣਾ ‘ਆਈ ਕਾਰਡ’ ਪੁਲਿਸ ਮੁਲਾਜ਼ਮਾਂ ਨੂੰ ਦਿਖਾਉਂਦਾ ਹੈ ਤਾਂ ਪੁਲਿਸ ਮੁਲਾਜ਼ਮ ਉਸ ਨੂੰ ਛੱਡ ਦਿੰਦੇ ਹਨ। ਅਸਲ ਵਿੱਚ ਇਹ ਸਿੱਖ ਨੌਜਵਾਨ ਭਾਰਤੀ ਫ਼ੌਜ ਦਾ ਮੁਲਾਜ਼ਮ ਹੈ ਅਤੇ ਸਿੱਖ ਰਜਮੈਂਟ ਵਿੱਚ ਭਰਤੀ ਹੈ। ਜੇ ਇਹ ਸਿੱਖ ਨੌਜਵਾਨ ਆਪਣਾ ਭਾਰਤੀ ਫ਼ੌਜ ਦਾ ‘ਆਈ ਕਾਰਡ’ ਨਾ ਦਿਖਾਉਂਦਾ ਤਾਂ ਪੁਲਿਸ ਮੁਲਾਜ਼ਮਾਂ ਵੱਲੋਂ ਇਸ ਦੀ ਵੀ ਕੁੱਟਮਾਰ ਕੀਤੇ ਜਾਣ ਦੀ ਸੰਭਾਵਨਾ ਸੀ।

ਪੰਜਾਬ ਤੋਂ ਵੱਡੀ ਗਿਣਤੀ ਸਿੱਖ ਸ਼ਰਧਾਲੂ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਸਿੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਜਾਂਦੇ ਹਨ। ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਅਕਸਰ ਹੀ ਸਿੱਖ ਸ਼ਰਧਾਲੂਆਂ ਨਾਲ ਉਥੋਂ ਦੇ ਲੋਕਾਂ ਵੱਲੋਂ ਕੁੱਟਮਾਰ ਕਰਨ, ਬਦਸਲੂਕੀ ਕਰਨ ਦੀਆਂ ਘਟਨਾਵਾਂ ਵਾਪਰਨ ਦੀਆਂ ਖ਼ਬਰਾਂ ਮੀਡੀਆ ਵਿੱਚ ਆਉਂਦੀਆਂ ਰਹਿੰਦੀਆਂ ਹਨ। ਉਥੋਂ ਦੀ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਇਹਨਾਂ ਸ਼ਰਾਰਤੀ ਅਨਸਰਾਂ ਤੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਕਰਕੇ ਇਹਨਾਂ ਦੇ ਹੌਂਸਲੇ ਬਹੁਤ ਵੱਧ ਗਏ ਹਨ। ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੀ ਪੁਲਿਸ ਵੱਲੋਂ ਸਿੱਖ ਸ਼ਰਧਾਲੂਆਂ ਦੇ ਵਾਹਨਾਂ ’ਤੇ ਲੱਗੇ ਝੰਡਿਆਂ ਅਤੇ ਪੋਸਟਰਾਂ ਦਾ ਬਹਾਨਾ ਲਗਾ ਕੇ ਵੀ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਭਾਰੀ ਜੁਰਮਾਨੇ ਕਰਨ ਦੀਆਂ ਖ਼ਬਰਾਂ ਲੰਬੇ ਸਮੇਂ ਤੋਂ ਆ ਰਹੀਆਂ ਹਨ। ਜਿਸ ਕਾਰਨ ਸਿੱਖਾਂ ਵਿੱਚ ਰੋਸ ਦੀ ਲਹਿਰ ਫੈਲ ਰਹੀ ਹੈ।

ਪੰਜਾਬ ਦੇ ਵੱਡੀ ਗਿਣਤੀ ਲੋਕ ਵਿਦੇਸ਼ਾਂ ਵਿੱਚ ਰਹਿੰਦੇ ਹਨ, ਇਹ ਐਨ.ਆਰ.ਆਈ.ਪੰਜਾਬੀ ਅਕਸਰ ਪੰਜਾਬ ਆਉਂਦੇ ਜਾਂਦੇ ਰਹਿੰਦੇ ਹਨ। ਪੰਜਾਬ ਤੋਂ ਹਰ ਦਿਨ ਵੱਡੀ ਗਿਣਤੀ ਕਾਰਾਂ ਅਤੇ ਟੈਕਸੀਆਂ ਦਿੱਲੀ ਦੇ ਏਅਰਪੋਰਟ ’ਤੇ ਜਾਂਦੀਆਂ ਹਨ। ਇਹਨਾਂ ਟੈਕਸੀਆਂ ਦੇ ਚਾਲਕ ਅਕਸਰ ਦੋਸ਼ ਲਗਾਉਂਦੇ ਹਨ ਕਿ ਦਿੱਲੀ ਵਿੱਚ ਦਿੱਲੀ ਦੀ ਪੁਲਿਸ ਵੱਲੋਂ ਉਹਨਾਂ ਨੂੰ ਬਿਨਾਂ ਕਿਸੇ ਕਾਰਨ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਨਿੱਕੇ ਨਿੱਕੇ ਬਹਾਨੇ ਲਗਾ ਕੇ ਰਿਸ਼ਵਤ ਮੰਗੀ ਜਾਂਦੀ ਹੈ ਜਾਂ ਭਾਰੀ ਜੁਰਮਾਨੇ ਕੀਤੇ ਜਾਂਦੇ ਹਨ। ਦਿੱਲੀ ਪੁਲਿਸ ਵੱਲੋਂ ਇਹਨਾਂ ਟੈਕਸੀ ਵਾਲਿਆਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਨਾਲ ਇਹਨਾਂ ਵਿੱਚ ਬੈਠੇ ਐਨ.ਆਰ.ਆਈ.ਪੰਜਾਬੀ ਵੀ ਪ੍ਰੇਸ਼ਾਨ ਹੁੰਦੇ ਹਨ।

ਭਾਰਤ ਦੇ ਵੱਖ- ਵੱਖ ਰਾਜਾਂ ਵਿੱਚ ਰਹਿੰਦੇ ਸਿੱਖਾਂ ਨੇ ਉਹਨਾਂ ਰਾਜਾਂ ਦੀ ਤਰੱਕੀ ਅਤੇ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਜਿਹੜੇ ਸਿੱਖ ਪੰਜਾਬ ਤੋਂ ਦੂਜੇ ਰਾਜਾਂ ਵਿੱਚ ਧਾਰਮਿਕ ਯਾਤਰਾ ਜਾਂ ਕੰਮ ਧੰਦੇ ਜਾਂ ਸੈਰ ਸਪਾਟੇ ਲਈ ਜਾਂਦੇ ਹਨ ਉਹ ਵੀ ਉਥੇ ਖੁੱਲ੍ਹਾ ਖਰਚ ਕਰਦੇ ਹਨ, ਜਿਸ ਕਾਰਨ ਦੂਜੇ ਰਾਜਾਂ ਦੇ ਲੋਕਾਂ ਨੂੰ ਚੰਗੀ ਆਮਦਨੀ ਹੁੰਦੀ ਹੈ ਅਤੇ ਉਹਨਾਂ ਰਾਜਾਂ ਦੀ ਆਰਥਿਕਤਾ ਵੀ ਮਜ਼ਬੂਤ ਹੁੰਦੀ ਹੈ। ਇਸ ਦੇ ਬਾਵਜੂਦ ਦੂਜੇ ਰਾਜਾਂ ਵਿੱਚ ਸਿੱਖਾਂ ਨੂੰ ਅਕਸਰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ, ਜਿਸ ਕਾਰਨ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਸਿੱਖ ਅਕਸਰ ਆਪਣੇ ਆਪ ਨੂੰ ਬੇਗਾਨਾ ਮਹਿਸੂਸ ਕਰਦੇ ਹਨ।


ਸਾਬਕਾ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਕਈ ਵਾਰ ਕਹਿ ਚੁੱਕੇ ਹਨ ਕਿ ਭਾਰਤ ਵਿੱਚ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ ਜਾਂਦਾ ਹੈ ਅਤੇ ਭਾਰਤ ਵਿੱਚ ਸਿੱਖਾਂ ਨਾਲ ਲਗਾਤਾਰ ਧੱਕੇਸ਼ਾਹੀਆਂ ਹੋ ਰਹੀਆਂ ਹਨ। ਸ੍ਰ. ਮਾਨ ਇਸੇ ਕਾਰਨ ਸਿੱਖਾਂ ਲਈ ਵੱਖਰੀ ਸਟੇਟ ਦੀ ਮੰਗ ਕਰਦੇ ਰਹਿੰਦੇ ਹਨ। ਭਾਰਤ ਵਿੱਚ ਸਿੱਖਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਕਾਰਨ ਅਕਸਰ ਪੰਜਾਬ ਸਮੇਤ ਦੇਸ਼ ਵਿਦੇਸ਼ ਦੇ ਅਨੇਕਾਂ ਸਿੱਖ ਆਗੂ ਸਿੱਖਾਂ ਲਈ ਵੱਖਰੇ ਦੇਸ਼ ਦੀ ਮੰਗ ਕਰਦੇ ਹਨ। ਜਿਹੜੇ ਸਿੱਖਾਂ ਨਾਲ ਧੱਕੇਸ਼ਾਹੀਆਂ ਹੁੰਦੀਆਂ ਹਨ, ਉਹ ਵੀ ਇਹ ਗੱਲ ਸੋਚਦੇ ਹਨ ਕਿ ਜੇ ਉਹਨਾਂ ਦਾ ਆਪਣਾ ਦੇਸ਼ ਹੋਵੇ ਤਾਂ ਘੱਟੋ ਘੱਟ ਉਹਨਾਂ ਨਾਲ ਇਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਤਾਂ ਨਾ ਹੋਣ। ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਚੱਲੀ ਖਾੜਕੂ ਲਹਿਰ ਦਾ ਇੱਕ ਕਾਰਨ ਸਿੱਖਾਂ ਨਾਲ ਦੂਜੇ ਰਾਜਾਂ ਵਿੱਚ ਹੁੰਦੀਆਂ ਧੱਕੇਸ਼ਾਹੀਆਂ ਵੀ ਸਨ।

ਪੰਜਾਬ ਦੀ ਮੌਜੂਦਾ ‘ਆਪ’ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਸਿੱਖਾਂ ਨਾਲ ਹੁੰਦੀਆਂ ਵਧੀਕੀਆਂ, ਧੱਕੇਸ਼ਾਹੀਆਂ ਅਤੇ ਕੁੱਟਮਾਰ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲਵੇ ਅਤੇ ਸਬੰਧਿਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਗੱਲਬਾਤ ਕਰਕੇ ਪੀੜਤ ਸਿੱਖਾਂ ਨੂੰ ਇਨਸਾਫ਼ ਦਿਵਾਇਆ ਜਾਵੇ ਇਸ ਤੋਂ ਇਲਾਵਾ ਕੇਂਦਰ ਸਰਕਾਰ ਅਤੇ ਵੱਖ- ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਸਿੱਖਾਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨੇ ਚਾਹੀਦੇ ਹਨ।

# ਆਰਥਿਕ ਨੀਤੀਆਂ ਨੂੰ ਆਮ ਲੋਕਾਂ ਦੇ ਹੱਕ ਵਿੱਚ ਬਣਾਉਣ ਦੀ ਲੋੜ



ਡਾ. ਕੇਸਰ ਸਿੰਘ ਭੰਗੂ




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਨੇ ਆਪਣੇ 11 ਸਾਲ ਪੂਰੇ ਕਰ ਲਏ ਹਨ। ਪਹਿਲੇ 10 ਸਾਲਾਂ ਦੌਰਾਨ ਭਾਜਪਾ ਕੋਲ ਪੂਰਨ ਬਹੁਮਤ ਸੀ, ਪਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਕਈ ਖੇਤਰੀ ਪਾਰਟੀਆਂ ਦੇ ਸਹਿਯੋਗ ਨਾਲ ਰਲੀ-ਮਿਲੀ ਸਰਕਾਰ ਬਣਾਉਣ ਲਈ ਮਜਬੂਰ ਹੋਣਾ ਪਿਆ। ਭਾਜਪਾ ਦੀ ਮੌਜੂਦਾ ਸਰਕਾਰ ਨੇ ਵੀ ਇੱਕ ਸਾਲ ਪੂਰਾ ਕਰ ਲਿਆ ਹੈ। ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀ 11 ਸਾਲਾਂ ਦੀ ਆਰਥਿਕ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਭਾਜਪਾ ਵੱਲੋਂ 2014 ਵਿੱਚ ਸਰਕਾਰ ਦਾ ਕਾਰਜਭਾਰ ਸੰਭਾਲਣ ਦੇ 2-3 ਸਾਲਾਂ ਬਾਅਦ ਹੀ ਭਾਰਤ ਦੀ ਅਰਥਵਿਵਸਥਾ ਲਗਾਤਾਰ ਗਿਰਾਵਟ ਵੱਲ ਜਾਣ ਲੱਗ ਪਈ ਸੀ, ਆਰਥਿਕਤਾ ਦੇ ਸਾਰੇ ਮਹੱਤਵਪੂਰਨ ਸੂਚਕ- ਆਰਥਿਕ ਵਿਕਾਸ ਦਰ, ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਦਰ, ਬੇਰੁਜ਼ਗਾਰੀ ਦੀ ਦਰ, ਮਹਿੰਗਾਈ ਦੀ ਦਰ, ਗ਼ਰੀਬੀ ਦੀ ਸਥਿਤੀ ਆਦਿ, ਨੀਵੇਂ ਪੱਧਰ ’ਤੇ ਆ ਗਏ ਸਨ। ਜਿਨ੍ਹਾਂ ਲਈ ਕੋਈ ਵੀ ਅੰਤਰਰਾਸ਼ਟਰੀ ਨੀਤੀ ਜਾਂ ਕਾਰਕ ਨਹੀਂ, ਸਗੋਂ ਸਰਕਾਰ ਦੀਆਂ ਆਪਣੀਆਂ ਨੀਤੀਆਂ ਹੀ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਪਿਛਲੇ 11 ਸਾਲਾਂ ਦੌਰਾਨ ਆਰਥਿਕ ਨੀਤੀਆਂ ਵਿੱਚ ਬਹੁਤ ਸਾਰੇ ਬਦਲਾਅ ਕੀਤੇ ਹਨ, ਯੋਜਨਾ ਕਮਿਸ਼ਨ ਨੂੰ ਤੋੜ ਕੇ ਨੀਤੀ ਆਯੋਗ ਬਣਾਉਣ, ਸਰਕਾਰੀ ਅਦਾਰਿਆਂ ਦਾ ਅੰਨ੍ਹੇਵਾਹ ਨਿੱਜੀਕਰਨ ਕਰਨਾ, ਮੁਦਰਾ ਨੀਤੀ, ਰਾਜਕੋਸ਼ੀ ਨੀਤੀ, 2016 ਵਿੱਚ ਨੋਟਬੰਦੀ, 2017 ਗੁਡਜ਼ ਤੇ ਸਰਵਿਸ ਟੈਕਸ (ਜੀ.ਐਸ.ਟੀ.) ਲਾਗੂ ਕੀਤੀ ਗਈ ਹੈ।

ਭਾਜਪਾ ਸਰਕਾਰ ਨੇ ਵਿੱਤੀ ਸਾਲ 2014-15 ਦੌਰਾਨ ਪਿਛਲੀ ਸਰਕਾਰ ਤੋਂ ਵਿਰਸੇ ਵਿੱਚ ਚੰਗੀ ਵਿੱਤੀ ਹਾਲਤ ਤੇ ਅਰਥਵਿਵਸਥਾ ਨੂੰ ਸੰਭਾਲਿਆ ਸੀ, ਉਸ ਸਮੇਂ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਵਿਕਾਸ ਦਰ 7.4 ਫ਼ੀਸਦੀ ਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੀ ਦਰ 6.2 ਫ਼ੀਸਦੀ ਸੀ। ਸਰਕਾਰ ਦੇ ਕੰਮਕਾਜ ਸੰਭਾਲਣ ਦੇ 3 ਮਹੀਨਿਆਂ ਬਾਅਦ ਅਗਸਤ 2014 ਵਿੱਚ ਦੁਨੀਆ ਭਰ ਵਿੱਚ ਕੱਚੇ ਤੇਲ ਤੇ ਹੋਰ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਇਤਿਹਾਸਕ ਭਾਰੀ ਗਿਰਾਵਟ ਆਉਣ ਨਾਲ ਪਹਿਲਾਂ ਤੋਂ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤ ਦੀ ਅਰਥਵਿਵਸਥਾ ਹੋਰ ਮਜ਼ਬੂਤ ਹੋਈ, ਨਤੀਜੇ ਵਜੋਂ ਵਿੱਤੀ ਸਾਲ 2016-17 ਵਿੱਚ ਜੀ.ਡੀ.ਪੀ. ਵਿਕਾਸ ਦਰ 8.3 ਫ਼ੀਸਦੀ ਤੇ ਪ੍ਰਤੀ ਵਿਅਕਤੀ ਆਮਦਨ ਦਰ 6.9 ਫ਼ੀਸਦੀ ਹੋ ਗਈ। ਪਰ ਅਗਲੇ ਸਾਲਾਂ ਦੌਰਾਨ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਤੇ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਦੀ ਦਰ ਘੱਟਣ ਲੱਗ ਪਈ।

ਇਹ ਵੀ ਸੱਚ ਹੈ ਕਿ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ 2014-15 ਤੋਂ ਹੁਣ ਤੱਕ ਦੋਗੁਣਾ ਹੋ ਗਈ ਹੈ । ਜੋ ਪ੍ਰਚੱਲਿਤ ਕੀਮਤਾਂ ’ਤੇ 2014-15 ਦੌਰਾਨ 86,647 ਰੁਪਏ ਸੀ, ਜਿਹੜੀ ਹੁਣ 2024-25 ਵਿੱਚ ਦੁੱਗਣੀ ਤੋਂ ਵੀ ਜ਼ਿਆਦਾ ਵੱਧ 2,05,579 ਰੁਪਏ ਹੋ ਗਈ ਹੈ। ਇਥੇ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਅੰਕੜੇ ਮੁਕਾਬਲਤਨ ਅਧਿਐਨ ਪ੍ਰਚੱਲਿਤ ਕੀਮਤਾਂ ਅਨੁਸਾਰ ਸਹੀ ਤਸਵੀਰ ਪੇਸ਼ ਨਹੀਂ ਕਰਦੇ, ਕਿਉਂਕਿ ਇਸ ਵਿੱਚ ਮੁਦਰਾ ਸਫੀਤੀ/ ਮਹਿੰਗਾਈ ਵੀ ਸ਼ਾਮਿਲ ਹੁੰਦੀ ਹੈ। ਦਰਅਸਲ 2011-12 ਦੀਆਂ ਸਥਿਰ ਕੀਮਤਾਂ ਦੇ ਹਿਸਾਬ ਨਾਲ ਇਹ ਵਾਧਾ ਦੁੱਗਣਾ ਨਾ ਹੋ ਕੇ ਕੇਵਲ 54 ਫ਼ੀਸਦੀ ਦੇ ਕਰੀਬ ਹੈ, ਕਿਉਂਕਿ 2014-15 ਦੀਆਂ ਸਥਿਰ ਕੀਮਤਾਂ ਅਨੁਸਾਰ ਪ੍ਰਤੀ ਵਿਅਕਤੀ ਆਮਦਨ 72,805 ਰੁਪਏ ਤੋਂ ਵਧ ਕੇ 2024-25 ਵਿੱਚ 1,33,488 ਰੁਪਏ ਹੋਈ ਹੈ। ਇਸ ਮਾਮਲੇ ਵਿੱਚ ਪਹਿਲਾਂ ਦੇ 10 ਸਾਲਾਂ ਦੌਰਾਨ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ, ਕਿਉਂਕਿ ਕਾਂਗਰਸ ਦੀ ਮਨਮੋਹਨ ਸਿੰਘ ਸਰਕਾਰ ਸਮੇਂ 10 ਸਾਲਾਂ ਵਿੱਚ ਇਹ ਵਾਧਾ ਪ੍ਰਚੱਲਿਤ ਕੀਮਤਾਂ ’ਤੇ 157 ਫ਼ੀਸਦੀ ਸੀ, ਭਾਵ 2006-07 ਵਿੱਚ ਪ੍ਰਤੀ ਵਿਅਕਤੀ ਆਮਦਨ 33,717 ਰੁਪਏ ਤੋਂ ਵਧ ਕੇ 2014-15 ਵਿੱਚ 86,647 ਰੁਪਏ ਹੋ ਚੁੱਕੀ ਸੀ।

ਕੇਂਦਰ ਸਰਕਾਰ ਵੱਲੋਂ ਨਵੰਬਰ 2016 ਦੌਰਾਨ ਨੋਟਬੰਦੀ ਲਾਗੂ ਕਰਨਾ ਇੱਕ ਗ਼ਲਤ ਤੇ ਬੇਲੋੜਾ ਫ਼ੈਸਲਾ ਸੀ, ਕਿਉਂਕਿ ਨੋਟਬੰਦੀ ਕਾਰਨ ਜਿੱਥੇ ਆਮ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਫ਼ੈਸਲੇ ਕਰਕੇ ਦੇਸ਼ ਵਿੱਚ ਬਹੁਤ ਸਾਰੇ ਲੋਕਾਂ ਦੀ ਆਮਦਨ ਤੇ ਰੁਜ਼ਗਾਰ ਨੂੰ ਵੱਡੀ ਢਾਹ ਵੱਜੀ ਸੀ। ਇਸ ਨੇ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਸੰਗਠਿਤ ਖੇਤਰ ਦੇ ਅਦਾਰਿਆਂ ਦੇ ਕਰਮੀਆਂ ਤੇ ਮਾਲਕਾਂ ਨੂੰ ਉਜਾੜ ਕੇ ਰੱਖ ਦਿੱਤਾ। ਇਸ ਤੋਂ ਬਾਅਦ 2017 ਦੌਰਾਨ ਸਰਕਾਰ ਵੱਲੋਂ ਜੀ.ਐਸ.ਟੀ. ਲਾਗੂ ਕਰਨ ਦੇ ਫ਼ੈਸਲੇ ਨੇ ਵੀ ਛੋਟੇ, ਦਰਮਿਆਨੇ ਤੇ ਗੈਰ-ਸੰਗਠਿਤ ਵਪਾਰਕ ਅਦਾਰਿਆਂ ਨੂੰ ਬਹੁਤ ਵੱਡੀ ਢਾਹ ਲਾਈ। ਇਸ ਫ਼ੈਸਲੇ ਨੇ ਦੇਸ਼ ਦੇ ਮਜ਼ਬੂਤ ਸੰਘੀ ਢਾਂਚੇ ਨੂੰ ਝੰਜੋੜ ਸੁੱਟਿਆ ਤੇ ਸੂਬਿਆਂ ਵੱਲੋਂ ਟੈਕਸ ਲਗਾ ਕੇ ਆਪਣੀ ਆਮਦਨ ਵਧਾਉਣ ’ਤੇ ਰੋਕ ਲਗਾ ਦਿੱਤੀ। ਹੁਣ ਦੇਸ਼ ਦੇ ਸਭ ਸੂਬਿਆਂ ਨੂੰ ਹਰ ਵਿੱਤੀ ਸਹਾਇਤਾ ਲਈ ਕੇਂਦਰ ਸਰਕਾਰ ’ਤੇ ਨਿਰਭਰ ਹੋਣਾ ਪੈ ਰਿਹਾ ਹੈ।

ਇਨ੍ਹਾਂ ਆਰਥਿਕ ਪਰਿਵਰਤਨਾਂ ਕਾਰਨ ਦੇਸ਼ ਵਿੱਚ ਆਮ ਲੋਕਾਂ ਲਈ ਰੋਜ਼ੀ ਰੋਟੀ ਕਮਾਉਣਾ ਔਖਾ ਹੋ ਗਿਆ, ਲੋਕਾਂ ਦਾ ਰੁਜ਼ਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ ਅਤੇ ਖੁਰਾਕ ਸੁਰੱਖਿਆ ਖ਼ਤਰੇ ਵਿੱਚ ਪੈਣ ਕਰਕੇ ਬਹੁਤੇ ਲੋਕ ਭੁੱਖਮਰੀ ਦੀ ਹਾਲਤ ਵਿੱਚ ਪਹੁੰਚ ਗਏ। ਇਸੇ ਕਰਕੇ ਹੁਣ 81 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਨੀਤੀਆਂ ਕਾਰਨ ਦੇਸ਼ ਵਿੱਚ ਪਿਛਲੇ 5 ਦਹਾਕਿਆਂ ਦੌਰਾਨ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ, ਕਿਉਂਕਿ ਵਿੱਤੀ ਸਾਲ 2017-18 ਤੋਂ ਲੈ ਕੇ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0.2 ਫ਼ੀਸਦੀ ਸਾਲਾਨਾ ਘੱਟ ਹੋ ਗਈ ਹੈ। ਇਸੇ ਤਰ੍ਹਾਂ ਗੈਰ ਖੇਤੀ ਧੰਦਿਆਂ ਵਿੱਚ ਕੰਮ ਕਰਨ ਵਾਲਿਆਂ ਦੀ ਅਸਲ ਮਜ਼ਦੂਰੀ ਵੀ ਘਟੀ ਹੈ ਅਤੇ 2016-17 ਤੋਂ ਬਾਅਦ ਹੁਣ ਤੱਕ ਅਸਲ ਮਜ਼ਦੂਰੀ ਵਿੱਚ 0.7 ਫ਼ੀਸਦੀ ਸਾਲਾਨਾ ਦਾ ਭਾਰੀ ਘਾਟਾ ਹੋ ਚੁੱਕਾ ਹੈ। ਦੇਸ਼ ਵਿੱਚ ਗ਼ਰੀਬੀ ਦੇ ਅੰਕੜੇ 2011-12 ਦੇ ਹੀ ਮਿਲਦੇ ਹਨ, ਜਦਕਿ ਗ਼ਰੀਬੀ ਸੰਬੰਧੀ 2017-18 ਵਿੱਚ ਹੋਏ ਸਰਵੇਖਣ ਦੇ ਅੰਕੜੇ ਸਰਕਾਰ ਵੱਲੋਂ ਕਥਿਤ ਤਕਨੀਕੀ ਖ਼ਾਮੀਆਂ ਕਾਰਨ ਦੱਸੇ ਹੀ ਨਹੀਂ ਗਏ।

ਹਾਲਾਂ ਕਿ ਪਿਛਲੇ ਦਸ ਸਾਲਾਂ ਦੌਰਾਨ 25 ਕਰੋੜ ਲੋਕਾਂ ਨੂੰ ਗ਼ਰੀਬੀ ਤੋਂ ਬਾਹਰ ਕੱਢਣ ਦੇ ਦਾਅਵੇ ਕੀਤੇ ਜਾ ਰਹੇ ਹਨ। ਜੋ ਅੰਤਰਰਾਸ਼ਟਰੀ ਬੈਂਕ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਦੇਸ਼ ਵਿੱਚ ਗ਼ਰੀਬੀ ਦੀ ਦਰ 27 ਫ਼ੀਸਦੀ ਤੋਂ ਘੱਟ ਕੇ 5 ਫ਼ੀਸਦੀ ਹੋ ਗਈ ਹੈ। ਦਰਅਸਲ ਇਹ ਅੰਕੜੇ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ 3 ਡਾਲਰ (ਭਾਰਤ ’ਚ 60 ਰੁਪਏ) ਰੋਜ਼ਾਨਾ ’ਤੇ ਆਧਾਰਿਤ ਹਨ, ਭਾਵ ਇੱਕ ਵਿਅਕਤੀ ਖਾਣ ਪੀਣ, ਰਹਿਣ ਦਾ ਕਿਰਾਇਆ, ਸਿਹਤ ਖ਼ਰਚਾ, ਪੜ੍ਹਾਈ ਆਦਿ ’ਤੇ ਹਰ ਕਿਸਮ ਦਾ ਰੋਜ਼ਾਨਾ ਖਰਚ ਕਰਦਾ ਹੈ। ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ ਜੋ 2011-12 ਵਿੱਚ 2.1 ਡਾਲਰ ਹੁੰਦੀ ਸੀ, ਉਸ ਨੂੰ ਸੋਧ ਕੇ 2022-23 ਵਿੱਚ 3 ਡਾਲਰ ਕੀਤਾ ਗਿਆ ਅਤੇ ਦੇਸ਼ ਵਿੱਚ 11 ਸਾਲਾਂ ਦੌਰਾਨ ਲਗਭਗ 27 ਕਰੋੜ ਲੋਕ ਅਤੀ ਗ਼ਰੀਬੀ ਤੋਂ ਬਾਹਰ ਆ ਗਏ ਹਨ। ਪਰ ਸੱਚਾਈ ਆਪਾਂ ਸਭ ਜਾਣਦੇ ਹਾਂ, ਕਿ ਅੱਜਕੱਲ੍ਹ 60 ਰੁਪਏ ਵਿੱਚ ਇੱਕ ਵਿਅਕਤੀ ਦਾ ਰੋਜ਼ਾਨਾ ਖ਼ਰਚ ਕਿਵੇਂ ਚੱਲਦਾ ਹੈ। ਜੇਕਰ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ ਨੂੰ ਮਾਮੂਲੀ ਉੱਚਾ ਕਰ ਲਈਏ ਤਾਂ ਸਥਿਤੀ ਬਿਲਕੁਲ ਬਦਲ ਜਾਂਦੀ ਹੈ। ਜੇਕਰ ਅੰਤਰਰਾਸ਼ਟਰੀ ਗ਼ਰੀਬੀ ਦੀ ਰੇਖਾ 4.2 ਡਾਲਰ ਭਾਵ 84 ਰੁਪਏ ਰੋਜ਼ਾਨਾ ਕਰ ਲਈਏ ਤਾਂ ਦੇਸ਼ ਵਿੱਚ ਗ਼ਰੀਬੀ ਦੀ ਦਰ 5 ਫ਼ੀਸਦੀ ਤੋਂ ਵਧ ਕੇ 24 ਫ਼ੀਸਦੀ ਹੋ ਜਾਵੇਗੀ (ਦੀਪਾ ਸਿਨਹਾ ‘ਦਾ ਵਾਇਰ’ ਜੂਨ 2025)। ਇਸੇ ਤਰ੍ਹਾਂ ਸਰਕਾਰ ਨੇ 2021 ਦੀ ਜਨਗਣਨਾ ਨੂੰ ਵਿਚਾਲੇ ਰੋਕਿਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਕੁਝ ਲੋਕਾਂ ਤੇ ਸੰਸਥਾਵਾਂ ਨੇ ਗ਼ਰੀਬੀ ਨੂੰ ਮਾਪਣ ਸੰਬੰਧੀ ਜਿਹੜੇ ਸਰਵੇਖਣ ਜਾਂ ਖੋਜ ਪੱਤਰ ਛਾਪੇ ਹਨ, ਉਨ੍ਹਾਂ ਦੀ ਕੋਈ ਭਰੋਸੇਯੋਗਤਾ ਨਹੀਂ ਹੈ।

ਸਰਕਾਰ ਨੇ ਜਿੰਨੀਆਂ ਵੀ ਆਰਥਿਕ ਤੇ ਸਮਾਜਿਕ ਕਲਿਆਣ ਲਈ ਯੋਜਨਾਵਾਂ- ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਮੇਕ ਇਨ ਇੰਡੀਆ, ਹਰ ਸਾਲ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਯੋਜਨਾ, ਗਰੀਬ ਲੋਕਾਂ ਨੂੰ ਘਰ ਬਣਾ ਕੇ ਦੇਣ, ਰਸੋਈ ਗੈਸ, ਪਬਲਿਕ ਗੁਸਲਖ਼ਾਨੇ ਬਣਾਉਣ ਦੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ। ਇਹ ਸਭ ਯੋਜਨਾਵਾਂ ਭਾਵੇਂ ਬੜੇ ਉਤਸ਼ਾਹ ਨਾਲ ਸ਼ੁਰੂ ਹੋਈਆਂ, ਪਰ ਬਹੁਤੀਆਂ ਅੱਧ-ਵਿਚਾਲੇ ਹੀ ਦਮ ਤੋੜ ਗਈਆਂ, ਇਨ੍ਹਾਂ ਯੋਜਨਾਵਾਂ ਦਾ ਫਾਇਦਾ ਲੋੜਵੰਦਾਂ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਹੋਇਆ ਹੈ।

ਜੇਕਰ ਦੇਸ਼ ਵਿੱਚ ਪਿਛਲੇ ਕੁਝ ਸਾਲਾਂ ਤੋਂ ਵਧ ਰਹੀ ਹਰ ਕਿਸਮ ਦੀ ਮਹਿੰਗਾਈ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੱਜ ਪ੍ਰਚੂਨ ਤੇ ਥੋਕ ਮਹਿੰਗਾਈ ਦੀਆਂ ਦਰਾਂ ਲਗਾਤਾਰ ਵਧ ਰਹੀਆਂ ਹਨ ਤੇ 11 ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ ’ਤੇ ਹਨ। ਦੇਸ਼ ਦੇ ਬਹੁਗਿਣਤੀ ਲੋਕ ਗਰੀਬ ਹਨ, ਜੋ ਮਹਿੰਗਾਈ ਦੀ ਸਭ ਤੋਂ ਵੱਧ ਮਾਰ ਝੱਲ ਰਹੇ ਹਨ। ਪਿਛਲੇ ਸਾਲਾਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖਾਣ ਵਾਲੇ ਤੇਲਾਂ, ਖਾਧ ਪਦਾਰਥਾਂ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਬੇਹਿਸਾਬ ਵਾਧਾ ਹੋਇਆ ਹੈ। ਮਹਿੰਗਾਈ ਵਧਣ ਦੇ ਅਸਲ ਕਾਰਨ ਸਰਕਾਰੀ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾ ਕਮਾਉਣ ਲਈ ਖੁੱਲ੍ਹੀ ਛੋਟ ਦੇਣ ਤੋਂ ਇਲਾਵਾ ਅੰਤਰਰਾਸ਼ਟਰੀ ਕਾਰਕਾਂ ਦਾ ਵੀ ਥੋੜ੍ਹਾ ਯੋਗਦਾਨ ਹੈ। ਦਰਅਸਲ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾ ਦੁਆਉਣ ਵਾਲੀਆਂ ਨੀਤੀਆਂ ’ਤੇ ਚੱਲ ਰਹੀ ਹੈ, ਇਸੇ ਕਾਰਨ ਭਾਰਤ ਵਿੱਚ ਲਗਾਤਾਰ ਅਰਬਪਤੀਆਂ ਦੀ ਗਿਣਤੀ ਵਧ ਰਹੀ ਹੈ। ਜਦਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੀਤੀਆਂ ਵਿੱਚ ਲੋਕਪੱਖੀ ਤਬਦੀਲੀਆਂ ਕਰਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦੀ, ਤਾਂ ਜੋ ਲੋਕਾਂ ਦੀ ਆਮਦਨ ਵਧਦੀ ਤੇ ਆਮ ਆਦਮੀ ਨੂੰ ਮਹਿੰਗਾਈ ਤੋਂ ਰਾਹਤ ਮਿਲਦੀ। ਅਜਿਹਾ ਨਾ ਹੋਣ ਕਰਕੇ ਦੇਸ਼ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਘੋਰ ਗ਼ਰੀਬੀ ਵੱਲ ਧੱਕਿਆ ਗਿਆ ਤੇ ਭੁੱਖਮਰੀ ਦੀ ਕਗਾਰ ’ਤੇ ਪਹੁੰਚ ਗਿਆ ਹੈ।

# ਪਰਵਾਸੀਆਂ ਦੇ ਹਿੱਤ ਵਿੱਚ ਨਹੀਂ ਹੈ ਟਰੰਪ ਦਾ ਨਵਾਂ ਬਿੱਲ

ਮਨਦੀਪ

ਅਮਰੀਕੀ ਇਤਿਹਾਸ ਦਾ ਮਹੱਤਵਪੂਰਨ ਅਤੇ ਡੋਨਾਲਡ ਟਰੰਪ ਦਾ ਹਰਮਨਪਿਆਰਾ ਬਿੱਲ 'ਵੱਨ ਬਿੱਗ ਬਿਊਟੀਫ਼ੁੱਲ ਬਿੱਲ' ਆਖਿਰਕਾਰ ਵੱਡੇ ਵਿਰੋਧ ਅਤੇ ਵਿਵਾਦ ਪਿੱਛੋਂ ਅਮਰੀਕੀ ਕਾਂਗਰਸ ਵਿੱਚ ਪਾਸ ਹੋ ਗਿਆ। ਇਹ ਬਿੱਲ ਪਹਿਲੀ ਜੁਲਾਈ ਨੂੰ ਸੈਨੇਟ ਵਿੱਚੋਂ 51-50 ਦੇ ਫ਼ਰਕ ਨਾਲ ਪਾਸ ਹੋ ਕੇ ਅੰਤਿਮ ਪ੍ਰਵਾਨਗੀ ਲਈ ਪ੍ਰਤੀਨਿਧੀ ਸਭਾ ਪਹੁੰਚ ਗਿਆ ਜਿੱਥੇ 3 ਜੁਲਾਈ ਨੂੰ 218-214 ਦੇ ਫ਼ਸਵੇਂ ਫ਼ਰਕ ਨਾਲ ਪਾਸ ਹੋ ਗਿਆ। 4 ਜੁਲਾਈ ਨੂੰ ਅਮਰੀਕੀ ਆਜ਼ਾਦੀ ਦਿਵਸ 'ਤੇ ਤੋਹਫ਼ੇ ਵਜੋਂ ਰਾਸ਼ਟਰਪਤੀ ਟਰੰਪ ਦੇ ਦਸਤਖ਼ਤਾਂ ਨਾਲ ਇਸ ਨੂੰ ਅੰਤਿਮ ਛੋਹ ਦੇ ਦਿੱਤੀ ਗਈ। 49% ਅਮਰੀਕੀਆਂ ਦੇ ਵਿਰੋਧ ਦੇ ਬਾਵਜੂਦ ਪਾਸ ਹੋਏ ਇਸ ਬਿੱਲ ਦੇ ਮਾੜੇ ਨਤੀਜੇ ਨਿਕਲਣੇ ਤਾਂ ਸੁਭਾਵਿਕ ਹਨ ਪਰ ਇਸਦੀ ਆਮਦ ਲਈ ਲੰਮੇ ਸਮੇਂ ਤੋਂ ਪੱਬਾਂ ਭਾਰ ਹੋਏ ਟਰੰਪ ਪ੍ਰਸ਼ਾਸਨ ਦੇ ਯਤਨਾਂ ਨੂੰ ਦੇਖਦਿਆਂ ਇਸ ਦੀ ਅਹਿਮੀਅਤ ਬਾਰੇ ਜਾਨਣਾ ਜ਼ਰੂਰੀ ਹੈ।

ਵੱਨ ਬਿੱਗ ਬਿਊਟੀਫ਼ੁੱਲ ਬਿੱਲ ਐਕਟ ਮੁਤਾਬਿਕ 2017 ਦੇ ਟਰੰਪ ਟੈਕਸ ਕਟੌਤੀਆਂ ਦੇ ਫ਼ੈਸਲੇ ਨੂੰ ਸਥਾਈ ਤੌਰ 'ਤੇ ਵਧਾ ਦਿੱਤਾ ਗਿਆ ਹੈ ਜਿਸ ਤਹਿਤ ਸੀਨੀਅਰ ਸਿਟੀਜ਼ਨਾਂ ਨੂੰ ਕੁਝ ਖਾਸ ਸ਼ਰਤਾਂ ਤਹਿਤ ਟੈਕਸ ਰਾਹਤ ਮਿਲੇਗੀ, ਬੱਚਿਆਂ ਨੂੰ ਦਿੱਤਾ ਜਾਣ ਵਾਲਾ ਟੈਕਸ ਕਰੈਡਿਟ ਵਧ ਜਾਵੇਗਾ ਅਤੇ ਟਿਪ ਤੇ ਓਵਰਟਾਈਮ ਦੀ ਕਮਾਈ 'ਤੇ ਟੈਕਸ ਮੁਆਫ਼ੀ ਦਿੱਤੀ ਜਾਵੇਗੀ। ਇਸ ਮਾਮੂਲੀ ਰਾਹਤ ਬਦਲੇ ਮੈਡੀਕੇਡ ਖਰਚਿਆਂ, ਫ਼ੂਡ ਸਟੈਂਪ 'ਚ ਕਟੌਤੀ ਤੇ ਬਾਇਡੇਨ ਵੇਲੇ ਦੇ ਸਟੂਡੈਂਟਸ ਲੋਨ 'ਤੇ ਭਾਰੀ ਕੱਟ ਲਾਏ ਗਏ ਹਨ। ਮੈਡੀਕੇਡ ਕੱਟਾਂ ਨਾਲ ਦੋ ਕਰੋੜ ਲੋਕਾਂ ਨੂੰ ਸਿਹਤ ਸਹੂਲਤਾਂ ਦੀ ਰਾਹਤ ਤੋਂ ਹੱਥ ਧੋਣੇ ਪੈਣਗੇ ਤੇ ਫ਼ੂਡ ਸਟੈਂਪ (ਜਿੱਥੇ ਗਰੀਬਾਂ, ਬਜ਼ੁਰਗਾਂ ਤੇ ਅਪਾਹਜਾਂ ਨੂੰ ਮੁਫ਼ਤ ਖਾਣਾ ਮਿਲਦਾ ਹੈ) ਕੱਟਾਂ ਕਾਰਨ ਸਮਾਜ ਦੇ ਨੀਵੇਂ ਤਬਕੇ 'ਤੇ ਬੁਰਾ ਅਸਰ ਪਵੇਗਾ।

ਬਿੱਲ ਵਿੱਚ ਪੈਂਟਾਗਨ ਦਾ ਰੱਖਿਆ ਬਜਟ 8% ਤੱਕ ਵਧਾਇਆ ਜਾਵੇਗਾ। 2029 ਤੱਕ ਫ਼ੌਜ ਨੂੰ 150 ਅਰਬ ਡਾਲਰ, ਗੋਲਡਨ ਡੋਮ ਲਈ 25 ਅਰਬ ਡਾਲਰ ਅਤੇ ਇਮੀਗ੍ਰੇਸ਼ਨ ਤੇ ਕਸਟਮ ਐਨਫ਼ੋਰਸਮੈਂਟ ਨੂੰ 150 ਅਰਬ ਡਾਲਰ ਦੇ ਫ਼ੰਡ ਦੇ ਕੇ ਅਮਰੀਕਾ ਵਿੱਚੋਂ ਪਰਵਾਸੀਆਂ ਦੇ ਉਜਾੜੇ ਦਾ ਰਾਹ ਹੋਰ ਵੱਧ ਪੱਧਰਾ ਕੀਤਾ ਜਾਵੇਗਾ। ਮੈਕਸਿਕੋ ਬਾਰਡਰ ਉੱਤੇ ਗਸ਼ਤ ਵਧਾਈ ਜਾਵੇਗੀ ਤੇ ਕੰਧ ਦੀ ਉਸਾਰੀ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਬਾਰਡਰ ਦੀ ਉਸਾਰੀ ਲਈ 46 ਅਰਬ ਡਾਲਰ ਖ਼ਰਚੇ ਜਾਣਗੇ ਅਤੇ 45 ਅਰਬ ਡਾਲਰ ਆਈ.ਸੀ.ਈ. ਨੂੰ ਦਿੱਤੇ ਜਾਣਗੇ ਜਿਸ ਵਿੱਚ ਪਰਵਾਸੀ ਨਜ਼ਰਬੰਦੀ ਕੈਂਪਾਂ ਵਿੱਚ ਇੱਕ ਲੱਖ ਬੈੱਡ ਬਣਾਉਣ, ਦਸ ਹਜ਼ਾਰ ਆਈ.ਸੀ.ਈ. ਏਜੰਟ ਭਰਤੀ ਕਰਨ ਅਤੇ 10 ਅਰਬ ਡਾਲਰ ਉਨ੍ਹਾਂ ਸੂਬਿਆਂ ਨੂੰ ਸਹਾਇਤਾ ਦੇਣ ਵਜੋਂ ਰਾਖਵੇਂ ਰੱਖੇ ਹਨ ਜੋ ਪਰਵਾਸੀਆਂ ਦੀ ਗ੍ਰਿਫ਼ਤਾਰੀ ਲਈ ਆਈ.ਸੀ.ਈ. ਦਾ ਸਹਿਯੋਗ ਕਰਨਗੇ। 350 ਅਰਬ ਡਾਲਰ ਇਮੀਗ੍ਰੇਸ਼ਨ ਲਈ ਰਾਖਵੇਂ



ਹਨ। ਇਮੀਗ੍ਰੇਸ਼ਨ ਖਰਚਿਆਂ ਬਾਰੇ ਇਹ ਬਜਟ ਪਿਛਲੇ ਸਾਲਾਂ ਦੇ ਮੁਕਾਬਲੇ ਦਸ ਗੁਣਾ ਜ਼ਿਆਦਾ ਹੈ, ਜਿਸ ਨੂੰ ਅਮਰੀਕੀ ਸਮਾਜਿਕ ਕਦਰਾਂ-ਕੀਮਤਾਂ ਦੇ ਉਲਟ ਮਨੁੱਖੀ, ਸੰਵਿਧਾਨਕ ਅਤੇ ਕਿਰਤ ਕਾਨੂੰਨਾਂ ਦਾ ਘਾਣ ਕਰ ਕੇ ਅੱਗੇ ਵਧਾਇਆ ਜਾਵੇਗਾ। ਬਿੱਲ ਅਨੁਸਾਰ ਪਰਵਾਸ ਕੰਟਰੋਲ ਕਰਨ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਲਈ ਇਮੀਗ੍ਰੇਸ਼ਨ ਫ਼ੀਸਾਂ ਵਿੱਚ ਭਾਰੀ ਇਜ਼ਾਫ਼ਾ ਕੀਤਾ ਜਾਵੇਗਾ। ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰ ਕੇ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਨੂੰ ਦੇਸ਼-ਨਿਕਾਲਾ, ਸਜ਼ਾਵਾਂ ਤੇ 5000 ਅਮਰੀਕੀ ਡਾਲਰ ਦਾ ਜੁਰਮਾਨਾ ਲਾਇਆ ਜਾਵੇਗਾ। ਸ਼ਰਨਾਰਥੀਆਂ ਵੱਲੋਂ ਅਦਾਲਤੀ ਤਰੀਕਾਂ 'ਤੇ ਗੈਰ-ਹਾਜ਼ਰ ਰਹਿਣ 'ਤੇ ਵੀ 5000 ਡਾਲਰ ਦਾ ਜੁਰਮਾਨਾ ਲੱਗੇਗਾ। ਪਰਵਾਸੀਆਂ ਵੱਲੋਂ ਆਪਣੇ ਵਤਨ ਪੈਸੇ ਭੇਜਣ ਉੱਤੇ ਟੈਕਸ ਵਧਾ ਦਿੱਤਾ ਹੈ। ਪਰਵਾਸੀ ਅਮਰੀਕਾ ਤੋਂ ਸਭ ਤੋਂ ਵੱਧ ਪੈਸਾ (2023-24 'ਚ 32.9 ਅਰਬ ਡਾਲਰ) ਭਾਰਤ ਭੇਜਦੇ ਹਨ। ਹਰੀ ਤੇ ਸ਼ੁੱਧ ਊਰਜਾ (ਪੌਣ-ਚੱਕੀ, ਸੂਰਜੀ ਤੇ ਗਰੀਨ ਊਰਜਾ) ਵਿੱਚ ਕੀਤੀਆਂ ਟੈਕਸ ਕਟੌਤੀਆਂ ਕਾਰਨ ਵਾਤਾਵਰਣਕ ਖਤਰੇ ਤੇ ਊਰਜਾ ਸ੍ਰੋਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੇ ਖ਼ਦਸ਼ੇ ਹਨ।

ਅਮਰੀਕਾ ਅੰਦਰ ਪਰਵਾਸੀਆਂ ਨੂੰ 'ਗੈਰ-ਕਾਨੂੰਨੀ ਏਲੀਅਨ', 'ਅਪਰਾਧੀ' ਤੇ 'ਘੁਸਪੈਠੀਏ' ਆਖ ਕੇ ਉਨ੍ਹਾਂ ਨਾਲ ਪਹਿਲਾਂ ਹੀ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਿਹਾਰ ਕੀਤਾ ਜਾਂਦਾ ਹੈ ਪਰ ਹੁਣ ਇਨ੍ਹਾਂ ਨੂੰ ਸਮੂਹਿਕ ਸਜ਼ਾਵਾਂ ਦੇ ਕੇ ਅਮਰੀਕਾ ਨੂੰ ਮਹਾਨ ਬਣਾਉਣ ਅਤੇ ਦੇਸ਼ਭਗਤੀ ਦੀ ਰਾਸ਼ਟਰਵਾਦੀ ਭਾਵਨਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਦਕਿ ਸੰਸਾਰ ਭਰ ਵਿੱਚ ਵਸੋਂ ਦੇ ਉਜਾੜੇ ਪਿੱਛੇ ਅਮਰੀਕੀ ਸਾਮਰਾਜੀ ਨੀਤੀਆਂ ਦਾ ਵੱਡਾ ਹੱਥ ਹੈ। ਮੈਕਸਿਕੋ, ਗੁਆਟੇਮਾਲਾ, ਨਿਕਾਰਾਗੁਆ, ਹੌਂਡੂਰਸ ਆਦਿ ਵਰਗੇ ਅਨੇਕ ਲਾਤੀਨੀ ਮੁਲਕ ਦਹਾਕਿਆਂ ਤੋਂ ਅਮਰੀਕੀ ਆਰਥਿਕ ਨੀਤੀਆਂ, ਰਾਜ ਪਲਟਿਆਂ ਤੇ ਆਰਥਿਕ/ਵਪਾਰਕ ਸੰਧੀਆਂ ਕਾਰਨ ਹੋਏ ਉਜਾੜਿਆਂ ਦਾ ਸ਼ਿਕਾਰ ਹੋਏ ਹਨ। ਮੱਧ ਪੂਰਬ ਤੇ ਏਸ਼ੀਆ ਦੇ ਬਹੁਤੇ ਮੁਲਕਾਂ ਵਿੱਚੋਂ ਉਜੜ ਕੇ ਆਏ ਪਰਵਾਸੀ ਵੀ ਅਮਰੀਕੀ ਨੀਤੀਆਂ ਕਾਰਨ ਪੈਦਾ ਹੋਈ ਆਰਥਿਕ-ਸਮਾਜਿਕ ਅਸ਼ਾਂਤੀ ਦਾ ਸ਼ਿਕਾਰ ਹਨ। ਦੂਜੇ ਪਾਸੇ, ਅਮਰੀਕੀ ਰਫ਼ਿਊਜੀ ਨੀਤੀ ਦਾ ਜਨਮ ਹੀ ਵਿਚਾਰਧਾਰਕ ਤੇ ਸਿਆਸੀ ਹਥਿਆਰ ਵਜੋਂ ਹੋਇਆ ਸੀ। ਅਮਰੀਕਾ ਨੇ ਸੀਤ ਯੁੱਧ ਵੇਲੇ ਸਮਾਜਵਾਦ ਦਾ ਪ੍ਰਭਾਵ ਖ਼ਤਮ ਕਰਨ ਅਤੇ ਵਿਦੇਸ਼ਾਂ ਵਿਚਲੇ ਵੱਖਵਾਦੀ ਗਰੁੱਪਾਂ ਨੂੰ ਆਪਣੇ ਲਾਹੇ ਲਈ ਸਿਆਸੀ ਪਨਾਹ ਦੇਣ ਲਈ ਵਿਦੇਸ਼ੀ ਨੀਤੀ ਵਜੋਂ ਸ਼ਰਨਾਰਥੀ ਪ੍ਰੋਗਰਾਮ ਚਲਾਏ ਪਰ 1990 ਦੇ ਦਹਾਕੇ ਤੋਂ ਬਾਅਦ ਕਲਿੰਟਨ ਵਜ਼ਾਰਤ ਵੇਲੇ ਤੋਂ ਗੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਛਾਪਿਆਂ ਦਾ ਦੌਰ ਤੇਜ਼ ਹੋ ਗਿਆ। 2001 ਵਿੱਚ ਅਮਰੀਕੀ ਟਾਵਰਾਂ ਉੱਤੇ ਹੋਏ ਹਮਲੇ ਤੋਂ ਬਾਅਦ ਜਾਰਜ ਡਬਲਿਊ ਬੁਸ਼ ਨੇ ਕੌਮੀ ਸੁਰੱਖਿਆ ਲਈ ਅਤੇ ਅਤਿਵਾਦ ਖ਼ਿਲਾਫ਼ ਮੋਰਚਾ ਖੋਲ੍ਹ ਕੇ ਪਰਵਾਸੀਆਂ ਤੇ ਮੁਸਲਮਾਨਾਂ ਦੇ ਉਜਾੜੇ ਦਾ ਰਾਹ ਪੱਧਰਾ ਕੀਤਾ ਗਿਆ। ਪਰਵਾਸੀ ਵਿਰੋਧੀ ਮੁਹਿੰਮ ਦੇ ਇਸ ਸਿਲਸਿਲੇ ਵਿੱਚ ਟਰੰਪ ਪ੍ਰਸ਼ਾਸਨ ਅਮਰੀਕਾ ਦੇ ਹੁਣ ਤੱਕ ਦੇ ਰਾਸ਼ਟਰਪਤੀਆਂ ਨਾਲੋਂ ਸਭ ਤੋਂ ਵੱਧ ਹਮਲਾਵਰ ਹੈ।

ਅਮਰੀਕਾ ਅੰਦਰ ਪਰਵਾਸੀਆਂ ਦੀ ਆਮਦ ਅਤੇ ਉਨ੍ਹਾਂ ਦਾ ਜਬਰੀ ਉਜਾੜਾ ਵੱਡਾ ਵਪਾਰ ਅਤੇ ਕੂਟਨੀਤਕ ਹਥਿਆਰ ਹੈ। ਟਰੰਪ ਦੀਆਂ ਅਰਾਜਕ ਨੀਤੀਆਂ ਖ਼ਿਲਾਫ਼ ਸੰਘਰਸ਼ ਦਾ ਪ੍ਰਤੀਕ ਬਣੀ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀ ਮਹਿਮੂਦ ਖਲੀਲ ਨੂੰ ਦੇਸ਼-ਨਿਕਾਲਾ ਦੇਣ ਦੇ ਯਤਨ, ਟਰੰਪ ਦੇ ਆਲੋਚਕ ਨਿਊਯਾਰਕ ਦੇ ਨੌਜਵਾਨ ਜ਼ੋਹਰਾਨ ਮਮਦਾਨੀ (ਮੇਅਰ ਦੇ ਅਹੁਦੇ ਲਈ ਨਾਮਜ਼ਦ ਉਮੀਦਵਾਰ) ਨੂੰ ਕਮਿਊਨਿਸਟ ਆਖ ਕੇ ਦੇਸ਼-ਨਿਕਾਲੇ ਦੀ ਧਮਕੀ ਦੇਣੀ ਅਤੇ ਟਰੰਪ ਨੀਤੀਆਂ ਦੀ ਮੁਖ਼ਾਲਫ਼ਤ ਕਰਨ ਵਾਲੀਆਂ ਯੂਨੀਵਰਸਿਟੀਆਂ ਦੇ ਫ਼ੰਡਾਂ ਵਿੱਚ ਕਟੌਤੀ ਆਦਿ ਉਹ ਬਹਾਨੇ ਹਨ ਜਿਨ੍ਹਾਂ ਨਾਲ ਅਮਰੀਕੀਆਂ ਅਤੇ ਪਰਵਾਸੀਆਂ ਵਿਚਕਾਰ ਵੰਡ ਦੀ ਲਕੀਰ ਖੜ੍ਹੀ ਕਰ ਕੇ ਕਾਰਪੋਰੇਟ ਪੱਖੀ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਪਰਵਾਸੀਆਂ ਬਾਰੇ ਟਰੰਪ ਦੀ ਪਹੁੰਚ ਖਰਚੀਲੀ, ਅਣਮਨੁੱਖੀ ਅਤੇ ਭੇਦਭਰੀ ਹੈ। ਅਮਰੀਕਾ ਵਿੱਚ ਇਸ ਸਮੇਂ ਫ਼ਲਸਤੀਨੀਆਂ ਦੀ ਨਸਲਕੁਸ਼ੀ, ਪਰਵਾਸੀਆਂ ਉੱਤੇ ਇਮੀਗ੍ਰੇਸ਼ਨ ਏਜੰਸੀਆਂ ਦੇ ਛਾਪੇ ਅਤੇ ਟਰੰਪ ਦੀਆਂ ਅਰਾਜਕ ਨੀਤੀਆਂ ਖ਼ਿਲਾਫ਼ ਵਿਰੋਧ ਜਾਰੀ ਹਨ। ਨਵਾਂ ਬਿੱਲ ਪਾਸ ਹੋਣ ਮਗਰੋਂ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਸਿਹਤ ਸਹੂਲਤਾਂ, ਸਿੱਖਿਆ ਤੇ ਰੱਖਿਆ ਬਜਟ ਖ਼ਿਲਾਫ਼ ਸੰਘਰਸ਼ ਦਾ ਇੱਕ ਹੋਰ ਮੋਰਚਾ ਖੁੱਲ੍ਹ ਜਾਵੇਗਾ।

# ਕੀ ਭਾਰਤ ਬਣ ਸਕੇਗਾ ਸੁਪਰ ਆਰਥਿਕ ਮਹਾਂਸ਼ਕਤੀ ?



ਡਾ. ਅਮਨਪ੍ਰੀਤ ਸਿੰਘ ਬਰਾੜ

ਭਾਰਤ ਦਾ ਖੇਤੀ ਖੇਤਰ ਹਮੇਸ਼ਾ ਹੀ ਵਿਸ਼ਵ ਵਪਾਰ ਲਈ ਖਿੱਚ ਦਾ ਕੇਂਦਰ ਰਿਹਾ ਹੈ। ਏਥੇ ਆਬਾਦੀ ਜ਼ਿਆਦਾ ਹੋਣ ਕਰਕੇ ਹਰ ਕੋਈ ਆਪਣੀ ਵਸਤੂ ਏਥੇ ਵੇਚਣਾ ਚਾਹੁੰਦਾ ਹੈ। ਅੱਜ ਬੇਸ਼ੱਕ ਲੋਕ ਪਾਣੀ ਦੀ ਮਹੱਤਤਾ ਜ਼ਿਆਦਾ ਗਿਣਦੇ ਹਨ ਪਰ ਪਾਣੀ ਪਿੱਛੇ ਲੜਾਈਆਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਉਸ ਦਾ ਮੁੱਖ ਕਾਰਨ ਸੀ ਅਨਾਜ ਦੀ ਪੈਦਾਵਾਰ। ਜੇ ਪਾਣੀ ਹੈ ਤਾਂ ਅਨਾਜ ਅਤੇ ਜੇ ਅਨਾਜ ਹੈ ਤਾਂ ਜੀਵਨ। ਅੱਜ ਵੀ ਜਦੋਂ ਭਾਰਤ ਨੇ ਸਿੰਧੂ ਜਲ ਸਮਝੌਤਾ ਖ਼ਤਮ ਕਰਨ ਦਾ ਐਲਾਨ ਕੀਤਾ ਹੈ ਤਾਂ ਪਾਕਿਸਤਾਨ ਨੂੰ ਸਭ ਤੋਂ ਵੱਡਾ ਡਰ ਅਨਾਜ ਦੀ ਪੈਦਾਵਾਰ ਘਟਣ ਦਾ ਪੈ ਗਿਆ। ਪਾਣੀ ਦੀ ਤੋਟ ਕਾਰਨ ਭੁੱਖਮਰੀ ਨਾਲ ਪਹਿਲਾਂ ਹੀ ਜੂਝ ਰਹੇ ਪਾਕਿਸਤਾਨ ਵਿੱਚ ਫੂਡ ਸਕਿਉਰਿਟੀ ਦਾ ਖ਼ਤਰਾ ਬਣ ਜਾਵੇਗਾ। ਹਰ ਦੇਸ਼ ਨੂੰ ਇੱਕੋ ਜਿਹੀ ਉਪਜਾਊ ਸ਼ਕਤੀ ਵਾਲੀ ਧਰਤੀ, ਪਾਣੀ ਅਤੇ ਮੌਸਮ ਨਹੀਂ ਮਿਲਿਆ। ਸੋ ਜਿਹੜਾ ਤਾਕਤਵਰ ਹੁੰਦਾ ਸੀ, ਉਹ ਦੂਜੇ ਦੇਸ਼ਾਂ ਦਾ ਇਹ ਸਰੋਤ ਹੜੱਪਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਦੀ ਅਹਿਮੀਅਤ ਪਹਿਲੀ ਵਿਸ਼ਵ ਜੰਗ (1914-18) ਤੋਂ ਬਾਅਦ ਵਧੇਰੇ ਸਮਝੀ ਗਈ। ਸੰਨ 1920 ਤੋਂ ਬਰਤਾਨੀਆ ਨੇ ਆਪਣੇ ਸ਼ਾਸਿਤ ਦੇਸ਼ਾਂ ਜਿਨ੍ਹਾਂ ਨੂੰ ਉਸ ਵੇਲੇ ਕਾਲੋਨੀਆਂ ਕਿਹਾ ਜਾਂਦਾ ਸੀ ਉੱਥੇ ਖੇਤੀ ਖੋਜ ਦੀਆਂ ਗਤੀਵਿਧੀਆਂ ਵਧਾ ਦਿੱਤੀਆਂ। ਦੂਜਾ ਵਿਸ਼ਵ ਯੁੱਧ 1938 ਵਿੱਚ ਸ਼ੁਰੂ ਹੋਇਆ ਅਤੇ 1945 ਵਿੱਚ ਖ਼ਤਮ ਹੋਇਆ। ਇਸ ਦੇ ਨਾਲ ਜਿੱਥੇ ਅਨਾਜ ਦੀ ਅਹਿਮੀਅਤ ਨਜ਼ਰ ਆਈ, ਉੱਥੇ ਹੀ ਵਿਕਸਤ ਦੇਸ਼ਾਂ ਦਾ ਰਾਜ ਗ਼ਰੀਬ ਤੇ ਵਿਕਾਸਸ਼ੀਲ ਦੇਸ਼ਾਂ ਤੋਂ ਖ਼ਤਮ ਹੋਣ ਲੱਗਾ। ਇਸ ਨਾਲ ਖੇਤੀ ਪੈਦਾਵਾਰ ਦੇ ਸਰੋਤ ਅਤੇ ਆਬਾਦੀ ਦਾ ਵੱਡਾ ਹਿੱਸਾ ਤਰਕੀਬਨ ਪੱਛੜੇ ਦੇਸ਼ਾਂ ਕੋਲ ਰਹਿ ਗਿਆ। ਉਸ ਵਕਤ ਆਲਮੀ ਪੱਧਰ 'ਤੇ ਵਪਾਰ ਲਈ ਇੱਕ ਸੰਸਥਾ ਬਣਾਉਣ ਦੀ ਗੱਲ ਚੱਲੀ ਤਾਂ ਜੋ ਦੇਸ਼ਾਂ ਵਿੱਚ ਵਪਾਰ ਦੇ ਨਿਯਮ ਬਣ ਸਕਣ ਅਤੇ ਸਾਰੇ ਉਨ੍ਹਾਂ ਦੀ ਪਾਲਣਾ ਕਰਨ। ਇਸ ਨੇ ਜਨਮ ਦਿੱਤਾ ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟੈਰਿਫ (ਗੈਟ) ਨੂੰ। ਗੈਟ ਇੱਕ ਅੰਤਰਰਾਸ਼ਟਰੀ ਵਪਾਰ ਸੰਸਥਾ 1948 ਵਿੱਚ 23 ਦੇਸ਼ਾਂ ਵੱਲੋਂ ਰਲ ਕੇ ਬਣਾਈ ਗਈ। ਭਾਰਤ ਇਸ ਸੰਸਥਾ ਦਾ ਮੁੱਢਲਾ ਮੈਂਬਰ ਸੀ। ਇਸ ਸੰਸਥਾ ਦਾ ਮੁੱਖ ਉਦੇਸ਼ ਸੀ ਅੰਤਰਰਾਸ਼ਟਰੀ ਵਪਾਰ ਲਈ ਨਿਯਮ ਬਣਾ ਕੇ ਉਸ ਨੂੰ ਕੰਟਰੋਲ ਕਰਨਾ। ਇਸ ਤਹਿਤ ਮੈਂਬਰ ਦੇਸ਼ਾਂ ਲਈ ਨਿਯਮ ਇਕਸਮਾਨ ਰੱਖਣ ਦੀ ਗੱਲ ਸੀ। ਜੋ ਉਦੇਸ਼ ਉਲੀਕੇ ਜਾਂਦੇ ਸਨ, ਦੇਸ਼ ਆਪਣੀ ਸਹੂਲੀਅਤ ਦੇ ਹਿਸਾਬ ਨਾਲ ਉਸ 'ਤੇ ਅਮਲ ਕਰਦੇ ਜਾਂ ਨਾ ਕਰਦੇ। ਜੈਨੇਵਾ ਕਨਵੈਨਸ਼ਨ ਵਿੱਚ ਵੀ ਸਾਰੇ ਦੇਸ਼ਾਂ ਦੀ ਕਈ ਮੁੱਦਿਆਂ 'ਤੇ ਸਹਿਮਤੀ ਨਹੀਂ ਬਣੀ ਖ਼ਾਸ ਕਰ ਕੇ ਅਮਲ ਕਰਨ ਦੇ ਸਮੇਂ ਲਈ ਤਾਂ ਡੈਡਲਾਕ ਬਣ ਗਿਆ। ਇਸ ਨੂੰ 1995 ਵਿੱਚ ਵਿਸ਼ਵ ਵਪਾਰ ਸੰਗਠਨ ਬਣਾ ਕੇ ਤੋੜਿਆ ਗਿਆ। ਇਸ ਨੂੰ ਇਕ ਪੱਕੀ ਸੰਸਥਾ ਦਾ ਰੂਪ ਦਿੱਤਾ ਗਿਆ। ਹੁਣ ਕੋਈ ਵੀ ਮੈਂਬਰ ਇਸ ਵਿੱਚੋਂ ਨਿਕਲ ਨਹੀਂ ਸਕਦਾ ਸੀ। ਜੇ ਕਿਸੇ ਨੂੰ ਸਮੱਸਿਆ ਹੈ ਕਿਸੇ ਦੂਜੇ ਦੇਸ਼ ਨਾਲ ਤਾਂ ਉਸ ਖ਼ਿਲਾਫ਼ ਸ਼ਿਕਾਇਤ ਕਰਕੇ ਨਿਵਾਰਨ ਲੈ ਸਕਦਾ ਹੈ। ਇਸ ਕੰਮ




ਲਈ ਡਿਸਪਿਊਟ ਰਿਡਰੈਸਲ ਕਮੇਟੀ ਬਣਾ ਦਿੱਤੀ ਗਈ। ਇਸ ਵਿਚ ਖੇਤੀ ਤੇ ਐੱਨਟੀਬੀ (ਨਾਨ ਟੈਰਿਫ ਬੈਰੀਅਰ) ਅਤੇ ਟੈਰਿਫ ਘਟਾਉਣ ਦਾ ਖਰੜਾ ਤਿਆਰ ਕੀਤਾ। ਇਸ ਵਿੱਚ ਵਿਕਸਤ ਦੇਸ਼ਾਂ ਨੇ 6 ਸਾਲਾਂ ਵਿੱਚ ਟੈਰਿਫ ਘਟਾਉਣੇ ਸੀ ਅਤੇ ਵਿਕਾਸਸ਼ੀਲ ਦੇਸ਼ਾਂ ਨੇ 10 ਸਾਲਾਂ ਵਿੱਚ ਇਸ ਨੂੰ ਅੰਜਾਮ ਦੇਣਾ ਸੀ। ਇਹ ਸਮਾਂ ਦਿੱਤਾ ਗਿਆ ਸੀ ਤਾਂ ਜੋ ਸਾਰੇ ਦੇਸ਼ ਆਪਣੀ ਖੇਤੀ ਪੈਦਾਵਾਰ ਨੂੰ ਖੁੱਲ੍ਹੀ ਮੰਡੀ ਵਿੱਚ ਲਿਆਉਣ ਲਈ ਤਿਆਰ ਹੋ ਜਾਣ। ਇਸ ਵਿਚਾਲੇ ਵਿਕਾਸਸ਼ੀਲ ਦੇਸ਼ਾਂ 'ਤੇ ਹਮੇਸ਼ਾ ਹੀ ਦਬਾਅ ਬਣਾਇਆ ਜਾਣ ਲੱਗਾ ਕਿ ਉਹ ਆਪਣੇ ਖੇਤੀ ਖੇਤਰ (ਖ਼ੁਰਾਕ) ਵਿਕਸਤ ਦੇਸ਼ਾਂ ਲਈ ਖੋਲ੍ਹਣ। ਇਸ ਵਿੱਚ ਭਾਰਤ ਨੇ ਕਈ ਵਾਰ ਵਿਕਾਸਸ਼ੀਲ ਦੇਸ਼ਾਂ ਅਤੇ ਆਪਣੇ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਈ ਨੀਤੀਆਂ ਨੂੰ ਲਾਗੂ ਕਰਨ 'ਤੇ ਅਸਹਿਮਤੀ ਜਤਾਈ। ਇਸੇ ਦਰਮਿਆਨ ਖੇਤੀ ਖੋਜ ਨੂੰ ਵਿਕਸਤ ਦੇਸ਼ਾਂ ਨੇ ਆਪਣੇ ਹੱਥ ਵਿੱਚ ਲੈਣ ਲਈ ਇੰਟਰਨੈਸ਼ਨਲ ਯੂਨੀਅਨ ਫਾਰ ਦਿ ਪ੍ਰੋਟੈਕਸ਼ਨ ਆਫ ਨਿਊ ਵਰਾਇਟੀਜ਼ ਆਫ ਪਲਾਂਟ (ਯੂ.ਪੀ.ਓ.ਵੀ.) ਬਣਾਈ। ਵਿਕਸਤ ਦੇਸ਼ਾਂ ਨੇ ਖੇਤੀ ਨੂੰ ਆਪਣੇ ਅਧੀਨ ਲੈਣ ਲਈ ਖੇਤੀ ਖੋਜ ਵਿੱਚ ਤਬਦੀਲੀਆਂ ਲਿਆਂਦੀਆਂ। ਪਹਿਲਾਂ ਸੂਈ-ਜੈਨਰਿਸ (ਜਿਹੜੀ ਵਸਤੂ ਮੁੱਢਲੇ ਤੌਰ 'ਤੇ ਕਿਸੇ ਜਗ੍ਹਾ ਜਾਂ ਦੇਸ਼ ਵਿੱਚ ਪੈਦਾ ਹੋਈ) ਤਹਿਤ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ। ਫਿਰ ਇਸ ਵਿੱਚ ਬਦਲਾਅ ਲਿਆਂਦਾ ਕਿ 1961 ਵਿੱਚ ਇਸ ਨੂੰ ਯੂ.ਪੀ.ਓ.ਵੀ. ਬਣਾ ਦਿੱਤਾ। ਸੰਨ 1978 ਦੀ ਕਨਵੈਨਸ਼ਨ ਵਿੱਚ ਪਲਾਂਟ ਬਰੀਡਰਾਂ ਦੀ ਮਨੋਪਲੀ ਕਰ ਦਿੱਤੀ ਗਈ। ਇਸ ਵੇਲੇ ਟਰੇਡ ਰਿਲੇਟਿਡ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਨੇ ਦੋ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ। ਇੱਕ ਉਹ ਪਲਾਂਟ ਬਰੀਡਰ ਜਿਨ੍ਹਾਂ ਨੇ ਵਿਕਸਤ ਕੀਤੀ ਕਿਸਮ ਨੂੰ ਵਰਤ ਕੇ ਹੋਰ ਵਰਾਇਟੀ ਤਿਆਰ ਕਰਨੀ ਹੈ। ਦੂਜਾ, ਕਿਸਾਨ ਯਾਨੀ ਕਿਸਾਨ ਆਪਣੇ ਖ਼ਰੀਦੇ ਬੀਜ ਵਿੱਚੋਂ ਅਗਾਂਹ ਲਈ ਆਪ ਬੀਜ ਰੱਖ ਸਕਦਾ ਹੈ ਪਰ ਉਸ ਬੀਜ ਨੂੰ ਕਿਸੇ ਦੂਜੇ ਕਿਸਾਨ ਨੂੰ ਵੇਚ ਨਹੀਂ ਸਕਦਾ। ਇਸ ਵਿੱਚ 1991 ਵਿੱਚ ਫਿਰ ਤਬਦੀਲੀ ਲਿਆਂਦੀ ਗਈ। ਜਿਸ ਤਹਿਤ ਜੇ ਬੀਜ ਦਾ ਕੋਈ ਟਰੇਟ ਕਿਸੇ ਹੋਰ ਬਰੀਡਰ ਨੇ ਨਵੀਂ ਵਰਾਇਟੀ ਵਿੱਚ ਪਾਉਣਾ ਹੈ ਤਾਂ ਉਸ ਨੂੰ ਪਲਾਂਟ ਬਰੀਡਰ ਰਾਈਟ ਹੋਲਡਰ ਤੋਂ ਪਹਿਲਾਂ ਆਗਿਆ ਲੈਣੀ ਹੋਵੇਗੀ ਅਤੇ ਰਾਇਲਟੀ ਦੇਣੀ ਪਵੇਗੀ। ਇਸ ਤਰ੍ਹਾਂ ਕਿਸਾਨ ਵੀ ਹੁਣ ਆਪਣੀ ਪੈਦਾਵਾਰ ਅਗਲੇ ਸਾਲ ਨਹੀਂ ਵਰਤ ਸਕਣਗੇ। ਜੇ ਉਨ੍ਹਾਂ ਨੇ ਵਰਤਣੀ ਹੈ ਤਾਂ ਉਨ੍ਹਾਂ ਨੂੰ ਵੀ ਕੰਪਨਸੇਸ਼ਨ ਦੇਣਾ ਪਵੇਗਾ ਜਾਂ ਬਰੀਡਰ ਤੋਂ ਮਨਜ਼ੂਰੀ ਲੈਣੀ ਪਵੇਗੀ। ਇਸ ਨੂੰ 1995 ਵਿੱਚ ਵਿਸ਼ਵ ਵਪਾਰ ਸੰਗਠਨ ਬਣਨ ਵੇਲੇ ਮਨਜ਼ੂਰ ਕਰ ਲਿਆ ਗਿਆ। ਭਾਰਤ ਨੇ ਇਸ ਤਹਿਤ ਕਈ ਦਬਾਅ ਝੱਲੇ ਪਰ 2004 ਵਿੱਚ ਸਰਕਾਰ ਨੇ ਪੇਟੈਂਟ ਅਤੇ ਸੀਡ ਐਕਟ 2004 ਵਿੱਚ ਤੀਜੀ ਵਾਰ ਤਬਦੀਲੀ ਲਿਆਂਦੀ ਜਿਸ ਵਿੱਚ ਹਰ ਬੀਜ ਪੈਦਾ ਕਰਨ ਵਾਲੇ ਨੂੰ ਆਪਣੇ ਬੀਜ ਨੂੰ ਪੇਟੈਂਟ ਕਰਾਉਣਾ ਲਾਜ਼ਮੀ ਕਰ ਦਿੱਤਾ। ਹੁਣ ਕਿਸਾਨ ਬੀਜ ਅਗਲੀ ਵਾਰ ਆਪ ਤਾਂ ਵਰਤ ਸਕਦੇ ਹਨ ਪਰ ਅਗਾਂਹ ਕਿਸੇ ਹੋਰ ਕਿਸਾਨ ਨੂੰ ਬੀਜ ਵੇਚ ਨਹੀਂ ਸਕਦੇ। ਇਸ ਨਾਲ ਕਾਰਪੋਰੇਟ ਨੇ ਬੀਜ 'ਤੇ ਮਨੋਪਲੀ ਕਰਕੇ ਆਪਣਾ ਮੁਨਾਫ਼ਾ ਵਧਾਉਣਾ ਹੈ। ਭਾਰਤ ਵਿੱਚ ਵੀ 2023 ਵਿੱਚ ਆਈ.ਸੀ.ਏ.ਆਰ. ਨੇ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਕਾਰਪੋਰੇਟਰਾਂ ਦੀਆਂ ਸੰਸਥਾਵਾਂ ਨਾਲ ਜੁੜ ਕੇ ਸਾਂਝੀ ਖੋਜ ਕਰਨ ਦਾ ਫ਼ੈਸਲਾ ਕੀਤਾ। ਇਸ ਵੇਲੇ ਮੁੱਦਾ ਖੇਤੀ ਖੋਜ 'ਤੇ ਗਲਬਾ ਬਣਾ ਕੇ ਖੇਤੀ ਨੂੰ ਕੰਟਰੋਲ ਕਰਨਾ ਹੈ।

ਇੱਥੇ ਜ਼ਿਕਰਯੋਗ ਹੈ ਵਿਸ਼ਵ ਵਪਾਰ ਸੰਗਠਨ ਦੇ ਮਾਧਿਅਮ ਨਾਲ ਮਲਟੀਲੈਟਰ ਟਰੇਡ (ਬਹੁ-ਪੱਖੀ ਵਪਾਰ) ਜਿਸ ਵਿੱਚ ਦੇਸ਼ ਇਕੱਠੇ ਹੋ ਕੇ ਵਿਕਸਤ ਦੇਸ਼ਾਂ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹਨ। ਇਸ ਨਾਲ ਸਮਾਂ ਵੱਧ ਲੱਗਦਾ ਹੈ ਤੇ ਬਹੁਤੇ ਮੁੱਦੇ ਜੋ ਵਿਕਸਤ ਦੇਸ਼ਾਂ ਨੂੰ ਚਾਹੀਦੇ ਹਨ ਉਸ ਤਰੀਕੇ ਨਾਲ ਪਾਸ ਨਹੀਂ ਹੁੰਦੇ।

(ਬਾਕੀ ਸਫ਼ਾ 31 'ਤੇ)

# ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ’ਤੇ ਪਾਬੰਦੀ: ਐਕਸ ਨੇ ਖੋਲ੍ਹੇ ਭੇਦ

## ਸਰਕਾਰ ਨੇ ਰਾਇਟਰਜ਼ ਤੇ ਰਾਇਟਰਜ਼ ਵਰਲਡ ਸਮੇਤ 2,355 ਅਕਾਊਂਟਸ ਨੂੰ ਬਲਾਕ ਕਰਨ ਦੇ ਹੁਕਮ ਜਾਰੀ ਕੀਤੇ ਸਨ

### ਐਕਸ ਦੀ ਅਪੀਲ ਭਾਰਤ ਦੇ ਯੂਜ਼ਰ ਕੋਰਟ ਦਾ ਸਹਾਰਾ ਲੈਣ

**ਰਜਿੰਦਰ ਸਿੰਘ ਪੁਰੇਵਾਲ**


ਭਾਰਤ ਲੋਕਤੰਤਰ ਦੇਸ਼ ਮੰਨਿਆ ਜਾਂਦਾ ਹੈ, ਪਰ ਪ੍ਰੈੱਸ ਦੀ ਆਜ਼ਾਦੀ ਦਾ ਗਲ਼ ਘੁੱਟਿਆ ਜਾ ਰਿਹਾ ਹੈ। ਐਕਸ, ਜਿਸ ਨੂੰ ਪਹਿਲਾਂ ਟਵਿੱਟਰ ਵਜੋਂ ਜਾਣਿਆ ਜਾਂਦਾ ਸੀ, ਨੇ ਸਰਕਾਰ ’ਤੇ ਇਲਜ਼ਾਮ ਲਾਇਆ ਹੈ ਕਿ ਉਹ ਮੀਡੀਆ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਐਕਸ ਦਾ ਕਹਿਣਾ ਹੈ ਕਿ ਸਰਕਾਰ ਨੇ 3 ਜੁਲਾਈ 2025 ਨੂੰ ਇੱਕ ਘੰਟੇ ਦੇ ਅੰਦਰ 2,355 ਅਕਾਊਂਟਸ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਨਿਊਜ਼ ਏਜੰਸੀ ਰਾਇਟਰਜ਼ ਅਤੇ ਰਾਇਟਰਜ਼ ਵਰਲਡ ਵਰਗੇ ਨਾਂ ਸ਼ਾਮਲ ਸਨ, ਨੂੰ ਬਲਾਕ ਕਰਨ ਦੇ ਹੁਕਮ ਜਾਰੀ ਕੀਤੇ। ਇਹ ਹੁਕਮ ਆਈ.ਟੀ. ਐਕਟ ਦੀ ਧਾਰਾ 69 ਏ ਦੇ ਤਹਿਤ ਦਿੱਤੇ ਗਏ, ਪਰ ਸਰਕਾਰ ਨੇ ਕੋਈ ਕਾਰਨ ਨਹੀਂ ਦੱਸਿਆ।




ਐਕਸ ਦਾ ਦੋਸ਼ ਹੈ ਕਿ ਸਰਕਾਰ ਆਈ.ਟੀ. ਐਕਟ ਦੀ ਧਾਰਾ 79(3)(ਬੀ) ਦੀ ਦੁਰਵਰਤੋਂ ਕਰਕੇ ਸੈਂਸਰਸ਼ਿਪ ਦਾ ਜਾਲ ਵਿਛਾ ਰਹੀ ਹੈ। ਇਹ ਧਾਰਾ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਰਕਾਰ ਵੱਲੋਂ ਗੈਰ-ਕਾਨੂੰਨੀ ਸਮੱਗਰੀ ਹਟਾਉਣ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਮਜਬੂਰ ਕਰਦੀ ਹੈ, ਨਹੀਂ ਤਾਂ ਕੰਪਨੀਆਂ ਨੂੰ ਕਾਨੂੰਨੀ ਸੁਰੱਖਿਆ ਨਹੀਂ ਮਿਲਦੀ। ਪਰ ਐਕਸ ਦਾ ਕਹਿਣਾ ਹੈ ਕਿ ਸਰਕਾਰ ਧਾਰਾ 69 ਏ ਦੀ ਥਾਂ 79(3)(ਲ) ਦਾ ਇਸਤੇਮਾਲ ਕਰ ਰਹੀ ਹੈ, ਜਿਸ ਵਿੱਚ ਨਾ ਤਾਂ ਕਾਰਨ ਦੱਸਣ ਦੀ ਲੋੜ ਹੈ, ਨਾ ਹੀ ਕੋਈ ਸਹੀ ਪ੍ਰਕਿਰਿਆ ਹੈ। ਐਕਸ ਨੇ ਇਹ ਵੀ ਕਿਹਾ ਕਿ ਜਦੋਂ ਲੋਕਾਂ ਨੇ ਸੋਸ਼ਲ ਮੀਡੀਆ ’ਤੇ ਰਾਇਟਰਜ਼ ਦੇ ਅਕਾਊਂਟਸ ਬਲਾਕ ਹੋਣ ’ਤੇ ਸਵਾਲ ਉਠਾਏ, ਤਾਂ ਸਰਕਾਰ ਨੇ ਝੱਟ ਉਨ੍ਹਾਂ ਨੂੰ ਅਨਬਲਾਕ ਕਰਨ ਦੇ ਹੁਕਮ ਦਿੱਤੇ, ਪਰ ਅਨਬਲਾਕ ਕਰਨ ਵਿੱਚ 21 ਘੰਟਿਆਂ ਤੋਂ ਵੱਧ ਸਮਾਂ ਲੱਗਾ।

ਸਰਕਾਰ ਨੇ ਇਸ ਦੋਸ਼ ਨੂੰ ਖਾਰਜ ਕਰਦਿਆਂ ਕਿਹਾ ਕਿ ਉਸ ਨੇ ਕੋਈ ਬਲਾਕਿੰਗ ਦਾ ਹੁਕਮ ਨਹੀਂ ਦਿੱਤਾ ਅਤੇ ਐਕਸ ਨੇ ਤਕਨੀਕੀ ਬਾਰੀਕੀਆਂ ਦਾ ਗਲਤ ਫਾਇਦਾ ਉਠਾਇਆ। ਪਰ ਮੋਦੀ ਸਰਕਾਰ ਦਾ ਸਪੱਸ਼ਟੀਕਰਨ ਸਤੁੰਸ਼ਟੀਜਨਕ ਨਹੀਂ ਹੈ। ਐਕਸ ਨੇ ਤਾਂ ਸਰਕਾਰ ਦੇ ਖ਼ਿਲਾਫ਼ ਕਰਨਾਟਕ ਹਾਈਕੋਰਟ ’ਚ ਮੁਕੱਦਮਾ ਵੀ ਦਾਇਰ ਕਰ ਦਿੱਤਾ, ਜਿਸ ਵਿੱਚ ਉਸ ਨੇ 2015 ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੱਤਾ, ਜਿਸ ਨੇ ਆਈ.ਟੀ. ਐਕਟ ਦੀ ਧਾਰਾ 661 ਨੂੰ ਰੱਦ ਕਰ ਦਿੱਤਾ ਸੀ। ਇਹ ਫ਼ੈਸਲਾ ਪ੍ਰਗਟਾਵੇ ਦੀ ਆਜ਼ਾਦੀ ਦੀ ਰਾਖੀ ਲਈ ਸੀ, ਪਰ ਅੱਜ ਫਿਰ ਸਰਕਾਰ ’ਤੇ ਅਜਿਹੀਆਂ ਪਾਬੰਦੀਆਂ ਲਾਉਣ ਦਾ ਇਲਜ਼ਾਮ ਹੈ। ਪਿਛਲੇ ਦੋ ਸਾਲਾਂ (2023-2025) ਵਿੱਚ ਪ੍ਰੈੱਸ ਦੀ ਆਜ਼ਾਦੀ ’ਤੇ ਲੱਗ ਰਹੀਆਂ ਪਾਬੰਦੀਆਂ ਦੀਆਂ ਕਈ ਮਿਸਾਲਾਂ ਸਾਹਮਣੇ ਆਈਆਂ ਹਨ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੀ 2024 ਦੀ ਵਰਲਡ ਪ੍ਰੈੱਸ ਫ਼ਰੀਡਮ ਇੰਡੈਕਸ ਅਨੁਸਾਰ, ਭਾਰਤ 180 ਦੇਸ਼ਾਂ ਵਿੱਚ 161ਵੇਂ ਸਥਾਨ ’ਤੇ ਹੈ, ਜੋ ਪ੍ਰੈੱਸ ਦੀ ਆਜ਼ਾਦੀ ਦੀ ਮਾੜੀ ਸਥਿਤੀ ਨੂੰ ਦਰਸਾਉਂਦਾ ਹੈ। 2023 ਤੋਂ 2025 ਤੱਕ, ਸਰਕਾਰੀ ਅਤੇ ਗੈਰ-ਸਰਕਾਰੀ ਸਰੋਤਾਂ ਅਨੁਸਾਰ, ਘੱਟੋ-ਘੱਟ 20 ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਾਂ ਉਨ੍ਹਾਂ ’ਤੇ ਮੁਕੱਦਮੇ ਦਰਜ ਕੀਤੇ ਗਏ। ਇਹ ਪੱਤਰਕਾਰ ਜਾਂ ਤਾਂ ਸਰਕਾਰੀ ਨੀਤੀਆਂ ਦੀ ਆਲੋਚਨਾ ਕਰ ਰਹੇ ਸਨ ਜਾਂ ਸੰਵੇਦਨਸ਼ੀਲ ਮੁੱਦਿਆਂ ’ਤੇ ਰਿਪੋਰਟਿੰਗ ਕਰ ਰਹੇ ਸਨ। ਇਸ ਦੌਰਾਨ, ਘੱਟੋ-ਘੱਟ 5 ਮੀਡੀਆ ਅਦਾਰੇ ਜਾਂ ਤਾਂ ਬੰਦ ਕਰ ਦਿੱਤੇ ਗਏ ਜਾਂ ਉਨ੍ਹਾਂ ’ਤੇ ਵਿੱਤੀ ਅਤੇ ਕਾਨੂੰਨੀ ਦਬਾਅ ਪਾਇਆ ਗਿਆ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਕੰਮ ਰੋਕਣਾ ਪਿਆ। ਇਹ ਅੰਕੜੇ ਸਿਰਫ਼ ਸਤਹੀ ਹਨ, ਅਸਲ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ, ਕਿਉਂਕਿ ਬਹੁਤ ਸਾਰੇ ਮਾਮਲੇ ਜਨਤਕ ਨਹੀਂ ਹੁੰਦੇ। ਪ੍ਰੈੱਸ ਦੀ ਆਜ਼ਾਦੀ ਲੋਕਤੰਤਰ ਦਾ ਚੌਥਾ ਥੰਮ ਹੈ, ਅਤੇ ਜੇ ਇਸ ਨੂੰ ਕਮਜ਼ੋਰ ਕੀਤਾ ਜਾਵੇਗਾ, ਤਾਂ ਸਮੁੱਚਾ ਲੋਕਤੰਤਰੀ ਢਾਂਚਾ ਹਿੱਲ ਜਾਵੇਗਾ। ਜੇ ਸਰਕਾਰ ਸੱਚਮੁੱਚ ਪਾਰਦਰਸ਼ੀ ਹੈ, ਤਾਂ ਉਸ ਨੂੰ ਐਕਸ ਦੇ ਦੋਸ਼ਾਂ ਦਾ ਜਵਾਬ ਸਪੱਸ਼ਟ ਅਤੇ ਸਬੂਤਾਂ ਨਾਲ ਦੇਣਾ ਚਾਹੀਦਾ। ਐਕਸ ਦੀ ਅਪੀਲ, ਜਿਸ ਵਿੱਚ ਉਸ ਨੇ ਭਾਰਤ ਦੇ ਯੂਜ਼ਰਾਂ ਨੂੰ ਕੋਰਟ ਦਾ ਸਹਾਰਾ ਲੈਣ ਲਈ ਕਿਹਾ, ਇੱਕ ਨਵਾਂ ਮੋੜ ਹੈ। ਸੋ ਪ੍ਰੈੱਸ ਦੀ ਆਜ਼ਾਦੀ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਿਰਫ਼ ਐਕਸ ਜਾਂ ਕੁਝ ਪੱਤਰਕਾਰਾਂ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਹੈ। ਜੇ ਅਸੀਂ ਭਾਰਤੀ ਲੋਕ ਚੁੱਪ ਰਹੇ, ਤਾਂ ਕੱਲ੍ਹ ਉਨ੍ਹਾਂ ਦੀ ਆਵਾਜ਼ ਵੀ ਦਬਾਈ ਜਾ ਸਕਦੀ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਹੋਂਦ ਉਸਾਰਨ ਲਈ ਅਕਾਲੀ ਨੇਤਾਵਾਂ ਨੂੰ ਸ਼ਿਵ ਸੈਨਾ ਵਾਂਗ ਏਕਤਾ ਕਰਨ ਦੀ ਲੋੜ



**ਸਤਨਾਮ ਮਾਣਕ**
ਸੀਨੀਅਰ ਪੱਤਰਕਾਰ

ਪਿਛਲੇ ਦਿਨੀਂ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਇੱਕ ਮਹੱਤਵਪੂਰਨ ਘਟਨਾਕ੍ਰਮ ਵਾਪਰਿਆ। ਸ਼ਿਵ ਸੈਨਾ ਦਾ ਹਿੱਸਾ ਰਹੇ ਦੋ ਧੜੇ, ਜਿਨ੍ਹਾਂ ਦੀ ਅਗਵਾਈ ਕ੍ਰਮਵਾਰ ਊਧਵ ਠਾਕਰੇ ਅਤੇ ਉਨ੍ਹਾਂ ਦੇ ਚਚੇਰੇ ਭਾਈ ਰਾਜ ਠਾਕਰੇ ਕਰਦੇ ਹਨ, 20 ਸਾਲਾਂ ਬਾਅਦ ਨੇੜੇ-ਨੇੜੇ ਆ ਗਏ। ਮੁੰਬਈ ਦੇ ਇਲਾਕੇ ਵੋਰਲੀ ਵਿੱਚ ਇੱਕ ਸਾਂਝੀ ਰੈਲੀ ਦੌਰਾਨ ਇਨ੍ਹਾਂ ਦੋਵਾਂ ਪਾਰਟੀਆਂ ਦੇ ਮੁਖੀ ਊਧਵ ਠਾਕਰੇ ਅਤੇ ਰਾਜ ਠਾਕਰੇ ਇੱਕ ਸਟੇਜ ’ਤੇ ਨਜ਼ਰ ਆਏ। ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਵਾਪਰੇ ਇਸ ਘਟਨਾਕ੍ਰਮ ਨੂੰ ਨਾ ਕੇਵਲ ਮਹਾਰਾਸ਼ਟਰ ਸਗੋਂ ਦੇਸ਼ ਭਰ ਦੇ ਸਿਆਸੀ ਹਲਕਿਆਂ ਵਿੱਚ ਵੀ ਕਾਫ਼ੀ ਦਿਲਚਸਪੀ ਨਾਲ ਦੇਖਿਆ ਜਾ ਰਿਹਾ ਹੈ।

ਦੋਵਾਂ ਭਰਾਵਾਂ ਨੂੰ ਇਕੱਠੇ ਹੋਣ ਲਈ ਰਾਜ ਵਿੱਚ ਹਿੰਦੀ ਭਾਸ਼ਾ ਦੇ ਨਾਂਅ ’ਤੇ ਆਰੰਭ ਹੋਏ ਵਿਵਾਦ ਨੇ ਇੱਕ ਵੱਡਾ ਅਵਸਰ ਮੁਹੱਈਆ ਕਰ ਦਿੱਤਾ। ਕੁੱਝ ਮਹੀਨੇ ਪਹਿਲਾਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਦੀ ਅਗਵਾਈ ਵਾਲੀ (ਮਹਾਯੁਤੀ) ਗੱਠਜੋੜ ਦੀ ਸਰਕਾਰ ਨੇ ਰਾਜ ਵਿੱਚ ਨਵੀਂ ਸਿੱਖਿਆ ਨੀਤੀ-2020 ਨੂੰ ਲਾਗੂ ਕਰਨ ਦੇ ਨਾਂਅ ’ਤੇ ਤਿੰਨ ਭਾਸ਼ਾਈ ਫ਼ਾਰਮੂਲਾ ਲਾਗੂ ਕਰਨ ਦਾ ਫ਼ੈਸਲਾ ਕੀਤਾ ਅਤੇ ਪਹਿਲੀ ਜਮਾਤ ਤੋਂ ਮਹਾਰਾਸ਼ਟਰ ਦੇ ਸਰਕਾਰੀ ਸਕੂਲਾਂ ਵਿੱਚ ਲਾਜ਼ਮੀ ਤੌਰ ’ਤੇ ਹਿੰਦੀ ਪੜ੍ਹਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

ਇਸ ਦਾ ਮਹਾਰਾਸ਼ਟਰ ਵਿੱਚ ਤਿੱਖਾ ਵਿਰੋਧ ਹੋਇਆ ਅਤੇ ਵਿਰੋਧ ਕਰਨ ਵਾਲਿਆਂ ਵਿੱਚ ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਕਾਫ਼ੀ ਸਰਗਰਮ ਨਜ਼ਰ ਆਈਆਂ। ਇਹ ਪਾਰਟੀਆਂ ਹਿੰਦੀ ਦੀ ਪੜ੍ਹਾਈ ਦੀਆਂ ਵਿਰੋਧੀ ਨਹੀਂ ਹਨ ਪਰ ਹਿੰਦੀ ਨੂੰ ਪਹਿਲੀ ਜਮਾਤ ਤੋਂ ਲਾਜ਼ਮੀ ਲਾਗੂ ਕਰਨ ਦੀਆਂ ਵਿਰੋਧੀ ਸਨ। ਉਨ੍ਹਾਂ ਵੱਲੋਂ ਇਸ ਵਿਰੁੱਧ ਅੰਦੋਲਨ ਚਲਾਉਣ ਦੀ ਧਮਕੀ ਵੀ ਦਿੱਤੀ ਗਈ। ਇਸ ਨੂੰ ਮੁੱਖ ਰੱਖਦਿਆਂ ਮਹਾਰਾਸ਼ਟਰ ਦੀ ਸਰਕਾਰ ਨੇ ਪਹਿਲੀ ਜਮਾਤ ਤੋਂ ਹਿੰਦੀ ਲਾਗੂ ਕਰਨ ਦਾ ਫ਼ੈਸਲਾ ਵਾਪਸ ਲੈ ਲਿਆ ਅਤੇ ਇਸ ਸੰਬੰਧੀ ਨੀਤੀ ਬਣਾਉਣ ਲਈ ਇੱਕ ਕਮੇਟੀ ਦਾ ਗਠਨ ਕਰ ਦਿੱਤਾ। ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਨੇ ਇਸ ਨੂੰ ਆਪਣੀ ਵੱਡੀ ਜਿੱਤ ਕਰਾਰ ਦਿੱਤਾ। ਇਸ ਸੰਦਰਭ ਵਿੱਚ ਹੀ ਪਿਛਲੇ ਦਿਨੀਂ ਵੋਰਲੀ ਵਿੱਚ ਸ਼ਿਵ ਸੈਨਾ ਦੇ ਇਨ੍ਹਾਂ ਦੋਵੇਂ ਧੜਿਆਂ ਵੱਲੋਂ ਜੇਤੂ ਰੈਲੀ ਆਯੋਜਿਤ ਕੀਤੀ ਗਈ, ਜਿਸ ਨੂੰ ਲੋਕਾਂ ਵੱਲੋਂ ਚੰਗਾ ਸਮਰਥਨ ਮਿਲਿਆ।

ਇਸ ਅਵਸਰ ’ਤੇ ਬੋਲਦਿਆਂ ਰਾਜ ਠਾਕਰੇ ਨੇ ਕਿਹਾ ਕਿ ਜੋ ਕੰਮ ਬਾਲਾ ਸਾਹਿਬ ਠਾਕਰੇ ਨਾ ਕਰ ਸਕੇ, ਉਹ ਰਾਜ ਦੇ ਮੁੱਖ ਮੰਤਰੀ ਫੜਨਵੀਸ ਨੇ ਹਿੰਦੀ ਸੰਬੰਧੀ ਨਿਰਦੇਸ਼ ਜਾਰੀ ਕਰ ਕੇ ਕਰ ਦਿਖਾਇਆ। ਉਨ੍ਹਾਂ ਨੇ ਕਿਹਾ ਕਿ ਉਹ ਫੜਨਵੀਸ ਸਰਕਾਰ ਦੇ ਰਾਜ ਵਿੱਚ ਹਿੰਦੀ ਠੋਸਣ ਦੇ ਫ਼ੈਸਲੇ ਵਿਰੁੱਧ ਮਰਾਠੀ ਭਾਸ਼ਾ ਅਤੇ ਮਰਾਠੀ ਮਾਨਸ ਦੇ ਹਿੱਤਾਂ ਦੀ ਰੱਖਿਆ ਲਈ ਇਕੱਠੇ ਹੋ ਰਹੇ ਹਨ। ਉਨ੍ਹਾਂ ਦੋਵਾਂ ਦੀਆਂ ਪਾਰਟੀਆਂ ਵੱਲੋਂ ਮੁੰਬਈ ਨਗਰ ਨਿਗਮ ਦੀ ਚੋਣ ਅਤੇ ਰਾਜ ਵਿੱਚ ਹੋਣ ਵਾਲੀਆਂ ਹੋਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਮਿਲ ਕੇ ਲੜੀਆਂ ਜਾਣਗੀਆਂ ਅਤੇ ਭਵਿੱਖ ਵਿੱਚ ਮਹਾਰਾਸ਼ਟਰ ਦੀ ਸੱਤਾ ਪ੍ਰਾਪਤ ਕਰਨ ਲਈ ਵੀ ਉਹ ਇਕੱਠੇ ਹੋ ਕੇ ਸੰਘਰਸ਼ ਕਰਨਗੇ। ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਦਾ ਨੇੜੇ-ਨੇੜੇ ਆਉਣਾ ਇੱਕ ਵੱਡਾ ਘਟਨਾਕ੍ਰਮ ਜ਼ਰੂਰ ਹੈ ਪਰ ਇਸ ਨੂੰ ਆਉਣ ਵਾਲੀਆਂ ਮੁੰਬਈ ਦੀਆਂ ਨਗਰ ਨਿਗਮ ਚੋਣਾਂ ਅਤੇ ਹੋਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਲੋਕਾਂ ਵਲੋਂ ਕਿੰਨਾ ਕੁ ਵੱਡਾ ਸਮਰਥਨ ਮਿਲਦਾ ਹੈ, ਇਹ ਹੀ ਇਨ੍ਹਾਂ ਦੋਵਾਂ ਪਾਰਟੀਆਂ ਅਤੇ ਇਨ੍ਹਾਂ ਦੇ ਵੱਡੇ ਆਗੂਆਂ ਕ੍ਰਮਵਾਰ ਊਧਵ ਠਾਕਰੇ ਅਤੇ ਰਾਜ ਠਾਕਰੇ ਦਾ ਭਵਿੱਖ ਤੈਅ ਕਰੇਗਾ। ਬਿਨਾਂ ਸ਼ੱਕ ਇਸ ਸਮੇਂ ਮਹਾਰਾਸ਼ਟਰ ਦੇ ਸਿਆਸੀ ਸਮੀਕਰਨਾਂ ’ਤੇ ਇਸ ਦਾ ਅਸਰ ਜ਼ਰੂਰ ਪਵੇਗਾ।





ਜੇਕਰ ਦੇਸ਼ ਦੀ ਅਜੋਕੀ ਰਾਜਨੀਤਕ ਸਥਿਤੀ ਨੂੰ ਦੇਖਿਆ ਜਾਵੇ ਤਾਂ ਭਾਰਤੀ ਜਨਤਾ ਪਾਰਟੀ ਹਿੰਦੀ ਭਾਸ਼ੀ ਖੇਤਰਾਂ ਤੋਂ ਬਾਅਦ ਲਗਾਤਾਰ ਗ਼ੈਰ ਹਿੰਦੀ ਭਾਸ਼ੀ ਖੇਤਰਾਂ ਵਿੱਚ ਵੀ ਤੇਜ਼ੀ ਨਾਲ ਆਪਣਾ ਅਸਰ ਵਧਾਉਂਦੀ ਨਜ਼ਰ ਆ ਰਹੀ ਹੈ। ਭਾਵੇਂ 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ 350 ਤੋਂ ਵੱਧ ਸੀਟਾਂ ਜਿੱਤਣ ਦੀ ਆਸ ਲਾਈ ਬੈਠੀ ਸੀ ਪਰ ਉਸ ਨੂੰ ਸਿਰਫ਼ 240 ਸੀਟਾਂ ਹੀ ਪ੍ਰਾਪਤੀ ਹੋਈਆਂ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਆਪਣੀ ਸਰਕਾਰ ਬਣਾਉਣ ਲਈ ਜਨਤਾ ਦਲ (ਯੂ), ਤੇਲਗੂ ਦੇਸਮ ਪਾਰਟੀ ਤੇ ਲੋਕ ਜਨਸ਼ਕਤੀ ਪਾਰਟੀ (ਰਾਮਬਿਲਾਸ) ਤੋਂ ਸਮਰਥਨ ਲੈਣਾ ਪਿਆ। ਪਰ ਲੋਕ ਸਭਾ ਚੋਣਾਂ ਤੋਂ ਬਾਅਦ ਨਵੀਂ ਦਿੱਲੀ, ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਮੁੜ ਵਾਪਸੀ ਕੀਤੀ ਅਤੇ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਵੀ ਆਪਣੀਆਂ ਸਰਕਾਰਾਂ ਬਣਾਉਣ ਵਿੱਚ ਸਫ਼ਲ ਹੋਈ ਹੈ, ਭਾਵੇਂ ਕਿ ਝਾਰਖੰਡ ਤੇ ਜੰਮੂ-ਕਸ਼ਮੀਰ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ ਉਸ ਨੂੰ ਆਸ ਮੁਤਾਬਿਕ ਸਫ਼ਲਤਾ ਨਹੀਂ ਮਿਲੀ। ਹੁਣ ਭਾਜਪਾ ਦੀਆਂ ਨਜ਼ਰਾਂ ਇਸੇ ਸਾਲ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਅਤੇ ਅਗਲੇ ਸਾਲ ਹੋਣ ਵਾਲੀਆਂ ਪੱਛਮੀ ਬੰਗਾਲ ਦੀਆਂ ਚੋਣਾਂ ’ਤੇ ਲੱਗੀਆਂ ਹੋਈਆਂ ਹਨ। ਇਨ੍ਹਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਭਾਜਪਾ ਨੇ ਤਿਆਰੀ ਵਿੱਢੀ ਹੋਈ ਹੈ। ਭਾਜਪਾ ਗ਼ੈਰ ਹਿੰਦੀ ਭਾਸ਼ੀ ਰਾਜਾਂ, ਜਿਥੇ ਖ਼ਾਸ ਕਰਕੇ ਖੇਤਰੀ ਪਾਰਟੀਆਂ ਮਜ਼ਬੂਤ ਹਨ, ਵਿੱਚ ਆਪਣਾ ਅਸਰ ਰਸੂਖ਼ ਵਧਾਉਣ ਲਈ ਵਿਸ਼ੇਸ਼ ਤੌਰ ’ਤੇ ਜ਼ੋਰ ਲਾ ਰਹੀ ਹੈ। ਭਾਜਪਾ ਦੇ ਮੌਜੂਦਾ ਪ੍ਰਧਾਨ ਜੇ.ਪੀ. ਨੱਡਾ ਨੇ ਤਾਂ ਆਪਣੇ ਬਿਹਾਰ ਦੇ ਇੱਕ ਦੌਰੇ ਦੌਰਾਨ ਸਪੱਸ਼ਟ ਰੂਪ ਵਿੱਚ ਐਲਾਨ ਕੀਤਾ ਸੀ ਕਿ ਭਾਜਪਾ ਖੇਤਰੀ ਪਾਰਟੀਆਂ ਨੂੰ ਵੀ ਰਾਜਨੀਤਕ ਤੌਰ ’ਤੇ ਖ਼ਤਮ ਕਰਨ ਲਈ ਯਤਨਸ਼ੀਲ ਹੈ।

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਜਪਾ ਦੇ ਨਿਸ਼ਾਨੇ ’ਤੇ ਦੇਸ਼ ਦੀ ਪੁਰਾਣੀ ਕੌਮੀ ਪਾਰਟੀ ਕਾਂਗਰਸ ਹੀ ਨਹੀਂ ਹੈ, ਸਗੋਂ ਵੱਖ-ਵੱਖ ਰਾਜਾਂ ਦੀਆਂ ਖੇਤਰੀ ਪਾਰਟੀਆਂ ਵੀ ਉਸ ਦੇ ਨਿਸ਼ਾਨੇ ’ਤੇ ਹਨ। ਹਰ ਪਾਰਟੀ ਨੂੰ ਆਪਣਾ ਰਾਜਨੀਤਕ ਆਧਾਰ ਵਧਾਉਣ ਦਾ ਹੱਕ ਹੈ। ਇਸ ਵਿੱਚ ਕੋਈ ਇਤਰਾਜ਼ ਵਾਲੀ ਗੱਲ ਵੀ ਨਹੀਂ ਹੈ, ਪਰ ਇਤਰਾਜ਼ ਵਾਲੀ ਗੱਲ ਇਹ ਹੈ ਕਿ ਭਾਜਪਾ ਦੀ ਨਿਰੰਕੁਸ਼ ਰਾਜਨੀਤਕ ਸ਼ੈਲੀ ਨਾ ਸਿਰਫ਼ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਲਈ ਖ਼ਤਰਨਾਕ ਹੈ, ਸਗੋਂ ਦੇਸ਼ ਵਿੱਚ ਫਿਰਕੂ ਸਦਭਾਵਨਾ ਲਈ ਵੀ ਇੱਕ ਵੱਡੀ ਚੁਣੌਤੀ ਹੈ। ਭਾਜਪਾ ਨਿਰੰਤਰ ਫਿਰਕੂ ਧਰੁਵੀਕਰਨ ਦੀ ਖੇਡ, ਖੇਡ ਰਹੀ ਹੈ, ਜਿਸ ਕਾਰਨ ਦੇਸ਼ ਦੇ ਦੋ ਵੱਡੇ ਭਾਈਚਾਰਿਆਂ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਲਗਾਤਾਰ ਕੁੜੱਤਣ ਵਧ ਰਹੀ ਹੈ। ਇਸ ਨਾਲ ਨਾ ਕੇਵਲ ਦੇਸ਼ ਦੇ ਅੰਦਰ ਅਮਨ ਤੇ ਸਦਭਾਵਨਾ ਨੂੰ ਵੱਡੀ ਸੱਟ ਲੱਗ ਰਹੀ ਹੈ, ਸਗੋਂ ਦੇਸ਼-ਵਿਦੇਸ਼ ਵਿੱਚ ਸਰਗਰਮ ਭਾਰਤ ਵਿਰੋਧੀ ਸ਼ਕਤੀਆਂ ਨੂੰ ਵੀ ਇਸ ਨਾਲ ਭਾਰਤ ਵਿੱਚ ਪੈਰ ਜਮਾਉਣ ਦੇ ਅਵਸਰ ਮਿਲ ਸਕਦੇ ਹਨ। ਇਸ ਦੀਆਂ ਆਰਥਿਕ ਨੀਤੀਆਂ ਵੀ ਵੱਡੇ ਕਾਰਪੋਰੇਟਰਾਂ ਦੇ ਹਿੱਤਾਂ ਦੀ ਹੀ ਪੈਰਵੀ ਕਰਦੀਆਂ ਹਨ। ਖੇਤਰੀ ਜ਼ੁਬਾਨਾਂ, ਖੇਤਰੀ ਸੱਭਿਆਚਾਰਾਂ ਨੂੰ ਵੀ ਭਾਜਪਾ, ਖ਼ਾਸ ਕਰ ਕੇ ਰਾਸ਼ਟਰੀ ਸੋਇਮ ਸੇਵਕ ਸੰਘ ਵਾਲੇ ਆਪਣੇ ਹਿੰਦੂਤਵ ਆਧਾਰਿਤ ਰਾਸ਼ਟਰਵਾਦ ਲਈ ਖ਼ਤਰਾ ਸਮਝਦੇ ਹਨ। ਇਨ੍ਹਾਂ ਸਥਿਤੀਆਂ ਵਿੱਚ ਜੇਕਰ ਖੇਤਰੀ ਪਾਰਟੀਆਂ ਨੇ ਆਪਣੀ ਪ੍ਰਸੰਗਿਕਤਾ ਬਣਾਈ ਰੱਖਣੀ ਹੈ ਉਨ੍ਹਾਂ ਨੂੰ ਖੇਤਰੀ ਸੱਭਿਆਚਾਰਾਂ, ਖੇਤਰੀ ਜ਼ੁਬਾਨਾਂ ਅਤੇ ਖੇਤਰੀ ਖ਼ੁਦ ਮੁਖ਼ਤਿਆਰੀ (ਸੰਘੀ ਢਾਂਚੇ) ਦੀ ਮਜ਼ਬੂਤੀ ਲਈ ਨਿਰੰਤਰ ਕੰਮ ਕਰਨਾ ਹੋਵੇਗਾ।

ਇਸੇ ਪ੍ਰਸੰਗ ਵਿੱਚ ਪੰਜਾਬ ਦੀ ਪੁਰਾਣੀ ਅਤੇ ਪ੍ਰਮੁੱਖ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਆਪਣੀ ਰਾਜਨੀਤੀ ਤੇ ਰਣਨੀਤੀ ’ਤੇ ਮੁੜ ਤੋਂ ਵਿਚਾਰ ਕਰਨ ਦੀ ਜ਼ਰੂਰਤ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਹ ਸੱਤਾ ਤੋਂ ਬਾਹਰ ਹੋ ਚੁੱਕੀ ਹੈ ਤੇ ਉਸ ਤੋਂ ਬਾਅਦ ਜਿੰਨੀਆਂ ਵੀ ਚੋਣਾਂ ਹੋਈਆਂ ਹਨ, ਉਨ੍ਹਾਂ ਵਿੱਚ ਇਸ ਦੀ ਕਾਰਗੁਜ਼ਾਰੀ ਬਿਹਤਰ ਨਹੀਂ ਰਹੀ। ਇਸ ਸਮੇਂ ਲੋਕ ਸਭਾ ਵਿੱਚ ਇਸ ਦੀ ਇੱਕ ਹੀ ਸੰਸਦ ਮੈਂਬਰ ਹੈ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਸ ਨੇ ਭਾਵੇਂ 3 ਸੀਟਾਂ ਜਿੱਤੀਆਂ ਸਨ ਪਰ ਇਨ੍ਹਾਂ ਵਿਚੋਂ ਸਿਰਫ਼ 1 ਵਿਧਾਇਕਾ (ਗਨੀਵ ਕੌਰ) ਹੀ ਇਸ ਦੇ ਨਾਲ ਹੈ। ਪਿਛਲੇ ਦਿਨੀਂ ਲੁਧਿਆਣਾ ਪੱਛਮੀ ਤੋਂ ਹੋਈ ਉਪ ਚੋਣ ਵਿੱਚ ਇਸ ਦਾ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ (8203) ਵੋਟਾਂ ਹੀ ਪ੍ਰਾਪਤ ਕਰ ਸਕਿਆ ਤੇ ਉਸ ਦੀ ਜ਼ਮਾਨਤ ਜ਼ਬਤ ਹੋ ਗਈ। ਤਰਨ ਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਦਿਹਾਂਤ ਤੋਂ ਬਾਅਦ ਇੱਕ ਹੋਰ ਉਪ ਚੋਣ ਦਾ ਵੀ ਅਕਾਲੀ ਦਲ ਨੂੰ ਸਾਹਮਣਾ ਕਰਨਾ ਪਵੇਗਾ। ਉਥੇ ਵੀ ਇੱਕ ਤੋਂ ਵੱਧ ਅਕਾਲੀ ਧੜਿਆਂ ਵੱਲੋਂ ਉਪ ਚੋਣ ਲੜਨ ਦੀ ਚਲ ਰਹੀ ਚਰਚਾ ਨੂੰ (**ਬਾਕੀ ਸਫ਼ਾ 31 ’ਤੇ**)

# ਪੇਰੂ 'ਚ ਸਿੱਖ ਲਹਿਰ ਦੀ ਸ਼ੁਰੂਆਤ ਕਿਵੇਂ ਤੇ ਕਦੋਂ ਹੋਈ ?

**➢ ਭਾਈ ਪ੍ਰਤਾਪ ਸਿੰਘ ਪੇਰੂ ਵਿੱਚ ਸਿੱਖ ਲਹਿਰ ਦਾ ਝੰਡਾਬਰਦਾਰ ➢ ਘੱਟ ਆਰਥਿਕ ਵਸੀਲੇ ਹੋਣ ਕਾਰਨ ਆਪਣੇ ਘਰਾਂ ਨੂੰ ਬਣਾਇਆ ਪ੍ਰਚਾਰ ਦਾ ਸਾਧਨ**



ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916





ਦੱਖਣੀ ਅਮਰੀਕਾ ਦੇ ਪੱਛਮੀ ਕੰਢੇ 'ਤੇ ਵਸਿਆ ਪੇਰੂ ਮੁਲਕ, ਅੰਡੀਜ਼ ਦੀਆਂ ਉੱਚੀਆਂ ਪਹਾੜੀਆਂ ਅਤੇ ਪ੍ਰਸ਼ਾਂਤ ਮਹਾਸਾਗਰ ਦੇ ਨੀਲੇ ਪਾਣੀਆਂ ਦੇ ਵਿਚਕਾਰ ਚਮਕਦਾ ਹੈ। ਇਸ ਦੀ ਰਾਜਧਾਨੀ ਲੀਮਾ, ਜਿਹੜੀ ਕਿ ਸੱਭਿਆਚਾਰਕ ਅਤੇ ਆਰਥਿਕ ਗਤੀਵਿਧੀਆਂ ਦਾ ਕੇਂਦਰ ਹੈ, ਪਰ ਸਿੱਖ ਬਹੁਤ ਘੱਟ ਗਿਣਤੀ ਵਿੱਚ ਹਨ ਪਰ ਚਮਕਦਾਰ ਮੌਜੂਦਗੀ ਦਾ ਕੇਂਦਰ ਬਣੇ ਹੋਏ ਹਨ। ਇਸ ਦੇਸ ਵਿੱਚ ਸਿੱਖੀ ਦੀ ਸ਼ੁਰੂਆਤ ਇੱਥੇ 20ਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੀ ਸ਼ੁਰੂਆਤ ਵਿੱਚ ਹੋਈ ਸੀ, ਜਦੋਂ ਕੁਝ ਸਿੱਖ ਪਰਿਵਾਰ ਵਪਾਰ, ਸਿੱਖਿਆ ਅਤੇ ਤਕਨੀਕੀ ਮੌਕਿਆਂ ਦੀ ਭਾਲ ਵਿੱਚ ਪੇਰੂ ਪਹੁੰਚੇ ਸਨ। ਅੰਦਾਜ਼ਨ 40-50 ਸਿੱਖਾਂ ਦਾ ਇਹ ਛੋਟਾ ਭਾਈਚਾਰਾ, ਜਿਹੜਾ ਜ਼ਿਆਦਾਤਰ ਲੀਮਾ ਵਿੱਚ ਵਸਦਾ ਹੈ, ਲੋੜਵੰਦਾਂ ਦੀ ਸੇਵਾ ਤੇ ਲੰਗਰ ਕਾਰਨ ਇਸ ਦੇਸ ਦੇ ਲੋਕਾਂ ਵਿੱਚ ਹਰਮਨ-ਪਿਆਰਾ ਹੋ ਰਿਹਾ ਹੈ। 2026 ਤੱਕ, ਇਸ ਭਾਈਚਾਰੇ ਦੀ ਗਿਣਤੀ ਵਿੱਚ ਵਾਧੇ ਦੀ ਸੰਭਾਵਨਾ ਹੈ। ਸਥਾਨਕ ਨਿਵਾਸੀ ਸਿੱਖ ਧਰਮ ਦੀ ਸੇਵਾ ਅਤੇ ਸਮਾਨਤਾ ਦੀ ਭਾਵਨਾ ਨੂੰ ਸਤਿਕਾਰਦੇ ਹਨ।

ਪੇਰੂ ਦੀ ਸੱਭਿਅਤਾ, ਜਿਹੜੀ ਇੰਕਾ, ਸਪੈਨਿਸ਼ ਅਤੇ ਸਥਾਨਕ ਸੱਭਿਆਚਾਰਾਂ ਦਾ ਸੰਗਮ ਹੈ, ਵਿਭਿੰਨਤਾ ਨੂੰ ਗਲੇ ਲਗਾਉਣ ਦੀ ਪਰੰਪਰਾ ਰੱਖਦੀ ਹੈ। ਸਿੱਖ ਭਾਈਚਾਰੇ ਨੇ ਇਸ ਸੱਭਿਆਚਾਰਕ ਖੁੱਲ੍ਹੇਪਣ ਦਾ ਲਾਭ ਉਠਾਇਆ ਅਤੇ ਲੰਗਰ ਵਰਗੀਆਂ ਸੇਵਾਵਾਂ ਰਾਹੀਂ ਸਥਾਨਕ ਲੋਕਾਂ ਦੇ ਦਿਲ ਜਿੱਤੇ ਹਨ। ਲੰਗਰ, ਜਿਹੜਾ ਸਿੱਖੀ ਦੀ ਸੇਵਾ-ਭਾਵਨਾ ਦਾ ਪ੍ਰਤੀਕ ਹੈ, ਪੇਰੂ ਦੇ ਗਰੀਬ ਅਤੇ ਲੋੜਵੰਦ ਲੋਕਾਂ ਲਈ ਵਰਦਾਨ ਸਾਬਤ ਹੋਇਆ ਹੈ। ਖਾਸਕਰ ਕੋਵਿਡ-19 ਦੀ ਮਹਾਂਮਾਰੀ ਦੌਰਾਨ, ਜਦੋਂ ਪੇਰੂ ਦੀ ਅਰਥ-ਵਿਵਸਥਾ ਡੋਲ ਰਹੀ ਸੀ ਅਤੇ ਰੁਜ਼ਗਾਰ ਦਾ ਪੱਧਰ 42% ਤੱਕ ਡਿੱਗ ਗਿਆ ਸੀ, ਸਿੱਖ ਭਾਈਚਾਰੇ ਨੇ 'ਲੰਗਰ ਪੇਰੂ' ਪ੍ਰੋਜੈਕਟ ਰਾਹੀਂ ਹਜ਼ਾਰਾਂ ਲੋਕਾਂ ਨੂੰ ਭੋਜਨ ਅਤੇ ਜ਼ਰੂਰੀ ਸਮਾਨ ਮੁਹੱਈਆ ਕਰਵਾਇਆ ਸੀ। ਇਹ ਸੇਵਾ ਨਾ ਸਿਰਫ਼ ਸਿੱਖੀ ਦੀ ਸੇਵਾ ਭਾਵਨਾ ਤੇ ਮਨੁੱਖਤਾ ਪੱਖੀ ਪਿਆਰ ਨੂੰ ਦਰਸਾਉਂਦੀ ਹੈ, ਸਗੋਂ ਪੇਰੂ ਦੇ ਸਮਾਜਿਕ ਏਕਤਾ ਦੇ ਸਿਧਾਂਤ ਨਾਲ ਵੀ ਜੁੜਦੀ ਹੈ।

**ਭਾਈ ਪ੍ਰਤਾਪ ਸਿੰਘ: ਸਿੱਖੀ ਦਾ ਝੰਡਾਬਰਦਾਰ**

ਪੇਰੂ ਵਿੱਚ ਸਿੱਖ ਧਰਮ ਦੀ ਚਰਚਾ ਭਾਈ ਪ੍ਰਤਾਪ ਸਿੰਘ ਦੇ ਜ਼ਿਕਰ ਤੋਂ ਬਿਨਾਂ ਅਧੂਰੀ ਹੈ। ਭਾਈ ਸਾਹਿਬ, ਜਿਹੜੇ ਕਿ ਪੇਰੂ ਦੇ ਇਕਲੌਤੇ ਸਿੱਖ ਨਾਗਰਿਕ ਹਨ, ਸਿੱਖ ਲਹਿਰ ਨੂੰ ਨਾ ਸਿਰਫ਼ ਪੇਰੂ, ਸਗੋਂ ਪੂਰੇ ਦੱਖਣੀ ਅਮਰੀਕਾ ਵਿੱਚ ਚਮਕਾਇਆ ਹੈ। ਭਾਰਤ ਵਿੱਚ ਜਨਮੇ ਭਾਈ ਪ੍ਰਤਾਪ ਸਿੰਘ ਨੇ ਸਪੈਨਿਸ਼ ਅਤੇ ਫ਼੍ਰੈਂਚ ਭਾਸ਼ਾਵਾਂ ਦੀ ਸਿੱਖਿਆ ਲਈ ਅਤੇ ਸਫ਼ਰ ਦੀ ਚਾਹਤ ਨੇ ਉਹਨਾਂ ਨੂੰ ਯੂਰਪ ਤੋਂ ਹੁੰਦੇ ਹੋਏ ਪੇਰੂ ਪਹੁੰਚਾਇਆ। ਲੀਮਾ ਵਿੱਚ ਉਹ ਸਪੈਨਿਸ਼ ਭਾਸ਼ਾ ਦੇ ਅਧਿਆਪਕ ਅਤੇ ਪਰਵਾਸੀ ਵਿਭਾਗ ਵਿੱਚ ਦੁਭਾਸ਼ੀਏ ਵਜੋਂ ਸੇਵਾ ਨਿਭਾਉਂਦੇ ਹਨ, ਜਿੱਥੇ ਉਹ ਗੈਰ-ਕਾਨੂੰਨੀ ਪਰਵਾਸੀਆਂ ਦੀ ਮਦਦ ਕਰਦੇ ਹਨ। ਪਰ ਉਨ੍ਹਾਂ ਦੀ ਅਸਲ ਪਛਾਣ ਸਿੱਖ ਪ੍ਰਚਾਰਕ ਵਜੋਂ ਹੈ।ਭਾਈ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ 60 ਦੇਸ਼ਾਂ ਵਿੱਚ ਪਹੁੰਚਾਇਆ ਹੈ। ਉਹ ਰੋਜ਼ਾਨਾ 250 ਲੋਕਾਂ ਨੂੰ ਸਿੱਖੀ ਦੇ ਸਿਧਾਂਤਾਂ ਬਾਰੇ ਦੱਸਦੇ ਹਨ, ਬਰੋਸ਼ਰ ਵੰਡਦੇ ਹਨ ਅਤੇ ਸਪੈਨਿਸ਼ ਵਿੱਚ ਅਨੁਵਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਸਾਂਝੀਆਂ ਕਰਦੇ ਹਨ। ਉਨ੍ਹਾਂ ਦਾ ਘਰ, ਜਿਹੜਾ ਕਿ ਪੇਰੂ ਵਿੱਚ ਇਕਲੌਤਾ ਸਿੱਖੀ ਸੰਗਤ ਦਾ ਕੇਂਦਰ ਹੈ, ਲੰਗਰ ਦੀ ਸੇਵਾ ਅਤੇ ਰੂਹਾਨੀ ਵਿਚਾਰ-ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਉਨ੍ਹਾਂ ਦੀ ਪਤਨੀ ਅਤੇ ਪਰਿਵਾਰ ਵੀ ਇਸ ਸੇਵਾ ਵਿੱਚ ਸਾਥ ਦਿੰਦਾ ਹੈ, ਜਿਸ ਨੇ ਪੇਰੂ ਦੇ ਸਥਾਨਕ ਲੋਕਾਂ ਵਿੱਚ ਸਿੱਖੀ ਦੀ ਸਮਝ ਨੂੰ ਵਧਾਇਆ ਹੈ।

**ਚੁਣੌਤੀਆਂ: ਪਗੜੀ ਦੀ ਪਹਿਚਾਣ ਅਤੇ ਗੁਰਦੁਆਰੇ ਦੀ ਘਾਟ**

ਪੇਰੂ ਵਿੱਚ ਸਿੱਖ ਭਾਈਚਾਰੇ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਸਮੱਸਿਆ ਸਿੱਖੀ ਬਾਰੇ ਜਾਗਰੂਕਤਾ ਦੀ ਕਮੀ ਹੈ। ਸਥਾਨਕ ਲੋਕ ਪਗੜੀ, ਕਿਰਪਾਨ ਅਤੇ ਸਿੱਖੀ ਦੇ ਹੋਰ ਪ੍ਰਤੀਕਾਂ ਤੋਂ ਅਣਜਾਣ ਹਨ, ਜਿਸ ਕਾਰਨ ਕਈ ਵਾਰ ਗਲਤ ਫ਼ਹਿਮੀਆਂ ਪੈਦਾ ਹੁੰਦੀਆਂ ਹਨ। ਇਸ ਤੋਂ ਇਲਾਵਾ, ਪੇਰੂ ਵਿੱਚ ਕੋਈ ਸਥਾਈ ਗੁਰਦੁਆਰਾ ਨਹੀਂ ਹੈ, ਜਿਸ ਕਾਰਨ ਸੰਗਤ ਨੂੰ ਧਾਰਮਿਕ ਸਮਾਗਮਾਂ ਲਈ ਨਿੱਜੀ ਘਰਾਂ ਜਾਂ ਕਿਰਾਏ ਦੇ ਸਥਾਨਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਹ ਸਥਿਤੀ ਸੰਗਤ ਦੀ ਇਕੱਠ ਨੂੰ ਸੀਮਤ ਕਰਦੀ ਹੈ ਅਤੇ ਸਿੱਖੀ ਦੇ ਵਿਸਥਾਰ ਵਿੱਚ ਰੁਕਾਵਟ ਬਣਦੀ ਹੈ। ਫ਼ਿਰ ਵੀ, ਭਾਈ ਪ੍ਰਤਾਪ ਸਿੰਘ ਅਤੇ ਉਹਨਾਂ ਦੇ ਪਰਿਵਾਰ ਨੇ ਆਪਣੇ ਘਰ ਨੂੰ ਗੁਰਦੁਆਰੇ ਦਾ ਰੂਪ ਦੇ ਕੇ ਸੰਗਤ ਦੀ ਸੇਵਾ ਜਾਰੀ ਰੱਖੀ ਹੋਈ ਹੈ।

**ਪੇਰੂ ਦੀ ਆਰਥਿਕ ਹਾਲਤ ਅਤੇ ਸਿੱਖਾਂ ਦਾ ਕਾਰੋਬਾਰ**

ਪੇਰੂ ਦੀ ਅਰਥਵਿਵਸਥਾ ਮਿਸ਼ਰਤ ਹੈ, ਜਿਸ ਵਿੱਚ ਖਣਿਜ, ਖੇਤੀਬਾੜੀ, ਸੈਰ-ਸਪਾਟਾ ਅਤੇ ਨਿਰਮਾਣ ਮੁੱਖ ਖੇਤਰ ਹਨ। 2025 ਵਿੱਚ, ਪੇਰੂ ਦੀ ਅਰਥਵਿਵਸਥਾ ਮਹਾਂਮਾਰੀ ਤੋਂ ਬਾਅਦ ਮੁੜ ਸੁਧਾਰ ਦੇ ਰਾਹ ਤੇ ਹੈ, ਪਰ ਅਸਮਾਨਤਾ ਅਤੇ ਗਰੀਬੀ ਅਜੇ ਵੀ ਵੱਡੀਆਂ ਚੁਣੌਤੀਆਂ ਹਨ। ਸਿੱਖ ਭਾਈਚਾਰਾ, ਜੋ ਜ਼ਿਆਦਾਤਰ ਲੀਮਾ ਵਿੱਚ ਵਸਦਾ ਹੈ, ਵਪਾਰ ਅਤੇ ਸਿੱਖਿਆ ਦੇ ਖੇਤਰ ਵਿੱਚ ਸਰਗਰਮ ਹੈ। ਕੁਝ ਸਿੱਖ ਪਰਿਵਾਰ ਵਪਾਰਕ ਗਤੀਵਿਧੀਆਂ ਜਿਵੇਂ ਕਿ ਟੈਕਸਟਾਈਲ, ਆਯਾਤ-ਨਿਰਯਾਤ ਅਤੇ ਸੈਰ-ਸਪਾਟਾ ਸੰਬੰਧੀ ਕਾਰੋਬਾਰ ਵਿੱਚ ਸ਼ਾਮਲ ਹਨ। ਆਰਥਿਕ ਤੌਰ 'ਤੇ, ਸਿੱਖ ਭਾਈਚਾਰਾ ਮੱਧਮ ਪੱਧਰ ਦੀ ਸਥਿਤੀ ਵਿੱਚ ਹੈ, ਜਿਹੜਾ ਸੇਵਾ ਖੇਤਰ ਵਿੱਚ ਸੀਮਤ ਸਰੋਤਾਂ ਨਾਲ ਸਿੱਖੀ ਦੇ ਵਿਕਾਸ ਵਿੱਚ ਯੋਗਦਾਨ ਪਾ ਰਿਹਾ ਹੈ।

**ਪੇਰੂ ਸਰਕਾਰ ਦਾ ਨਜ਼ਰੀਆ ਅਤੇ ਨਾਗਰਿਕਤਾ**

ਪੇਰੂ ਸਰਕਾਰ ਦਾ ਸਿੱਖ ਧਰਮ ਪ੍ਰਤੀ ਨਜ਼ਰੀਆ ਸਕਾਰਾਤਮਕ ਹੈ, ਕਿਉਂਕਿ ਪੇਰੂ ਇੱਕ ਬਹੁ-ਸੱਭਿਆਚਾਰਕ ਮੁਲਕ ਹੈ ਜੋ ਵਿਭਿੰਨਤਾ ਨੂੰ ਸਤਿਕਾਰਦਾ ਹੈ। ਸਰਕਾਰ ਸਿੱਖ ਭਾਈਚਾਰੇ ਦੀਆਂ ਸਮਾਜਿਕ ਸੇਵਾਵਾਂ, ਖਾਸਕਰ ਲੰਗਰ, ਦੀ ਸ਼ਲਾਘਾ ਕਰਦੀ ਹੈ। ਭਾਈ ਪ੍ਰਤਾਪ ਸਿੰਘ ਨੂੰ ਪੇਰੂ ਦੀ ਨਾਗਰਿਕਤਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਮਾਨਤਾ ਦਿੰਦੀ ਹੈ। ਪਰ, ਸਥਾਨਕ ਨਿਵਾਸੀਆਂ ਵਿੱਚ ਸਿੱਖੀ ਦੀ ਸਮਝ ਦੀ ਘਾਟ ਕਾਰਨ, ਸਰਕਾਰ ਨੂੰ ਸਿੱਖੀ ਦੇ ਪ੍ਰਤੀਕਾਂ ਅਤੇ ਸਿਧਾਂਤਾਂ ਬਾਰੇ ਹੋਰ ਜਾਗਰੂਕਤਾ ਦੀ ਲੋੜ ਹੈ। ਸਿੱਖਾਂ ਨੂੰ ਪੀਆਰ ਅਤੇ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਵਿੱਚ ਸਰਕਾਰ ਸਖ਼ਤ ਨੀਤੀਆਂ ਅਪਣਾਉਂਦੀ ਹੈ, ਪਰ ਭਾਈ ਪ੍ਰਤਾਪ ਸਿੰਘ ਵਰਗੀਆਂ ਸ਼ਖਸੀਅਤਾਂ ਦੀਆਂ ਸੇਵਾਵਾਂ ਨੇ ਇਸ ਪ੍ਰਕਿਰਿਆ ਨੂੰ ਸੌਖਾ ਕੀਤਾ ਹੈ।

**ਪੰਜਾਬੀ ਭਾਸ਼ਾ ਦਾ ਫ਼ੈਲਾਅ**

ਪੇਰੂ ਵਿੱਚ ਪੰਜਾਬੀ ਭਾਸ਼ਾ ਦਾ ਫ਼ੈਲਾਅ ਬਹੁਤ ਸੀਮਤ ਹੈ, ਕਿਉਂਕਿ ਸਥਾਨਕ ਭਾਸ਼ਾ ਸਪੈਨਿਸ਼ ਅਤੇ ਕੁਝ ਸਥਾਨਕ ਭਾਸ਼ਾਵਾਂ ਜਿਵੇਂ ਕਿ ਕਿਚੂਆ ਅਤੇ ਆਈਮਾਰਾ ਹਨ। ਸਿੱਖ ਭਾਈਚਾਰਾ, ਖਾਸਕਰ ਭਾਈ ਪ੍ਰਤਾਪ ਸਿੰਘ, ਸਪੈਨਿਸ਼ ਵਿੱਚ ਸਿੱਖੀ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਦਾ ਹੈ, ਜਿਸ ਨਾਲ ਸਥਾਨਕ ਲੋਕਾਂ ਨਾਲ ਸੰਵਾਦ ਸੌਖਾ ਹੁੰਦਾ ਹੈ। ਪੰਜਾਬੀ ਭਾਸ਼ਾ ਮੁੱਖ ਤੌਰ ਤੇ ਸਿੱਖ ਪਰਿਵਾਰਾਂ ਦੇ ਘਰਾਂ ਵਿੱਚ ਹੀ ਸੀਮਤ ਹੈ। ਫ਼ਿਰ ਵੀ, ਭਾਈ ਸਾਹਿਬ ਦੀਆਂ ਕੋਸ਼ਿਸ਼ਾਂ ਨੇ ਸਪੈਨਿਸ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਪੇਸ਼ ਕਰਕੇ ਸਿੱਖੀ ਦੀ ਪਹੁੰਚ ਨੂੰ ਵਧਾਇਆ ਹੈ।

ਪੇਰੂ ਵਿੱਚ ਸਿੱਖ ਬੀਬੀਆਂ, ਖਾਸਕਰ ਭਾਈ ਪ੍ਰਤਾਪ ਸਿੰਘ ਦੀ ਪਤਨੀ ਅਤੇ ਪਰਿਵਾਰ, ਸੇਵਾ ਅਤੇ ਪ੍ਰਚਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਲੰਗਰ ਦੀ ਸੇਵਾ, ਸੰਗਤ ਦੀ ਸੰਭਾਲ ਅਤੇ ਸਥਾਨਕ ਸਮਾਜ ਨਾਲ ਸੰਵਾਦ ਵਿੱਚ ਸਰਗਰਮ ਹਨ। ਇਸ ਤੋਂ ਇਲਾਵਾ, ਕ੍ਰਿਸ਼ਨ ਸ਼ਿਵਾ ਸਿੰਘ ਵਰਗੇ ਸੇਵਾਦਾਰਾਂ ਨੇ ਮਹਾਂਮਾਰੀ ਦੌਰਾਨ 'ਲੰਗਰ ਪੇਰੂ' ਪ੍ਰੋਜੈਕਟ ਨੂੰ ਸਫ਼ਲਤਾਪੂਰਵਕ ਚਲਾਇਆ ਹੈ। ਪੇਰੂ ਵਿੱਚ ਸਿੱਖ ਧਰਮ ਅਜੇ ਸ਼ੁਰੂਆਤੀ ਦੌਰ ਵਿੱਚ ਹੈ, ਪਰ ਇਸ ਦੀਆਂ ਸੰਭਾਵਨਾਵਾਂ ਉਜਵਲ ਹਨ। ਭਾਈ ਪ੍ਰਤਾਪ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੀਆਂ ਕੋਸ਼ਿਸ਼ਾਂ ਨੇ ਸਿੱਖੀ ਦੀ ਨੀਂਹ ਮਜ਼ਬੂਤ ਕੀਤੀ ਹੈ। ਭਵਿੱਖ ਵਿੱਚ, ਇੱਕ ਸਥਾਈ ਗੁਰਦੁਆਰੇ ਦੀ ਸਥਾਪਨਾ, ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਸਿੱਖੀ ਬਾਰੇ ਜਾਗਰੂਕਤਾ ਪ੍ਰੋਗਰਾਮ ਅਤੇ ਸਥਾਨਕ ਸੰਗਠਨਾਂ ਨਾਲ ਸਹਿਯੋਗ ਸਿੱਖੀ ਦੇ ਵਿਸਥਾਰ ਵਿੱਚ ਮਦਦ ਕਰ ਸਕਦੇ ਹਨ।

# ਇਜ਼ਰਾਇਲ ਦੇ ਹਵਾਈ ਹਮਲਿਆਂ ਕਾਰਨ ਗ਼ਾਜ਼ਾ 'ਚ ਮਾਸੂਮਾਂ ਦਾ ਘਾਣ, 50,000 ਬੱਚਿਆਂ ਦੀ ਮੌਤ

**ਦੀਰ ਅਲ-ਬਲਾਹ ਦੇ ਸਿਹਤ ਕਲੀਨਿਕ 'ਤੇ ਬੰਬਾਰੀ, 8 ਬੱਚਿਆਂ ਸਮੇਤ 15 ਨਿਰਦੋਸ਼ ਮਾਰੇ ਗਏ**

**ਯੂਨੀਸੇਫ਼ ਦੀ ਚਿਤਾਵਨੀ: ਗ਼ਾਜ਼ਾ ਬੱਚਿਆਂ ਲਈ ਸਭ ਤੋਂ ਖ਼ਤਰਨਾਕ ਜਗ੍ਹਾ**




ਗ਼ਾਜ਼ਾ ਪੱਟੀ, ਜੋ ਕਦੇ ਫ਼ਲਸਤੀਨੀਆਂ ਦੀ ਜ਼ਿੰਦਗੀ ਦਾ ਹਿੱਸਾ ਸੀ, ਅੱਜ ਇੱਕ ਅਜਿਹੀ ਜਗ੍ਹਾ ਬਣ ਚੁੱਕੀ ਹੈ ਜਿੱਥੇ ਹਰ ਪਲ ਮੌਤ ਦਾ ਡਰ ਮੰਡਰਾਉਂਦਾ ਹੈ। ਇਜ਼ਰਾਇਲ ਅਤੇ ਹਮਾਸ ਦਰਮਿਆਨ 2023 ਵਿੱਚ ਸ਼ੁਰੂ ਹੋਇਆ ਇਹ ਸੰਘਰਸ਼ 2024-2025 ਤੱਕ ਇੱਕ ਭਿਆਨਕ ਰੂਪ ਧਾਰਨ ਕਰ ਚੁੱਕਿਆ ਹੈ। ਇਸ ਜੰਗ ਨੇ ਨਾ ਸਿਰਫ਼ ਗ਼ਾਜ਼ਾ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੱਤਾ, ਸਗੋਂ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਵੀ ਬਰਬਾਦ ਕਰ ਦਿੱਤਾ। ਸਭ ਤੋਂ ਦਰਦਨਾਕ ਗੱਲ ਇਹ ਹੈ ਕਿ ਇਸ ਜੰਗ ਦੀ ਸਭ ਤੋਂ ਵੱਡੀ ਕੀਮਤ ਮਾਸੂਮ ਬੱਚੇ ਚੁੱਕ ਰਹੇ ਹਨ, ਜਿਹੜੇ ਨਾ ਤਾਂ ਇਸ ਜੰਗ ਨੂੰ ਸਮਝਦੇ ਹਨ ਅਤੇ ਨਾ ਹੀ ਇਸ ਦਾ ਹਿੱਸਾ ਹਨ। ਮਨੁੱਖੀ ਅਧਿਕਾਰ ਸੰਗਠਨਾਂ ਅਤੇ ਅੰਤਰਰਾਸ਼ਟਰੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ, 7 ਅਕਤੂਬਰ 2023 ਨੂੰ ਹਮਾਸ ਦੇ ਇਜ਼ਰਾਇਲ 'ਤੇ ਹਮਲੇ ਤੋਂ ਬਾਅਦ ਸ਼ੁਰੂ ਹੋਈ ਇਸ ਜੰਗ ਵਿੱਚ ਹੁਣ ਤੱਕ 50,000 ਤੋਂ ਵੱਧ ਬੱਚੇ ਮਾਰੇ ਜਾ ਚੁੱਕੇ ਹਨ ਜਾਂ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਸੰਯੁਕਤ ਰਾਸ਼ਟਰ ਦੀ ਬਾਲ ਏਜੰਸੀ, ਯੂਨੀਸੇਫ਼, ਨੇ ਮਈ 2025 ਵਿੱਚ ਇੱਕ ਰਿਪੋਰਟ ਜਾਰੀ ਕਰਕੇ ਦੱਸਿਆ ਕਿ 18 ਮਾਰਚ 2025 ਨੂੰ ਯੁੱਧ ਵਿਰਾਮ ਦੀ ਸਮਾਪਤੀ ਤੋਂ ਬਾਅਦ ਗ਼ਾਜ਼ਾ ਵਿੱਚ 1,309 ਬੱਚਿਆਂ ਦੀ ਮੌਤ ਹੋਈ ਅਤੇ 3,738 ਜ਼ਖਮੀ ਹੋਏ ਸਨ। ਇਸ ਤੋਂ ਪਹਿਲਾਂ, 2023 ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ 12,000 ਤੋਂ ਵੱਧ ਬੱਚਿਆਂ ਦੀ ਮੌਤ ਹੋ ਚੁੱਕੀ ਸੀ। ਗ਼ਾਜ਼ਾ ਦੇ ਸਕੂਲ, ਹਸਪਤਾਲ ਅਤੇ ਸ਼ਰਨਾਰਥੀ ਕੈਂਪ ਵੀ ਹੁਣ ਸੁਰੱਖਿਅਤ ਨਹੀਂ ਰਹੇ। 10 ਜੁਲਾਈ 2025 ਨੂੰ ਦੀਰ ਅਲ-ਬਲਾਹ ਵਿੱਚ ਹੋਏ ਇਜ਼ਰਾਇਲੀ ਹਵਾਈ ਹਮਲੇ ਵਿੱਚ 8 ਬੱਚਿਆਂ ਸਮੇਤ 15 ਨਿਰਦੋਸ਼ ਲੋਕ ਮਾਰੇ ਗਏ ਸਨ। ਇਹ ਲੋਕ ਇੱਕ ਅਮਰੀਕੀ ਸਹਾਇਤਾ ਸਮੂਹ ਦੇ ਸਿਹਤ ਕਲੀਨਿਕ ਦੇ ਬਾਹਰ ਭੋਜਨ ਲੈਣ ਲਈ ਲਾਈਨ ਵਿੱਚ ਖੜ੍ਹੇ ਸਨ।

**ਇਜ਼ਰਾਇਲ ਦੀਆਂ ਕਾਰਵਾਈਆਂ: ਨਿਸ਼ਾਨਾ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ?**

ਇਜ਼ਰਾਇਲੀ ਫ਼ੌਜ ਨੇ ਇਹਨਾਂ ਹਮਲਿਆਂ ਦਾ ਬਚਾਅ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਹਮਾਸ ਦੇ ਇੱਕ ਲੜਾਕੂ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਨੇ 7 ਅਕਤੂਬਰ 2023 ਦੇ ਹਮਲੇ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਦੀਰ ਅਲ-ਬਲਾਹ ਹਮਲੇ ਦੀ ਜਾਂਚ ਕਰ ਰਹੇ ਹਨ ਅਤੇ ਨਾਗਰਿਕਾਂ ਨੂੰ ਹੋਏ ਨੁਕਸਾਨ ਦਾ ਅਫ਼ਸੋਸ ਜਤਾਉਂਦੇ ਹਨ। ਪਰ ਸਵਾਲ ਇਹ ਹੈ ਕਿ ਜੇਕਰ ਨਿਸ਼ਾਨਾ ਸਿਰਫ਼ ਹਮਾਸ ਦਾ ਲੜਾਕੂ ਸੀ, ਤਾਂ ਇੱਕ ਸਿਹਤ ਕਲੀਨਿਕ ਦੇ ਬਾਹਰ ਭੋਜਨ ਲਈ ਖੜ੍ਹੇ ਮਾਸੂਮ ਬੱਚਿਆਂ ਅਤੇ ਔਰਤਾਂ ਨੂੰ ਕਿਉਂ ਮਾਰਿਆ ਗਿਆ ?

ਮਨੁੱਖੀ ਅਧਿਕਾਰ ਸੰਗਠਨ, ਜਿਵੇਂ ਕਿ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ, ਨੇ ਇਜ਼ਰਾਇਲ ਦੀਆਂ ਕਾਰਵਾਈਆਂ ਨੂੰ 'ਮਨੁੱਖੀ ਅਧਿਕਾਰਾਂ ਦੀ ਉਲੰਘਣਾ' ਦੱਸਿਆ ਹੈ। ਉਨ੍ਹਾਂ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਜ਼ਰਾਇਲੀ (ਬਾਕੀ ਸਫ਼ਾ 30 'ਤੇ)

## ਕੀ ਕਹਿੰਦੀਆਂ ਹਨ ਅੰਤਰਰਾਸ਼ਟਰੀ ਅਖ਼ਬਾਰਾਂ ਦੀਆਂ ਰਿਪੋਰਟਾਂ ?



ਅੰਤਰਰਾਸ਼ਟਰੀ ਮੀਡੀਆ ਨੇ ਗ਼ਾਜ਼ਾ ਦੀ ਸਥਿਤੀ ਨੂੰ ਲਗਾਤਾਰ ਕਵਰ ਕੀਤਾ ਹੈ। ਅਲ-ਜਜ਼ੀਰਾ ਨੇ 30 ਜੂਨ 2025 ਨੂੰ ਰਿਪੋਰਟ ਕੀਤੀ ਕਿ ਇਜ਼ਰਾਇਲੀ ਫ਼ੌਜ ਦੇ ਮੁਖੀ ਬੈਂਜਾਮਿਨ ਨੇਤਨਯਾਹੂ ਦੇ ਹੁਕਮਾਂ 'ਤੇ ਗ਼ਾਜ਼ਾ 'ਤੇ ਹਮਲਿਆਂ ਵਿੱਚ 81 ਫ਼ਲਸਤੀਨੀ ਮਾਰੇ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਸੀ। ਬੀ.ਬੀ.ਸੀ. ਨੇ ਆਪਣੀ ਇੱਕ ਰਿਪੋਰਟ ਵਿੱਚ ਦੱਸਿਆ ਕਿ ਗ਼ਾਜ਼ਾ ਦੇ ਹਸਪਤਾਲਾਂ ਵਿੱਚ ਬਿਜਲੀ, ਬਾਲਣ ਅਤੇ ਮੈਡੀਕਲ ਸਪਲਾਈ ਦੀ ਘਾਟ ਕਾਰਨ ਜ਼ਖਮੀ ਬੱਚਿਆਂ ਦਾ ਇਲਾਜ ਨਹੀਂ ਹੋ ਰਿਹਾ।

ਦ ਗਾਰਡੀਅਨ ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ ਕਿ ਗ਼ਾਜ਼ਾ ਵਿੱਚ 'ਮਨੁੱਖੀ ਸੰਕਟ' ਅਜਿਹੇ ਪੱਧਰ 'ਤੇ ਪਹੁੰਚ ਚੁੱਕਾ ਹੈ ਕਿ ਹੁਣ ਲੋਕਾਂ ਨੂੰ ਭੋਜਨ, ਪਾਣੀ ਅਤੇ ਸੁਰੱਖਿਅਤ ਰਹਿਣ ਦੀ ਜਗ੍ਹਾ ਵੀ ਨਹੀਂ ਮਿਲ ਰਹੀ। ਅਖ਼ਬਾਰ ਨੇ ਇਹ ਵੀ ਜ਼ਿਕਰ ਕੀਤਾ ਕਿ ਇਜ਼ਰਾਇਲ ਦੀਆਂ ਹਵਾਈ ਕਾਰਵਾਈਆਂ ਨੇ ਗ਼ਾਜ਼ਾ ਦੇ ਸਕੂਲਾਂ ਨੂੰ ਤਬਾਹ ਕਰ ਦਿੱਤਾ, ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਪੂਰੀ ਤਰ੍ਹਾਂ ਠੱਪ ਹੋ ਚੁੱਕੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਗ਼ਾਜ਼ਾ ਦੀ ਸਥਿਤੀ ਨੂੰ 'ਮਨੁੱਖਤਾ ਵਿਰੁੱਧ ਅਪਰਾਧ' ਦੱਸਿਆ ਹੈ।

(ਬਾਕੀ ਸਫ਼ਾ 30 'ਤੇ)



# ਬਰਸਾਤਾਂ ਸਮੇਂ ਪੰਜਾਬ ਦੇ ਲੋਕਾਂ ਦੀ ਤ੍ਰਾਸਦੀ

## ਲੋਕ ਪ੍ਰੇਸ਼ਾਨ, ਸਰਕਾਰਾਂ ਜਾਣ ਕੇ ਵੀ ਅਣਜਾਣ

## 'ਕਾਰ ਸੇਵਾ' ਰਾਹੀਂ ਕੀਤੀ ਜਾਵੇ ਬਰਸਾਤੀ ਪਾਣੀ ਦੀ ਸੰਭਾਲ




**ਪੰਜਾਬ 'ਚ ਮਾਨਸੂਨ ਦੇ ਭਰਵੇਂ ਮੀਂਹਾਂ ਕਾਰਨ ਹਰ ਪਾਸੇ ਜਲ- ਥਲ ਹੋਈ ਪਈ ਹੈ, ਜਿਸ ਕਰਕੇ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ, ਦੂਜੇ ਪਾਸੇ ਪੰਜਾਬ ਦੇ ਕਈ ਸ਼ਹਿਰੀ ਇਲਾਕਿਆਂ 'ਚ ਹਰ ਸਾਲ ਗਰਮੀਆਂ ਦੇ ਮੌਸਮ ਦੌਰਾਨ ਪੀਣ ਵਾਲੇ ਸ਼ੁੱਧ ਪਾਣੀ ਦੀ ਵੀ ਘਾਟ ਆ ਜਾਂਦੀ ਹੈ। ਇਹ ਦੋਵੇਂ ਗੱਲਾਂ ਭਾਵੇਂ ਆਪਾ ਵਿਰੋਧੀ ਹਨ ਪਰ ਇਹ ਦੋਵੇਂ ਗੱਲਾਂ ਵੱਡਾ ਮਹੱਤਵ ਰੱਖਦੀਆਂ ਹਨ। ਏਨੇ ਸਾਲਾਂ ਤੋਂ ਆ ਰਹੇ ਹੜ੍ਹਾਂ ਨੂੰ ਰੋਕਣ ਲਈ ਪੰਜਾਬ 'ਚ ਅਜੇ ਤਕ ਕੋਈ ਮਜ਼ਬੂਤ ਅਤੇ ਠੋਸ ਉਪਰਾਲੇ ਨਹੀਂ ਕੀਤੇ ਗਏ, ਦੂਜੇ ਪਾਸੇ ਗਰਮੀਆਂ ਦੌਰਾਨ ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ ਪੀਣ ਵਾਲੇ ਸ਼ੁੱਧ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਵੀ ਉਪਰਾਲਿਆਂ ਦੀ ਘਾਟ ਹੈ। ਇਸ ਲਈ ਪੰਜਾਬ ਵਿੱਚ ਹੜ੍ਹਾਂ ਤੋਂ ਬਚਾਓ ਦੇ ਪੁਖ਼ਤਾ ਪ੍ਰਬੰਧ ਅਤੇ ਬਰਸਾਤੀ ਪਾਣੀ ਦੀ ਨਿਕਾਸੀ, ਸੰਭਾਲ ਅਤੇ ਯੋਗ ਵਰਤੋ ਸਮੇਂ ਦੀ ਮੁੱਖ ਲੋੜ ਹਨ, ਉਥੇ ਗਰਮੀਆਂ ਦੇ ਮੌਸਮ ਦੌਰਾਨ ਪੰਜਾਬ ਦੇ ਕਈ ਸ਼ਹਿਰਾਂ 'ਚ ਆਉਂਦੀ ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ ਦੂਰ ਕਰਨਾ ਵੀ ਮੁੱਖ ਲੋੜ ਹੈ।**



ਪੰਜ ਦਰਿਆਵਾਂ ਸਤਲੁਜ, ਬਿਆਸ, ਰਾਵੀ, ਜਿਹਲਮ, ਚਨਾਬ (ਝਨਾਂ) ਕਰਕੇ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਭਾਵੇਂ ਕਿ ਮੌਜੂਦਾ ਭਾਰਤੀ ਪੰਜਾਬ ਵਿੱਚ ਸਿਰਫ਼ ਦੋ ਦਰਿਆ ਸਤਲੁਜ ਅਤੇ ਬਿਆਸ ਰਹਿ ਗਏ ਹਨ ਅਤੇ ਰਾਵੀ ਦਰਿਆ ਦਾ ਕੁਝ ਹਿੱਸਾ ਹੀ ਪੰਜਾਬ ਵਿੱਚ ਹੈ। ਇਸ ਦੇ ਬਾਵਜੂਦ ਪੰਜਾਬ ਵਿੱਚ ਘੱਗਰ ਨਦੀ ਸਮੇਤ ਅਨੇਕਾਂ ਹੀ ਬਰਸਾਤੀ ਨਦੀਆਂ, ਚੋਅ ਅਤੇ ਪਾਣੀ ਦੇ ਹੋਰ ਕੁਦਰਤੀ ਸੋਮੇ ਹਨ। ਇਹ ਸਤਰਾਂ ਲਿਖਣ ਵੇਲੇ ਪੰਜਾਬ ਦੇ ਦਰਿਆ, ਨਦੀਆਂ, ਬਰਸਾਤੀ ਚੋਅ, ਬਰਸਾਤੀ ਨਾਲੇ, ਡ੍ਰੇਨਾਂ ਬਰਸਾਤ ਦੇ ਪਾਣੀ ਨਾਲ ਉੱਛਲ ਰਹੇ ਹਨ ਅਤੇ ਜੀਵਨ ਦਾਨ ਦੇਣ ਵਾਲਾ ਪਾਣੀ ਇਸ ਸਮੇਂ ਪੰਜਾਬ ਦੇ ਲੋਕਾਂ ਲਈ ਵੱਡੀ ਆਫ਼ਤ ਬਣਿਆ ਹੋਇਆ ਹੈ। ਕਈ ਇਲਾਕਿਆਂ 'ਚ ਬਰਸਾਤ ਦੇ ਪਾਣੀ ਵਿੱਚ ਜਿਥੇ ਖੇਤ ਤੇ ਫਸਲਾਂ ਡੁੱਬ ਗਈਆਂ ਹਨ, ਉਥੇ ਕਈ ਰਿਹਾਇਸ਼ੀ ਇਲਾਕੇ ਵੀ ਬਰਸਾਤੀ ਪਾਣੀ ਅਤੇ ਪਹਾੜਾਂ ਤੋਂ ਆਉਣ ਵਾਲੇ ਪਾਣੀ ਦੀ ਮਾਰ ਹੇਠ ਆ ਗਏ ਹਨ। ਪੰਜਾਬ ਦੀ ਮੌਜੂਦਾ ਸਥਿਤੀ ਤੋਂ ਪਤਾ ਚਲ ਜਾਂਦਾ ਹੈ ਕਿ ਅਨੇਕਾਂ ਵਾਰ ਹੜ੍ਹਾਂ ਦੀ ਮਾਰ ਝੱਲ ਚੁੱਕੇ ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਦੇ ਸਰਕਾਰੀ ਪ੍ਰਬੰਧ ਕਿੰਨੇ ਕੁ ਮਜ਼ਬੂਤ ਹਨ।

ਅੱਜ ਦਾ ਮਨੁੱਖ ਭਾਵੇਂ ਉੱਚ ਪੱਧਰੀ ਵਿਗਿਆਨਕ ਯੁੱਗ ਅਤੇ ਆਧੁਨਿਕ ਉੱਚ ਪੱਧਰੀ ਤਕਨੀਕ ਨਾਲ ਲੈਸ ਮਸ਼ੀਨੀ ਯੁੱਗ ਵਿੱਚ ਰਹਿ ਰਿਹਾ ਹੈ, ਪਰ ਇਸ ਦੇ ਬਾਵਜੂਦ ਇਹ ਅਟੱਲ ਸੱਚਾਈ ਹੈ ਕਿ ਇਸ ਸਭ ਦੇ ਬਾਵਜੂਦ ਪਾਣੀ ਬਿਨਾਂ ਮਨੁੱਖੀ ਸੱਭਿਅਤਾ ਦਾ ਵਜੂਦ ਹੀ ਸੰਭਵ ਨਹੀਂ ਹੈ। ਅਸਲ ਵਿੱਚ ਦੁਨੀਆ ਭਰ ਦੇ ਵਿਗਿਆਨੀਆਂ ਲਈ ਪਾਣੀ ਦਾ ਵਿਕਲਪ ਖੋਜਣਾਂ ਇੱਕ ਰਹੱਸ ਹੀ ਅਜੇ ਤਕ ਬਣਿਆ ਹੋਇਆ ਹੈ, ਜਿਸ ਕਾਰਨ



ਪਾਣੀ ਦੀ ਮਹੱਤਤਾ ਮਨੁੱਖੀ ਜੀਵਨ ਵਿੱਚ ਸਦੀਆਂ ਪਹਿਲਾਂ ਵਾਂਗ ਹੁਣ ਵੀ ਬਣੀ ਹੋਈ ਹੈ।

ਇਤਿਹਾਸ ਗਵਾਹ ਹੈ ਕਿ ਸਦੀਆਂ ਪਹਿਲਾਂ ਪੁਰਾਤਨ ਮਨੁੱਖੀ ਸੱਭਿਅਤਾਵਾਂ ਦਾ ਜਨਮ ਪਾਣੀ ਭਾਵ ਜਲ ਸੋਮਿਆਂ-ਦਰਿਆਵਾਂ ਕਿਨਾਰੇ ਹੀ ਹੋਇਆ ਅਤੇ ਸਦੀਆਂ ਪਹਿਲਾਂ ਕੁਦਰਤੀ ਜਲ ਸੋਮਿਆਂ ਨੇ ਹੀ ਮਨੁੱਖ ਨੂੰ ਜੀਵਨ ਦਾਨ ਦਿੱਤਾ ਪਰ ਸਿਤਮਜਰੀਫੀ ਵੇਖੋ ਕਿ ਕੁਦਰਤੀ ਜਲ ਸੋਮਿਆਂ ਨੇ ਜਿਹੜੇ ਮਨੁੱਖ ਨੂੰ ਜੀਵਨ ਦਾਨ ਦਿੱਤਾ, ਅੱਜ ਉਸੇ ਮਨੁੱਖ ਦੀਆਂ ਖ਼ੁਦਗਰਜ਼ਾਂ ਅਤੇ ਲਾਲਚ ਕਾਰਨ ਇਹਨਾਂ ਕੁਦਰਤੀ ਜਲ ਸੋਮਿਆਂ ਦਾ ਖੁਦ ਦਾ ਜੀਵਨ ਅਤੇ ਵਜੂਦ ਹੀ ਖ਼ਤਰੇ ਵਿੱਚ ਹੈ। ਸਿਰਫ਼ ਜਲ ਹੀ ਨਹੀਂ ਸਗੋਂ ਸਾਡੇ ਜੰਗਲ ਅਤੇ ਜ਼ਮੀਨ ਵੀ ਮਨੁੱਖ ਦੀ ਲਾਲਚੀ ਪ੍ਰਵਿਰਤੀ ਦੀ ਭੇਂਟ ਚੜ੍ਹਦੇ ਜਾ ਰਹੇ ਹਨ, ਜਿਸ ਕਾਰਨ ਸਭ ਤੋਂ ਵੱਡਾ ਖਤਰਾ ਖੁਦ ਮਨੁੱਖ ਲਈ ਹੀ ਪੈਦਾ ਹੋ ਰਿਹਾ ਹੈ, ਇਸ ਤਰਾਂ ਜਲ, ਜੰਗਲ ਅਤੇ ਜ਼ਮੀਨ ਦੀ ਸੰਭਾਲ ਨਾ ਕਰਕੇ ਮਨੁੱਖ ਖੁਦ ਆਪਣੇ ਪੈਰਾਂ ਉਪਰ ਕੁਹਾੜੀ ਮਾਰ ਰਿਹਾ ਹੈ। ਦੂਜੇ ਪਾਸੇ ਕੁਦਰਤੀ ਜਲ ਸੋਮਿਆਂ ਦੀ ਸਹੀ ਤਰੀਕੇ ਨਾਲ ਦੇਖ-ਭਾਲ ਨਾ ਕਰਨ ਅਤੇ ਹੜ੍ਹਾਂ ਤੋਂ ਬਚਾਓ ਲਈ ਢੁਕਵੇਂ ਪ੍ਰਬੰਧ ਨਾ ਕਰਨ, ਬਰਸਾਤੀ ਪਾਣੀ ਦੀ ਸੰਭਾਲ ਨਾ ਕਰਨ ਕਾਰਨ ਇਸ ਸਮੇਂ ਪੰਜਾਬ ਫਿਰ ਹੜ੍ਹਾਂ ਦੀ ਕਰੋਪੀ ਦਾ ਸਾਹਮਣਾ ਕਰ ਰਿਹਾ ਹੈ।

ਅਸਲ ਵਿੱਚ ਵਿਗਿਆਨ ਅਤੇ ਮਨੁੱਖੀ ਵਿਕਾਸ ਦੇ ਨਾਂਅ ਹੇਠ ਪਾਣੀ ਦੇ ਕੁਦਰਤੀ ਜਲ ਸੋਮਿਆਂ ਨੂੰ ਖੁਦ ਮਨੁੱਖ ਵਲੋਂ ਹੀ ਪਿਛਲੇ ਸਮੇਂ ਤੋਂ ਤਬਾਹ ਕੀਤਾ ਜਾ ਰਿਹਾ ਹੈ। ਨਦੀਆਂ ਅਤੇ ਦਰਿਆਵਾਂ ਦੇ ਨਿਰਮਲ ਵਹਿੰਦੇ ਪਾਣੀ ਉਪਰ ਬੰਨ੍ਹ ਮਾਰ ਕੇ ਇਸ ਪਾਣੀ ਦਾ ਕੁਦਰਤੀ ਵਹਾਓ ਭਾਵ ਰਾਹ ਮਨੁੱਖ ਨੇ ਰੋਕਿਆ, ਫਿਰ ਇਸ ਪਾਣੀ ਨੂੰ ਬੋਤਲਾਂ ਵਿੱਚ ਭਰ ਕੇ ਮੁੱਲ ਵੇਚਿਆ ਜਾ ਰਿਹਾ ਹੈ। ਇਸ ਤਰ੍ਹਾਂ ਮਨੁੱਖ ਦੇ ਵਪਾਰਕ ਲਾਲਚ ਨੇ ਨਦੀਆਂ ਅਤੇ ਦਰਿਆਵਾਂ ਦੇ ਪਵਿੱਤਰ ਪਾਣੀ ਦਾ ਬੋਤਲਬੰਦ ਵਪਾਰੀਕਰਨ ਕਰ ਦਿੱਤਾ, ਇਸ ਦੇ ਨਾਲ ਹੀ ਨਦੀਆਂ -ਦਰਿਆਵਾਂ ਵਿਚੋਂ ਨਹਿਰਾਂ, ਰਜਵਾਹੇ, ਕੱਸੀਆਂ ਕੱਢ ਕੇ ਮਨੁੱਖ ਦੀ ਘਰ-ਘਰ ਤਕ ਪਾਈਪਾਂ ਰਾਹੀਂ ਪਾਣੀ ਪਹੁੰਚਾਉਣ ਦੀ ਜਿੱਦ ਨੇ ਸਰਕਾਰੀ ਖ਼ਜ਼ਾਨਾ ਅਤੇ ਵਪਾਰੀਆਂ ਦੀਆਂ ਜੇਬਾਂ ਨੂੰ ਤਾਂ ਭਰ ਦਿੱਤਾ ਪਰ ਇਸ ਸਭ ਕੁਝ ਵਿੱਚ ਪਾਣੀ ਦੀ ਬਰਬਾਦੀ ਵੀ ਹੋਈ ਅਤੇ ਪਾਣੀ ਵਿੱਚ ਵੱਡੀ ਪੱਧਰ 'ਤੇ ਪ੍ਰਦੂਸ਼ਣ ਵੀ ਪੈਦਾ ਹੋਇਆ।

ਮਨੁੱਖ ਵੱਲੋਂ ਤਰੱਕੀ ਦੀ ਆੜ ਵਿੱਚ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਅੱਜ ਮੌਸਮ ਚੱਕਰ, ਰੁੱਤਾਂ, ਜਲਵਾਯੂ, ਮਾਨਸੂਨ, ਬਰਸਾਤ, ਗਰਮੀ, ਸਰਦੀ ਸਭ ਗੜਬੜਾ ਗਏ ਹਨ, ਜਿਸ ਦਾ ਸਿੱਧਾ ਅਸਲ ਖੁਦ ਮਨੁੱਖ ਉਪਰ ਹੀ ਪੈ ਰਿਹਾ ਹੈ।

ਅਸਲ ਵਿੱਚ ਹੁਣ ਵੇਲਾ ਸਿਰਫ਼ ਗੱਲਾਂ ਕਰਨ ਦਾ ਨਹੀਂ ਸਗੋਂ ਪਾਣੀ ਬਚਾਉਣ ਅਤੇ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਲਈ ਠੋਸ ਉਪਰਾਲੇ ਕਰਨ ਦਾ ਹੈ। ਇਸ ਸਭ ਲਈ



ਸਾਨੂੰ ਖੁਦ ਤੋਂ ਪਹਿਲ ਕਰਨੀ ਚਾਹੀਦੀ ਹੈ ਅਤੇ ਹਰ ਵਿਅਕਤੀ ਨੂੰ ਖੁਦ ਪਾਣੀ ਦੀ ਸੰਭਾਲ ਕਰਨ ਅਤੇ ਬਰਬਾਦੀ ਰੋਕਣ, ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਅਤੇ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਅਤੇ ਹੜ੍ਹਾਂ ਤੋਂ ਬਚਾਓ ਲਈ ਠੋਸ ਅਤੇ ਅਸਰਦਾਇਕ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਅਤੇ ਹਰ ਨਵੀਂ ਉਸਾਰੀ ਮੌਕੇ ਇਹ ਸ਼ਰਤ ਲਗਾ ਦੇਣੀ ਚਾਹੀਦੀ ਹੈ ਕਿ ਉਥੇ ਬਰਸਾਤੀ ਪਾਣੀ ਦੀ ਧਰਤੀ ਹੇਠਾਂ ਨਿਕਾਸੀ ਯਕੀਨੀ ਹੋਵੇ। ਸਦੀਆਂ ਤੋਂ ਮਨੁੱਖੀ ਸੱਭਿਅਤਾ ਨੂੰ ਜੀਵਨ ਦਾਨ ਦੇਣ ਵਾਲੇ ਕੁਦਰਤੀ ਜਲ ਸੋਮਿਆਂ ਨੂੰ ਜੀਵਨ ਦਾਨ ਦੇਣਾ ਹੁਣ ਹਰ ਮਨੁੱਖ ਦਾ ਫਰਜ਼ ਹੈ , ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣ ਲਈ ਵੀ ਮਨੁੱਖ ਨੂੰ ਤਿਆਰ ਰਹਿਣਾ ਚਾਹੀਦਾ ਹੈ। ਇਸ ਸਮੇਂ ਪੰਜਾਬ ਵਿੱਚ ਬਰਸਾਤੀ ਪਾਣੀ ਵੱਡੀ ਆਫ਼ਤ ਬਣਿਆ ਹੈ, ਇਸ ਸਥਿਤੀ ਨੂੰ ਮੁੱਖ ਰਖਦਿਆਂ ਪੰਜਾਬ ਵਿੱਚ ਸਰਕਾਰੀ, ਗ਼ੈਰਸਰਕਾਰੀ ਪੱਧਰ 'ਤੇ ਹੜ੍ਹਾਂ ਤੋਂ ਬਚਾਓ ਅਤੇ ਬਰਸਾਤੀ ਪਾਣੀ ਦੀ ਸੰਭਾਲ ਲਈ ਵੱਡੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਬਰਸਾਤੀ ਪਾਣੀ ਕਾਰਨ ਹੜ੍ਹਾਂ ਵਰਗੀ ਸਥਿਤੀ ਨਾ ਬਣ ਸਕੇ। ਇਸ ਤੋਂ ਇਲਾਵਾ ਬਰਸਾਤੀ ਪਾਣੀ ਦੀ ਸੰਭਾਲ ਲਈ 'ਕਾਰ ਸੇਵਾ' ਵੀ ਕੀਤੀ ਜਾ ਸਕਦੀ ਹੈ ਤਾਂ ਕਿ ਇਹ ਬਰਸਾਤੀ ਪਾਣੀ ਹੜ੍ਹਾਂ ਦੇ ਰੂਪ ਵਿੱਚ ਤਬਾਹੀ ਨਾ ਮਚਾ ਸਕੇ।





# ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਅਜੋਕੇ ਯੁੱਗ ਵਿੱਚ ਭੂਮਿਕਾ

ਸੁਖਵਿੰਦਰ ਕੌਰ



ਸਮੇਂ-ਸਮੇਂ 'ਤੇ ਤਕਨੀਕ ਵਿੱਚ ਬਦਲਾਅ ਆਉਂਦਾ ਰਹਿੰਦਾ ਹੈ। ਜਦੋਂ ਭਾਰਤ ਦੀ ਆਜ਼ਾਦੀ ਤੋਂ ਬਾਅਦ 1950 'ਚ ਹਰੀ ਕ੍ਰਾਂਤੀ ਦੇ ਨਾਂਅ ਨਾਲ ਨਵੀਂ ਖੇਤੀ ਤਕਨੀਕ ਆਈ ਤਾਂ ਕਿਸਾਨਾਂ ਨੂੰ ਦੱਸਿਆ ਗਿਆ ਕਿ ਕਿਸ ਤਰ੍ਹਾਂ ਉਹ ਆਪਣੀਆਂ ਫਸਲਾਂ ਦੀ ਪੈਦਾਵਾਰ ਵਧਾ ਸਕਦੇ ਹਨ। ਆਮ ਕਰਕੇ ਲੋਕ ਦੋ ਤਰ੍ਹਾਂ ਦੇ ਹੁੰਦੇ ਹਨ, ਪਹਿਲੇ ਕੋਈ ਵੀ ਨਵੀਂ ਤਕਨੀਕ ਆਉਣ 'ਤੇ ਉਸ ਬਾਰੇ ਜਾਣਕਾਰੀ ਲਏ ਬਗੈਰ ਉਸ ਨੂੰ ਲਾਗੂ ਕਰਨ ਲੱਗ ਪੈਂਦੇ ਹਨ। ਜਦਕਿ ਦੂਜੇ ਲੋਕ ਉਕਤ ਤਕਨੀਕ ਦੇ ਲਾਭ ਨੁਕਸਾਨ ਬਾਰੇ ਜਾਣ ਕੇ ਉਸ ਨੂੰ ਅਪਣਾਉਂਦੇ ਹਨ। ਅਜਿਹੇ ਲੋਕਾਂ ਨੇ ਹਰੀ ਕ੍ਰਾਂਤੀ ਤਕਨੀਕ ਨਾਲ ਹੋਣ ਵਾਲੇ ਬਦਲਾਅ ਤੇ ਹਾਈਬ੍ਰਿਡ ਬੀਜਾਂ ਨਾਲ ਵਧੀਆ ਪੈਦਾਵਾਰ ਲੈਣ ਲਈ ਪਹਿਲਾਂ ਬੀਜਾਂ ਤੇ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਬਾਰੇ ਪੂਰੀ ਜਾਣਕਾਰੀ ਲੈ ਕੇ ਖੇਤੀ ਸ਼ੁਰੂ ਕੀਤੀ। ਨਤੀਜੇ ਵਜੋਂ ਹਰੀ ਕ੍ਰਾਂਤੀ ਤਕਨੀਕ ਬਾਰੇ ਪੂਰੀ ਜਾਣਕਾਰੀ ਲੈ ਕੇ ਫਸਲਾਂ ਬੀਜਣ ਵਾਲੇ ਦੂਜੇ ਗਰੁੱਪ ਦੀਆਂ ਫਸਲਾਂ ਦੀ ਪੈਦਾਵਾਰ ਬਹੁਤ ਚੰਗੀ ਹੋਈ, ਜਦਕਿ ਪਹਿਲੇ ਗਰੁੱਪ ਨੂੰ ਆਰੰਭ ਵਿੱਚ ਬਹੁਤਾ ਲਾਭ ਨਾ ਹੋਇਆ। ਕੋਈ ਵੀ ਨਵੀਂ ਤਕਨੀਕ ਅਪਣਾਉਣ ਤੋਂ ਪਹਿਲਾਂ ਉਸ ਬਾਰੇ ਸਾਨੂੰ ਚੰਗੀ ਤਰ੍ਹਾਂ ਜਾਣਕਾਰੀ ਹੋਣੀ ਜ਼ਰੂਰੀ ਹੈ।

ਅੱਜ ਦਾ ਨਵਾਂ ਦੌਰ ਮਸਨੂਈ ਬੁੱਧੀ (ਆਰਟੀਫਿਸ਼ਅਲ ਇੰਟੈਲੀਜੈਂਸ- ਏ.ਆਈ.) ਦਾ ਯੁੱਗ ਹੈ। ਇਸ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ। ਇਸ ਬਾਰੇ ਵੀ ਦੋ ਤਰ੍ਹਾਂ ਦੇ ਗਰੁੱਪ ਦੇਖਣ ਨੂੰ ਮਿਲ ਰਹੇ ਹਨ। ਇੱਕ ਗਰੁੱਪ ਨੂੰ ਲੱਗਦਾ ਹੈ ਕਿ ਏ.ਆਈ. ਉਨ੍ਹਾਂ ਦੀਆਂ ਨੌਕਰੀਆਂ ਖੋਹ ਲਵੇਗੀ ਅਤੇ ਇਹ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋਵੇਗੀ। ਜਦਕਿ ਦੂਸਰੇ ਗਰੁੱਪ ਅਨੁਸਾਰ ਏ.ਆਈ. ਉਨ੍ਹਾਂ ਦੇ ਭਵਿੱਖ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਹੁਣ ਅਸੀਂ ਏ. ਆਈ. ਤਕਨੀਕ ਬਾਰੇ ਫ਼ੈਸਲਾ ਲੈਣਾ ਹੈ ਕਿ ਕੀ ਅਸੀਂ ਪਹਿਲੇ ਗਰੁੱਪ ਜਾਂ ਦੂਜੇ ਗਰੁੱਪ ਵਿੱਚ ਸ਼ਾਮਿਲ ਹੋਣਾ ਹੈ। ਸਾਨੂੰ ਏ.ਆਈ. ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਇਸ ਰਾਹੀਂ ਭਵਿੱਖ ਵਿੱਚ ਰੁਜ਼ਗਾਰ ਦੇ ਮੌਕੇ ਮਿਲਣਗੇ ਜਾਂ ਨਹੀਂ। ਆਓ ਜਾਣੀਏ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਹੈ ਕੀ?

ਏ.ਆਈ. ਵਿੱਚ ਕੀ ਕੁਝ ਪੜਨਾ ਹੈ, ਕਿਹੜੇ ਪ੍ਰੋਜੈਕਟ ਕਰਨੇ ਹਨ ਅਤੇ ਇਸ ਨੂੰ ਕਿਸ ਤਰ੍ਹਾਂ ਲਾਗੂ ਕਰਨਾ ਹੈ? ਇਸ ਲਈ ਏ.ਆਈ. ਨੂੰ ਚੰਗੀ ਤਰ੍ਹਾਂ ਸਮਝਣ ਲਈ ਦੂਜੇ ਗਰੁੱਪ ਵਿੱਚ ਸ਼ਾਮਿਲ ਹੋਣਾ ਪਵੇਗਾ, ਤਾਂ ਕਿ ਅਸੀਂ ਸਮੇਂ ਦੇ ਹਾਣ ਦੇ ਹੋ ਕੇ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਸੌਖੇ ਤਰੀਕੇ ਨਾਲ ਹੱਲ ਕਰਕੇ ਆਪਣੇ ਲਈ ਰੁਜ਼ਗਾਰ ਦੇ ਤਰੀਕੇ ਲੱਭ ਸਕੀਏ। ਜਦੋਂ ਵੀ ਕੋਈ ਨਵੀਂ ਤਕਨੀਕ ਆਉਂਦੀ ਹੈ ਤਾਂ ਅਕਸਰ ਉਕਤ ਤਕਨੀਕ ਨੂੰ ਬਣਾਉਣ ਵਾਲਿਆਂ ਨਾਲੋਂ ਜ਼ਿਆਦਾ ਉਸ ਨੂੰ ਵਰਤਣ ਵਾਲਿਆਂ ਨੂੰ ਫਾਇਦਾ ਹੋਇਆ ਹੈ। ਫਰਿੱਜ ਬਣਾਉਣ ਵਾਲੀ ਕੰਪਨੀ ਨਾਲੋਂ ਫਰਿੱਜ ਨੂੰ ਵਰਤਣ ਵਾਲਿਆਂ ਨੇ ਜ਼ਿਆਦਾ ਫਾਇਦਾ ਉਠਾਇਆ ਹੈ, ਜਿਵੇਂ- ਆਈਸਕ੍ਰੀਮ, ਕੋਲਡ ਡਰਿੰਕ ਕੰਪਨੀਆਂ ਤੇ ਹੋਟਲ ਵਾਲਿਆਂ ਆਦਿ ਵੱਲੋਂ। ਇਸੇ ਤਰ੍ਹਾਂ ਜਦੋਂ ਇੰਟਰਨੈੱਟ ਆਇਆ ਸੀ ਤਾਂ ਇਸ ਨੂੰ ਬਣਾਉਣ ਵਾਲੀ ਭਾਵੇਂ ਅਮਰੀਕਾ ਦੀ ਸਰਕਾਰ ਸੀ, ਪਰ ਇਸ ਦਾ ਸਭ ਤੋਂ ਜ਼ਿਆਦਾ ਲਾਭ ਗੂਗਲ, ਫੇਸਬੁੱਕ ਤੇ ਐਮਾਜ਼ੋਨ ਵਰਗੀਆਂ ਈ-ਕਾਮਰਸ ਸਾਈਟਾਂ ਨੇ ਉਠਾਇਆ ਹੈ। ਭਾਵੇਂ ਹਵਾਈ ਜਹਾਜ਼ ਰਾਈਟ ਭਰਾਵਾਂ ਨੇ ਬਣਾਇਆ, ਪਰ ਉਨ੍ਹਾਂ ਤੋਂ ਕਿਤੇ ਜ਼ਿਆਦਾ ਕਮਾਈ ਬਾਅਦ ਵਿੱਚ ਹਵਾਈ ਜਹਾਜ਼ ਕੰਪਨੀਆਂ ਨੇ ਕੀਤੀ ਹੈ। ਇਸ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਹੋਂਦ ਵਿੱਚ ਆਉਣ 75 ਸਾਲ ਲੱਗੇ ਹਨ। ਜਿਸ ਤਰ੍ਹਾਂ ਕੋਈ ਮਨੁੱਖ ਗੱਲਬਾਤ ਸੁਣ, ਦੇਖ ਤੇ ਮਹਿਸੂਸ ਵੀ ਕਰ ਸਕਦਾ ਹੈ, ਇਸੇ ਤਰ੍ਹਾਂ ਏ.ਆਈ. ਨੇ ਰਬੋਟ ਨੂੰ ਮਨੁੱਖ ਦੀ ਹੂ-ਬ-ਹੂ ਨਕਲ ਕਰਕੇ ਤਿਆਰ ਕਰ ਦਿੱਤਾ ਹੈ।

ਏ.ਆਈ. ਦੀ ਸ਼ੁਰੂਆਤ 1950 ਵਿੱਚ ਹੋਈ, ਜਦੋਂ ਐਲਨ ਟਿਊਰਿੰਗ ਨੇ ਇੱਕ ਪੇਪਰ ਪਬਲਿਸ਼ ਕੀਤਾ, ਜਿਸ ਵਿੱਚ ਉਸ ਨੇ ਕੰਪਿਊਟਰ ਮਸ਼ੀਨਰੀ ਦੀ ਇੱਕ ਅਜਿਹੀ ਪ੍ਰਣਾਲੀ ਬਾਰੇ ਸੋਚਿਆ, ਜਿਸ ਦੀ ਆਪਣੀ ਹੀ ਬੁੱਧੀ ਹੋਵੇ। ਏ.ਆਈ. ਪਹਿਲੀ ਵਾਰ 1956 ਵਿੱਚ ਦੁਨੀਆ ਸਾਹਮਣੇ ਆਈ ਅਤੇ ਇਸ ਨੂੰ ਇਹ ਨਾਮ ਦੇਣ ਵਾਲਾ ਵਿਅਕਤੀ ਜੋਹਨ ਮੈਕਾਰਥੀ ਸੀ। ਸਭ ਤੋਂ ਪਹਿਲਾਂ ਏ.ਆਈ. ਵਿੱਚ ਅਲੀਜਾ ਨਾਮ ਦਾ ਚੈਟਬੋਟ ਸ਼ੁਰੂ ਹੋਇਆ, ਜੋ ਸਭ ਤੋਂ ਪਹਿਲਾ ਇੱਕ ਬੇਸਿਕ ਟੂਲ ਸੀ।


ਇਸ ਤੋਂ ਬਾਅਦ ਇੱਕ ਹੋਰ ਰੋਬੋਟ ਆਇਆ, ਜੋ ਬਿਲਕੁਲ ਮਨੁੱਖ ਦੀ ਤਰ੍ਹਾਂ ਹਰ ਮੁਸ਼ਕਿਲ ਦਾ ਹੱਲ ਕਰਦਾ ਸੀ। 1990 ਦੇ ਦਹਾਕੇ ਦੇ ਅੰਤ ਤੱਕ ਏ.ਆਈ. ਦੇ ਦੂਜੇ ਪੜਾਅ ਦੀ ਸ਼ੁਰੂਆਤ ਹੋਈ ਅਤੇ ਮਸ਼ੀਨ ਲਰਨਿੰਗ ਤੇ ਨਿਊਰਲ ਨੈੱਟਵਰਕ ਦਾ ਵਿਕਾਸ ਸ਼ੁਰੂ ਹੋਇਆ। ਏ.ਆਈ. ਦੇ ਇਤਿਹਾਸ ਵਿੱਚ 'ਡੀਪ ਬਲੂ ਬਨਾਮ ਗੈਰੀ ਕਾਸਪਾਰੋਬ (1997)' ਇੱਕ ਮਹੱਤਵਪੂਰਨ ਪਲ ਸੀ, ਜਦੋਂ ਆਈ.ਬੀ.ਐੱਮ. ਦੇ ਡੀਪ ਬਲੂ ਨੇ ਸ਼ਤਰੰਜ ਦੇ ਵਿਸ਼ਵ ਚੈਂਪੀਅਨ ਗੈਰੀ ਨੂੰ ਹਰਾਇਆ। ਏ.ਆਈ. ਵੱਲੋਂ 2010 ਤੋਂ ਬਾਅਦ ਡੀਪ ਲਰਨਿੰਗ, ਚੈਟਬੋਟ, ਪਰਸਨਲ ਅਸਿਸਟੈਂਟ ਦਾ ਨਵਾਂ ਰੂਪ ਲਾਗੂ ਕੀਤਾ ਗਿਆ। ਸੀਰੀ, ਅਲੈਕਸਾ, ਗੂਗਲ ਅਸਿਸਟੈਂਟ ਜਿਹੀਆਂ ਚੀਜ਼ਾਂ ਹੌਲੀ-ਹੌਲੀ ਵਿਕਸਿਤ ਹੋ ਗਈਆਂ। ਐਪਲ ਨੇ 2011 ਵਿੱਚ 'ਸੀਰੀ' ਦੀ ਲੋਕਾਂ ਨਾਲ ਜਾਣ ਪਛਾਣ ਕਰਵਾਈ ਅਤੇ ਐਮਾਜ਼ੋਨ ਨੇ 2014 ਵਿੱਚ ਲੋਕਾਂ ਨੂੰ 'ਅਲੈਕਸਾ' ਤੋਂ ਜਾਣੂ ਕਰਵਾਇਆ।

ਅੱਜ ਜਦੋਂ ਅਸੀਂ 2020 ਤੋਂ ਬਾਅਦ ਦੀ ਗੱਲ ਕਰਦੇ ਹਾਂ ਵੇਖਦੇ ਹਾਂ ਕਿ ਅਸੀਂ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਬਹੁਤ ਅੱਗੇ ਨਿਕਲ ਗਏ ਹਾਂ। ਜਿਸ ਤਰ੍ਹਾਂ ਡਰਾਈਵਰ ਤੋਂ ਬਗੈਰ ਕਾਰ ਚੱਲ ਰਹੀ ਹੈ, ਇਹ ਏ.ਆਈ. ਦਾ ਇੱਕ ਅਦਭੁੱਤ ਰੂਪ ਹੈ। ਏ.ਆਈ. ਵੱਲੋਂ ਚੈਟ ਜੀ.ਪੀ.ਟੀ. ਜਾਂ ਮਿਡ ਜਰਨੀ ਜਿਹੀਆਂ ਸਹੂਲਤਾਂ ਦਿੱਤੀਆਂ ਜਾ ਚੁੱਕੀਆਂ ਹਨ। ਉਹ ਦਿਨ ਦੂਰ ਨਹੀਂ, ਜਦੋਂ ਰੋਬੋਟ ਵੀ ਸਾਡੀ ਜ਼ਿੰਦਗੀ ਦਾ ਫੋਨ ਦੀ ਤਰ੍ਹਾਂ ਹਿੱਸਾ ਬਣ ਜਾਵੇਗਾ ਅਤੇ ਸਾਡੇ ਕੰਮਾਂ ਵਿੱਚ ਹੱਥ ਵਟਾ ਕੇ ਜ਼ਿੰਦਗੀ ਨੂੰ ਹੋਰ ਸੁਖਾਲੀ ਕਰ ਦੇਵੇਗਾ, ਪਰ ਸਾਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਸਾਰੇ ਟੂਲਜ਼ ਬਾਰੇ ਪੂਰੀ ਜਾਣਕਾਰੀ ਲੈ ਕੇ ਇਨ੍ਹਾਂ ਦੀ ਸਹੀ ਤਰੀਕੇ ਨਾਲ ਵਰਤੋਂ ਕਰਨੀ ਸਿੱਖਣੀ ਹੋਵੇਗੀ।

# ਮਾਰਕਸਵਾਦੀ ਆਲੋਚਨਾ ਨੇ ਸਾਹਿਤ ਦਾ ਨੁਕਸਾਨ ਕਿਵੇਂ ਕੀਤਾ ?



ਦੀਪ ਜਗਦੀਪ ਸਿੰਘ



ਸੰਸਾਰ ਸਾਹਿਤ ਦੇ ਮੁੱਢਲੇ ਦੌਰ ਵਿੱਚ ਸਾਹਿਤਕ ਆਲੋਚਨਾ ਸਿਰਫ਼ ਰਚਨਾ ਦੇ ਰੂਪ ਤੇ ਸ਼ੈਲੀ 'ਤੇ ਕੇਂਦਰਿਤ ਹੁੰਦੀ ਸੀ। ਆਲੋਚਨਾ ਇਹ ਦੱਸਦੀ ਕਿ ਲਿਖਤ ਕਿਹੋ ਜਿਹੀ ਹੈ, ਕਿੰਨੀ ਕਲਾਤਮਕ ਹੈ। ਕਲਾਤਮਕ ਹੈ ਵੀ ਜਾਂ ਨਹੀਂ। ਇਸ ਆਲੋਚਨਾ ਨੇ ਕਲਾਤਮਕ ਸਾਹਿਤਕਾਰਾਂ ਨੂੰ ਬਹੁਤ ਉਤਸ਼ਾਹਿਤ ਕੀਤਾ।

ਉਸ ਦੌਰ ਵਿੱਚ ਕਈ ਸ਼ਾਹਕਾਰ ਰਚਨਾਵਾਂ ਪ੍ਰਗਟ ਹੋਈਆਂ, ਜੋ ਅੱਜ ਸੰਸਾਰ ਸਾਹਿਤ ਦੇ ਇਤਿਹਾਸ ਵਿੱਚ ਕਲਾਸਿਕ ਸਾਹਿਤ ਦੇ ਰੂਪ ਵਿੱਚ ਜਾਣੀਆਂ-ਮਾਣੀਆਂ ਜਾਂਦੀਆਂ ਹਨ। ਇਹ ਸਿਰਫ਼ ਕਲਾਤਮਕ ਲਿਖਤਾਂ ਨਹੀਂ ਸਨ, ਇਹ ਵਿੱਚ ਅਣਗਿਣਤ ਮਨੁੱਖੀ, ਸਮਾਜਿਕ ਤੇ ਸੱਭਿਆਚਾਰਕ ਸਰੋਕਾਰ ਸ਼ਾਮਲ ਸਨ।

ਬਸਤੀਵਾਦ ਦੇ ਆਖ਼ਰੀ ਪੜਾਅ 'ਤੇ ਜਿੱਥੇ ਬਸਤੀਵਾਦ ਖ਼ਿਲਾਫ਼ ਰੋਹ ਖੜ੍ਹਾ ਹੋਇਆ, ਉੱਥੇ ਹੀ ਬਸਤੀਵਾਦੀ ਸਾਹਿਤਕ ਆਲੋਚਨਾ ਦਾ ਤਿੱਖਾ ਵਿਰੋਧ ਵੀ ਖੜ੍ਹਾ ਹੋਇਆ। ਇਸ ਵਿੱਚੋਂ ਉੱਤਰ-ਬਸਤੀਵਾਦੀ ਆਲੋਚਨਾ ਵੀ ਉਭਰੀ ਜੋ ਅੰਗਰੇਜ਼ਾਂ ਦੇ ਬਸਤੀਆਂ ਵਿੱਚੋਂ ਚਲੇ ਜਾਣ ਦੇ ਬਾਵਜੂਦ ਮਾਨਸਿਕਤਾ ਵਿੱਚ ਬਚੀ ਰਹਿ ਗਏ ਬਸਤੀਵਾਦ ਨੂੰ ਮਿਟਾਉਣ ਦੀ ਵੰਗਾਰ ਦਿੰਦੀ ਸੀ।

1960ਵਿਆਂ ਦੇ ਦੌਰ ਮਾਰਕਸਵਾਦੀ ਆਲੋਚਨਾ ਨੇ ਆਪਣੇ ਤੋਂ ਪਿਛਲੀ ਆਲੋਚਨਾ ਦੀ ਕਾਟ ਵੱਜੋਂ ਨਵਾਂ ਚਿੰਤਨ ਉਭਾਰਿਆ। ਉਂਝ ਤਾਂ ਰੂਸੀ ਰੂਪਵਾਦ ਦਾ ਉਭਾਰ ਵੀ ਰੂਸ ਵਿੱਚ ਹੋਇਆ ਪਰ ਇਸ ਨੂੰ ਸਟਾਲਿਨ ਨੇ ਬੁਰਜੁਆ ਕਹਿ ਕੇ ਦੇਸ਼-ਨਿਕਾਲਾ ਦੇ ਦਿੱਤਾ।

ਨਤੀਜਾ ਸਾਹਿਤਕ ਲਿਖਤਾਂ ਦੀ ਕਲਾਤਮਕਾ ਨੂੰ ਹੌਲੀ-ਹੌਲੀ ਪਾਸੇ ਕਰਕੇ ਇਸ ਦੇ ਸਮਾਜਿਕ, ਸੱਭਿਆਚਾਰਕ ਤੇ ਸਿਆਸੀ ਸਰੋਕਾਰਾਂ ਨੂੰ ਉਭਾਰਿਆ ਗਿਆ। ਇਸ ਵਿੱਚ ਲਿਖਤ ਦੀ ਕਲਾਤਮਕਤਾ ਕਿਹੋ-ਜਿਹੀ ਹੈ, ਇਸ ਬਾਰੇ ਉੱਕਾ ਹੀ ਕੋਈ ਗ਼ੌਰ ਨਹੀਂ ਕੀਤਾ ਗਿਆ, ਬੱਸ ਜਿਹੜੀ ਰਚਨਾ ਹਾਸ਼ੀਆਗਤ ਵਰਗ, ਜਾਤ, ਜਮਾਤ ਦੀ ਆਵਾਜ਼ ਬਣਦੀ ਸੀ, ਉਸ ਨੂੰ ਵੱਡੀ ਰਚਨਾ ਐਲਾਨਣ ਦਾ ਦੌਰ ਚੱਲ ਪਿਆ। ਕਲਾਤਮਕਤਾ ਦੇ ਨੁਕਤਿਆਂ ਨੂੰ ਬਸਤੀਵਾਦੀ ਜਾਂ ਪੱਛਮੀ ਕਹਿ ਕੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਗਿਆ। ਕੁਝ ਹੱਦ ਤੱਕ ਇਹ ਹੈ ਵੀ ਸੀ ਪਰ ਇਹ ਸੰਸਾਰ ਪੱਧਰ ਦੀ ਸਾਹਿਤਕ ਕਲਾਤਮਕਤਾ ਦੀ ਰਾਹ-ਦਸੇਰਾ ਵੀ ਸੀ।

ਚੰਗੀ ਗੱਲ ਇਹ ਸੀ ਕਿ ਇਹ ਤਬਦੀਲੀ ਦਾ ਦੌਰ ਸੀ ਤੇ ਕਲਾਤਮਕਤਾ ਲੇਖਕਾਂ ਅੰਦਰ ਮੌਜੂਦ ਸੀ, ਭਾਵੇਂ ਉਸ ਦੌਰ ਦੇ ਲੇਖਕਾਂ ਨੇ ਵਿਚਾਰਧਾਰਾ ਨੂੰ ਕੇਂਦਰ ਵਿੱਚ ਰੱਖ ਕੇ ਸਾਹਿਤ ਲਿਖਿਆ ਪਰ ਉਨ੍ਹਾਂ ਨੇ ਕਲਾਤਮਕਤਾ ਦਾ ਪੱਲਾ ਨਹੀਂ ਛੱਡਿਆ। ਉਸ ਦੌਰ ਦੀਆਂ ਸ਼ਾਨਦਾਰ ਰਚਨਾਵਾਂ ਅੱਜ ਵੀ ਆਪਣਾ ਰੁਤਬਾ ਕਾਇਮ ਰੱਖੀ ਬੈਠੀਆਂ ਹਨ।

1980ਵਿਆਂ ਤੱਕ ਆਉਂਦਿਆਂ ਸੰਸਾਰ ਭਰ ਦੇ ਅਕਾਦਮਿਕ ਖੇਤਰ ਵਿੱਚ ਇਸ ਮਾਰਕਸਵਾਦੀ ਚਿੰਤਨ ਦਾ ਕਬਜ਼ਾ ਹੋ ਗਿਆ। ਕੋਈ ਸ਼ੱਕ ਨਹੀਂ ਸੰਸਾਰ ਪੱਧਰ ਦੇ ਕਈ ਮਹਾਨ ਚਿੰਤਕਾਂ ਨੇ ਇਸ ਆਲੋਚਨਾ ਨੂੰ ਘੜਿਆ ਸੀ ਤੇ ਬੜੀਆਂ ਸ਼ਾਨਦਾਰ ਧਾਰਨਾਵਾ ਦਿੱਤੀਆਂ ਸਨ। ਕਈ ਮੁੱਲਵਾਦ ਸਿਧਾਂਤ ਘੜੇ। ਉਹ ਸਮਾਵੇਸ਼ੀ ਵੀ ਸਨ, ਉਨ੍ਹਾਂ ਕਲਾਤਮਕਤਾ ਤੇ ਸਰੋਕਾਰਾਂ ਨੂੰ ਨਾਲੋ-ਨਾਲ ਲੈ ਕੇ ਚੱਲਣ ਦੀ ਵੀ ਗੱਲ ਕੀਤੀ। ਸਾਹਿਤਕ ਭਾਸ਼ਾ ਦੇ ਸਵਾਲ ਨੂੰ ਵੀ ਪ੍ਰਮੁੱਖਤਾ ਦਿੱਤੀ। ਇਹ ਸਮੇਂ ਦੀ ਲੋੜ ਵੀ ਸੀ ਤੇ ਸਾਹਿਤ ਨੂੰ ਸਮਾਜ ਦੀ ਬਿਹਤਰੀ ਨਾਲ ਜੋੜਨ ਲਈ ਲਾਜ਼ਮੀ ਵੀ... ਪਰ ਜ਼ਮੀਨੀ ਪੱਧਰ 'ਤੇ ਆਉਂਦੇ, ਮਾਰਕਸਵਾਦੀ ਆਲੋਚਨਾ ਦਾ ਵਿਚਾਰਧਾਰਕ ਪੱਖ ਇਨ੍ਹਾਂ ਹਾਵੀ ਕਰ ਦਿੱਤਾ ਗਿਆ ਕਲਾਤਮਕਤਾ ਦੀ ਗੱਲ ਕਰਨ ਵਾਲਿਆਂ ਨੂੰ 'ਲੋਕ-ਧ੍ਰੋਹੀ' ਤੱਕ ਗਰਦਾਨ ਦਿੱਤਾ ਗਿਆ। ਇਸ ਨੂੰ ਕਲਾ ਲਈ ਕਲਾ ਦਾ ਲਕਬ ਦੇ ਕੇ ਭਿੱਟੀ ਹੋਈ ਵਸਤ ਬਣਾ ਦਿੱਤਾ ਗਿਆ। 'ਕਲਾ ਲੋਕਾਂ ਲਈ' ਦੇ ਨਾਮ 'ਤੇ ਸਾਹਿਤ ਨੂੰ ਪ੍ਰਾਪੇਗੰਡੇ, ਝੰਡੇ ਤੇ ਡੰਡੇ ਤੱਕ ਘਟਾ ਦਿੱਤਾ ਗਿਆ।

ਭਾਰਤ ਤੇ ਪੰਜਾਬ ਵਿੱਚ ਆਉਂਦਿਆਂ ਇਹ ਹੋਰ ਤਿੱਖਾ ਹੋ ਗਿਆ। ਸਿੱਧਾ ਹੀ ਕਿਹਾ ਜਾਣ ਲੱਗਾ ਕਿ ਨਪੀੜੇ ਹੋਏ ਵਰਗਾਂ ਦੇ ਜਿਹੋ-ਜਿਹੇ ਹਾਲਾਤ ਹੋਣਗੇ, ਉਹੀ ਜਿਹੀ ਭਾਸ਼ਾ ਤੇ ਉਹੋ ਜਿਹੀ ਕਲਾਤਮਕਤਾ ਹੋਊਗੀ। ਇਸ ਦੌਰ ਵਿੱਚ ਬਹੁਤ ਸਾਰੀ ਵਿਚਾਰ ਪ੍ਰਧਾਨ ਲਿਖਤ ਪੈਦਾ ਹੋਈ ਜਿਸ ਦਾ ਕਾਫ਼ੀ ਹਿੱਸਾ ਕਲਾਤਮਕ ਤਾਂ ਨਹੀਂ ਸੀ ਪਰ ਉਸ ਦਾ ਵਿਚਾਰ ਤੇ ਸੰਚਾਰ ਇੰਨਾ ਤੀਬਰ ਸੀ ਕਿ ਉਸ ਨੇ ਲੋਕਾਂ ਨੂੰ ਬਹੁਤ ਪ੍ਰਭਾਵਤ ਕੀਤਾ। ਵਿਚਾਰਧਾਰਾ ਨਾਲ ਜੁੜੇ ਆਲੋਚਕਾਂ ਨੇ ਉਨ੍ਹਾਂ ਨੂੰ ਮੌਲਿਕ ਸਾਹਿਤਕ ਪ੍ਰਗਟਾਵੇ ਦੇ ਰੂਪ ਵਿੱਚ ਸਥਾਪਤਿ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਸੰਸਾਰ ਪੱਧਰ ਦਾ ਕੌੜਾ ਸੱਚ ਇਹੀ ਸੀ ਕਿ ਨਵ-ਉਦਾਰਵਾਦ ਦੇ ਨਾਲ ਆਏ ਪੂੰਜੀਵਾਦ ਨੇ ਇਸ ਹਾਸ਼ੀਆਗਤ ਵਰਗ ਦੇ ਪਛਾਣ ਵਾਲੇ ਸਾਹਿਤ ਨੂੰ ਵੀ ਗਰਮ ਕੁੱਤਿਆਂ ਵਾਂਗ ਵੇਚ ਕੇ ਮੋਟਾ ਸਰਮਾਰਿਆ ਕਮਾਇਆ। ਦੱਬੇ-ਕੁਚਲਿਆਂ ਦੇ ਲਿਖਣ-ਪੜ੍ਹਨ ਵਾਲਿਆਂ ਨੂੰ ਪ੍ਰੋਫ਼ੈਸਰ ਤੇ ਆਲੋਚਕ ਬਣਾ ਕੇ, ਸਰਕਾਰੀ ਤੇ ਘਰਾਣਿਆਂ ਦੀਆਂ ਗਰਾਂਟਾਂ ਵਿੱਚ ਇਸ਼ਨਾਨ ਕਰਵਾਇਆ ਗਿਆ। ਰੂਸੀ ਬਲਾਕ ਤੋਂ ਵੱਖਰੀ ਆਰਥਿਕ ਸਹਿਯੋਗ ਤਾਂ ਆਉਂਦੀ ਹੀ ਸੀ।

ਗੱਲ ਕੀ ਪੂੰਜੀਵਾਦੀ ਤੰਤਰ ਦੇ ਅੰਦਰ ਮਾਰਕਸਵਾਦੀ ਆਲੋਚਨਾ ਦੇ ਕੱਲ੍ਹ-ਪੁਰਜਿਆਂ ਨੂੰ ਸਿੱਖਿਆ ਤੇ ਸਾਹਿਤ ਦੇ ਢਾਂਚੇ ਵਿੱਚ ਫਿੱਟ ਕਰ ਦਿੱਤਾ ਗਿਆ ਕਿ ਉਹ ਬਾਜ਼ਾਰ ਨੂੰ ਲੋੜੀਂਦਾ ਸਾਹਿਤ ਤੇ ਚਿੰਤਨ ਜੋਗਾ ਕੱਚਾ ਮਾਲ ਵੀ ਪੈਦਾ ਕਰਕੇ ਦਿੰਦੇ ਰਹਿਣ ਤੇ ਬਾਅਦ ਵਿੱਚ ਇਸ ਉੱਤੇ ਆਪਣੀ 'ਕੁਆਲਟੀ ਚੈੱਕ ਓਕੇ ਦੀ ਮੋਹਰ' ਲਾ ਕੇ ਇਸ ਨੂੰ ਤਸਦੀਕ ਵੀ ਕਰਦੇ ਰਹਿਣ।

ਉੱਥੇ ਤੱਕ ਉਨ੍ਹਾਂ ਨੂੰ ਖੁੱਲ੍ਹ ਮਿਲਦੀ ਰਹੀ, ਜਿੱਥੇ ਹੀ ਉਨ੍ਹਾਂ ਨੇ ਸਿਆਸੀ ਜਾਂ ਕ੍ਰਾਂਤੀ ਵਾਲੇ ਰਾਹ ਵੱਲ ਜਾਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਕੁੱਟ-ਮਾਰ ਕੇ ਬਿਠਾ ਦਿੱਤਾ ਗਿਆ।

ਸੰਸਾਰ ਪੱਧਰ 'ਤੇ ਹੀ ਮਾਰਸਕਵਾਦੀ ਆਲੋਚਨਾ ਨੇ ਮਾਰਕਸਵਾਦੀ ਪੌਦ ਲਾਉਣ ਵਾਲੀ ਬੌਧਿਕ ਫ਼ੌਜ ਵੱਜੋਂ ਸਾਫ਼ਟ ਕ੍ਰਾਂਤੀ ਦਾ ਰਸਤਾ ਅਪਣਾ ਲਿਆ। ਦੁਨੀਆ ਸਮੇਤ ਭਾਰਤ ਤੇ ਪੰਜਾਬ ਵਿੱਚ ਇਸ ਦੇ ਸ਼ੁਰੂਆਤੀ ਦੌਰ ਵਿੱਚੋਂ ਕਈ ਕ੍ਰਾਂਤੀਕਾਰੀ ਲਿਖਤਾਂ ਤੇ ਲੇਖਕ ਤਾਂ ਪੈਦਾ ਹੋਏ ਪਰ ਕਲਾਤਮਕਤਾ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇਣ ਕਰਕੇ ਕੁਝ ਹੀ ਸਾਲਾਂ ਵਿੱਚ ਆਮ ਪਾਠਕਾਂ ਦਾ ਇਸ ਸਾਹਿਤ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ।

ਸਿਧਾਂਤਕ ਪ੍ਰਾਪੇਗੰਡਾ ਸਾਹਿਤ ਵਿੱਚ ਇੰਨਾ ਹਾਵੀ ਹੋ ਗਿਆ ਕਿ ਸੰਸਾਰ ਪੱਧਰ ਦੇ ਮਾਰਕਸੀ ਚਿੰਤਕਾਂ ਨੂੰ ਯਾਦ ਕਰਵਾਉਣਾ ਪਿਆ ਕਿ ਕਲਾਤਮਕਤਾ ਤੇ ਵਿਚਾਰਧਾਰਾ ਦਾ ਸੰਤੁਲਨ ਲਾਜ਼ਮੀ ਹੈ। ਅਫ਼ਸੋਸ, ਮਹਿਕਮਿਆਂ ਤੇ ਧੜਿਆਂ 'ਤੇ ਕਬਜ਼ਾ ਕਰੀ ਬੈਠੇ ਕਥਿਤ ਵਿਦਵਾਨਾਂ ਨੇ ਇਸ ਨੂੰ ਧੜੇਬੰਦੀ ਤੇ ਅੰਦਰੂਨੀ ਵਿਰੋਧ ਦੀ ਭੇਂਟ ਚੜ੍ਹਾ ਦਿੱਤਾ ਤੇ ਅੱਜ ਤੱਕ ਚੜ੍ਹਾਇਆ ਜਾ ਰਿਹਾ ਹੈ।

1990ਵਿਆਂ ਤੋਂ ਬਾਅਦ ਖੁੱਲ੍ਹੀ ਮੰਡੀ ਨੇ ਤੇ 1995 ਤੋਂ ਬਾਅਦ ਆਏ ਇੰਟਰਨੈੱਟ ਨੇ ਸਾਰੀਆਂ ਵਲਗਣਾਂ ਤੋੜ ਦਿੱਤੀਆਂ। 2010ਵਿਆਂ ਤੋਂ ਬਾਅਦ ਸੋਸ਼ਲ ਮੀਡੀਆ ਦੀ ਚੜ੍ਹਤ ਨੇ ਬਚੀ ਖੁਚੀ ਕਲਾਤਮਕਤਾ ਤੇ ਬੌਂਦਲੀ ਫਿਰਦੀ ਵਿਚਾਰਧਾਰਾ ਦੋਵਾਂ ਦਾ ਫਾਤਿਹਾ ਪੜ੍ਹ ਦਿੱਤਾ।

ਹੁਣ ਤੁਸੀਂ ਦੇਖ ਲਵੋ ਜਦੋਂ ਇੰਸਟਾਗ੍ਰਾਮੀ ਕਵਿਤਾ/ਸਾਹਿਤ ਪੰਜਾਬੀ ਸਾਹਿਤ ਉੱਤੇ ਚਿਰਾਪੂੰਜੀ ਦੇ ਬੱਦਲਾਂ ਵਾਂਗ ਛਾਅ ਚੁੱਕੀ ਹੈ ਤਾਂ ਭਾਵੇਂ ਮਾਰਸਕਵਾਦੀ ਆਲੋਚਕ ਹੋਣ ਤੇ ਭਾਵੇਂ ਕਲਾਤਮਕਤਾ ਪੱਖੀ, ਸਾਰੇ ਹੀ ਇਕੋ ਸੁਰ ਵਿੱਚ ਕੁਰਲਾ ਉੱਠੇ ਹਨ ਕਿ ਸਾਹਿਤ ਦਾ ਘਾਣ ਹੋ ਰਿਹਾ ਹੈ। ਕਵਿਤਾ ਵੇਸਵਾਗਿਰੀ ਦੇ ਰਾਹ ਪੈ ਗਈ ਹੈ। ਸਾਹਿਤਕ ਤੇ ਘਟੀਆ ਭਾਸ਼ਾ ਵਿੱਚ ਕੋਈ ਫ਼ਰਕ ਨਹੀਂ ਰਹਿ ਗਿਆ। ਕਵਿਤਾ ਵਿੱਚੋਂ ਕਾਵਿਕਤਾ, ਕਹਾਣੀ ਵਿੱਚੋਂ ਕਥਾਕਾਰੀ, ਨਾਵਲ ਵਿੱਚੋਂ ਨਾਵਲੀਪਣ, ਨਾਟਕ ਵਿੱਚੋਂ ਨਾਟਕਤਾ ਨਹੀਂ ਲੱਭ ਰਹੀ। ਵਿਚਾਰਧਾਰਾ ਜਾਂ ਸਰੋਕਾਰ ਵਾਲੀ ਪ੍ਰਤਿਬੱਧਤਾ ਤਾਂ ਅੱਜ ਦੇ ਦੌਰ ਵਿੱਚ ਕਿਸੇ ਵਿਦਵਾਨ ਦੀ ਨਹੀਂ ਬਚੀ, ਨਵੇਂ ਲੇਖਕਾਂ ਤੋਂ ਇਸ ਦੀ ਉਮੀਦ ਉਹ ਕਿੱਥੋਂ ਕਰ ਲੈਣਗੇ ਅੱਜ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਲਾਤਮਕਤਾ ਨੂੰ ਰੱਦ ਕਰਕੇ ਸਾਹਿਤ ਦੀ ਜਿਹੜੀ ਨੀਂਹ ਉਨ੍ਹਾਂ ਨੇ ਖੋਖਲੀ ਕੀਤੀ ਸੀ, ਅੱਜ ਉਸ ਦੀ ਬੁਲੰਦ ਇਮਾਰਤ ਉਨ੍ਹਾਂ 'ਤੇ ਹੀ ਡਿੱਗਣ ਵਾਲੀ ਹੈ। ਉਹ ਸਾਡੀ ਨਾ ਸਹੀ, ਆਪਣੇ ਹੀ ਵਿਦਵਾਨਾਂ ਦੀ ਗੱਲ ਸੁਣ ਲੈਣ ਜੋ ਬਾਰ-ਬਾਰ ਕਹਿ ਰਹੇ ਨੇ, ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਕਲਾਤਮਕਤਾ ਤੇ ਸਰੋਕਾਰ ਦੇ ਸੰਤੁਲਨ ਤੋਂ ਬਿਨਾਂ ਨਹੀਂ ਸਰਨਾ।

(ਬਾਕੀ ਸਫ਼ਾ 31 'ਤੇ)

## ਸ਼ਾਇਰ ਈਸ਼ਰ ਸਿੰਘ ਮੋਮਨ ਦੇ ਅਕਾਲ ਚਲਾਣੇ 'ਤੇ ਵਿਸ਼ੇਸ਼

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ਾਇਰ ਈਸ਼ਰ ਸਿੰਘ ਮੋਮਨ ਦੇ ਕਾਵਿ-ਤਜਰਬੇ

**ਪੌਣ ਪੁਰੇ ਦੀ ਆਖਣ ਲੱਗੀ, ਫ਼ਲਾਂ ਵਲ ਨੂੰ ਕਰੇ ਇਸ਼ਾਰਾ**
**ਮੋਮਨ ਮਨ ਦਾ ਪੂਰਾ ਮੋਮਨ, ਕਾਫਰ ਦਾ ਮਨ ਬੜਾ ਕੁਪੱਤਾ।**
**- ਈਸ਼ਰ ਸਿੰਘ ਮੋਮਨ।**

ਮਹਾਨ ਸ਼ਾਇਰ ਸ੍ਰ. ਈਸ਼ਰ ਸਿੰਘ ਮੋਮਨ ਦਾ ਜੀਵਨ ਸਫ਼ਰ 8 ਜੁਲਾਈ 2025 ਨੂੰ ਪੂਰਾ ਹੋ ਗਿਆ ਹੈ। ਪੰਜਾਬੀ ਮਾਂ ਬੋਲੀ ਦੇ ਪ੍ਰੋੜ ਸ਼ਾਇਰ ਸਨ। ਗੌਰਵਮਈ ਸਿੱਖ ਇਤਿਹਾਸ ਨੂੰ ਬਹੁਤ ਹੀ ਬਖ਼ੂਬੀ ਨਾਲ ਬਿਆਨ ਕਰਦੇ ਸਨ। ਉਹ ਆਪਣੀਆਂ ਬੀਰ ਰਸੀ ਰਚਨਾਵਾਂ ਧਾਰਮਿਕ ਕਵੀ ਦਰਬਾਰਾਂ ਵਿੱਚ ਬੜੀ ਸ਼ਿੱਦਤ ਨਾਲ ਬੋਲਦੇ ਸਨ। ਸੰਗਤਾਂ ਜੋਸ਼ ਵਿੱਚ ਆ ਕੇ ਜੈਕਾਰੇ ਲਾਉਂਦੀਆਂ। ਬੁਲੰਦ ਆਵਾਜ਼ ਦੇ ਸਟੇਜੀ ਕਵੀ ਸਨ। ਕਾਵਿ ਪੁਸਤਕਾਂ ਲਿਖਣ ਦੇ ਨਾਲ ਪੂਰੇ ਭਾਰਤ ਅਤੇ ਅਮਰੀਕਾ ਵਿੱਚ ਕਵਿਤਾਵਾਂ ਪੜ੍ਹੀਆਂ ਹਨ। ਜਿਵੇਂ ਗਾਜੀਆਵਾਦ, ਰਾਏ ਬਰੇਲੀ, ਬੰਬਈ, ਕੱਲਕਤਾ, ਲਖਨਊ, ਕਾਨਪੁਰ, ਕਸ਼ਮੀਰ, ਸ੍ਰੀਨਗਰ, ਪੰਜਾਬ ਪਠਾਨਕੋਟ ਆਦਿ।

ਮੋਮਨ ਸਾਹਿਬ ਦਾ ਜਨਮ 17 ਜੁਲਾਈ 1926 ਨੂੰ ਪਿਤਾ ਕਰਤਾਰ ਸਿੰਘ, ਮਾਤਾ ਧੰਨ ਕੌਰ ਦੇ ਗ੍ਰਹਿ ਪਿੰਡ ਲੰਗੜੋਆ, ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਪਿੰਡ ਜਾਡਲਾ ਦੇ ਸਕੂਲ ਵਿੱਚ ਕੀਤੀ। ਪੰਜਾਬੀ, ਉਰਦੂ ਅਤੇ ਫ਼ਾਰਸੀ ਦੇ ਗਿਆਨ ਵਿੱਚ ਮੁਹਾਰਤ ਹਾਸਲ ਕੀਤੀ। ਫਿਰ ਜੋਤੀ ਹੈਂਡਲੂਮ ਵਿਖੇ 1957 ਤੋਂ 1984 ਤੱਕ ਨੌਕਰੀ ਕੀਤੀ। ਕਵੀ ਦਰਬਾਰਾਂ ਦੀ ਸ਼ਾਨ ਬਣੇ ਰਹੇ। ਆਪਣੇ ਸਮਕਾਲੀ ਸ਼ਾਇਰਾਂ ਦਾ ਨਿੱਘਾ ਸਾਥ ਮਾਣਿਆ। ਜਿਵੇਂ ਰਾਜ ਕਵੀ ਇੰਦਰਜੀਤ ਸਿੰਘ ਤੁਲਸੀ, ਆਜ਼ਾਦ ਜਲੰਧਰੀ, ਗਿਆਨੀ ਪ੍ਰੀਤਮ ਸਿੰਘ, ਬਰਕਤ ਪੰਜਾਬੀ, ਬਲਵੰਤ ਸਿੰਘ ਨਿਰਵੈਰ, ਜਗਜੀਤ ਸਿੰਘ ਨਾਜ਼ਕ, ਹਰਬੰਸ ਸਿੰਘ ਹੀਰਾ, ਬਲਵੰਤ ਸਿੰਘ ਕਾਫਰ, ਪ੍ਰੀਤਮ ਸਿੰਘ ਕਾਸਦ, ਗੁਰਮੀਤ ਸਿੰਘ ਕਮਲਾ, ਹਰਬੰਸ ਸਿੰਘ ਚਮਕ ਆਦਿ। ਯਾਦ ਰਹੇ ਕਿ ਜਗਜੀਤ ਸਿੰਘ ਨਾਜਕ ਅਤੇ ਹਰਬੰਸ ਸਿੰਘ ਹੀਰਾ ਮੋਮਨ ਸਾਹਿਬ ਦੇ ਸ਼ਾਗਿਰਦ ਸਨ। ਸੰਨ 1984 ਵਿੱਚ ਯੁਵਾ ਸਿਟੀ ਅਮਰੀਕਾ ਪ੍ਰਵਾਜ਼ ਕੀਤਾ। ਆਪਣੇ ਬੇਟੇ ਪ੍ਰਦੀਪ ਸਿੰਘ ਪਾਬਲਾ ਦੇ ਪ੍ਰਵਾਰ ਨਾਲ ਸੈਨਹੋਜੇ ਵਿਖੇ ਰਹਿ ਰਹੇ ਸਨ। ਖੁਸ਼ਹਾਲ ਜੀਵਨ ਜਿਉਂਦਿਆਂ ਸ਼ਾਇਰੀ ਨਾਲ ਜੁੜੇ ਰਹੇ। ਦੋ ਕਾਵਿ ਪੁਸਤਕਾਂ ਕਲਮਾਂ ਦੀ ਕਸਤੂਰੀ ਅਤੇ ਗਜ਼ਲ ਗੁਲਜ਼ਾਰ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ।



ਮੋਮਨ ਸਾਹਿਬ ਨੇ ਆਪਣੀ ਕਾਵਿਕ ਸ਼ੈਲੀ ਤੋਂ ਸਾਹਿਤ ਵਿੱਚ ਇੱਕ ਵਿਲੱਖਣਤਾ ਪ੍ਰਾਪਤ ਕੀਤੀ। ਸਾਹਿਤ ਨੂੰ ਹੋਰ ਰੰਗਦਾਰ ਬਣਾਇਆ। ਮੋਮਨ ਸਾਹਿਬ ਦੀਆਂ ਰਚਨਾਵਾਂ ਦੇ ਰੰਗਾਂ ਵਿੱਚ ਸਮਾਜਿਕ ਵਰਤ ਵਿਹਾਰ, ਅੱਜ ਦੇ ਮਨੁੱਖ ਦੇ ਆਧੁਨਿਕ ਆਲ਼ੇ ਦੁਆਲ਼ੇ ਵਿੱਚ , ਵਾਤਾਵਰਣ, ਚਿਹਨ ਚੱਕਰ, ਉਦਾਸੀਆਂ, ਉਦਰੇਵੇਂ, ਦੁੱਖ ਦਰਦ, ਤਲਖੀਆਂ, ਮਜਬੂਰੀਆਂ, ਲਾਚਾਰੀਆਂ, ਸੰਸੇ, ਅਧਿਆਤਮਕ ਪੱਖ ਨੂੰ ਛੋਹਦੀਆਂ ਹਨ। ਖਾਸ ਕਰਕੇ ਵਿਅੰਗਮਈ, ਨਸੀਹਤਾਂ ਲੇਖਣੀ ਪ੍ਰਧਾਨ ਹਨ। ਉਹਨਾਂ ਦੀਆਂ ਰਚਨਾਵਾਂ ਦਾ ਨਿਰੀਖਣ ਕਰਦਿਆਂ, ਰੱਬ ਦੀ ਗੱਲ ਤੋਂ ਸ਼ੁਰੂ ਕਰਦੇ ਹਨ। ਮੋਮਨ ਸਾਹਿਬ ਰੱਬ ਤੋਂ ਕੀ ਮੰਗਦੇ ਹਨ ?

ਹਰ ਜਗ੍ਹਾ ਹਰ ਤਰਫ਼ ਤੇਰਾ ਨੂਰ ਹੈ
ਹਰ ਸਮੇਂ ਹੀ ਨੂਰ ਹੈ, ਪ੍ਰਕਾਸ਼ ਹੈ
ਮੈਂ ਨਿਮਾਣਾ ਮਾਣ ਤੇਰੇ ਤੇ ਕਰਾਂ
ਰਹਿਨੁਮਾਈ ਹਰ ਸ਼ੁਬ੍ਹਾ ਤੇ ਸ਼ਾਮ ਦੇ

ਮੋਮਨ ਸਾਹਿਬ ਨੇ ਆਪਣੀ ਮਾਂ ਦੀ ਬਹੁਤ ਸੇਵਾ ਕੀਤੀ ਹੈ ਅਤੇ ਨਾਲ ਹੀ ਆਪਣੀ ਬਿਮਾਰ ਰਹਿੰਦੀ ਪਤਨੀ ਦੀ ਵੀ ਬਹੁਤ ਸੇਵਾ ਕੀਤੀ ਹੈ। ਰਿਸ਼ਤਿਆਂ ਦੀ ਗੱਲ ਵਿੱਚ ਭਾਵੁਕਤਾ ਹੈ।

ਮਾਂ ਦੀ ਮਮਤਾ ਬੋਲਦੀ, ਮਰ ਜਾਵੇ ਜੇ ਮਾਂ
ਮਾਂ ਦੇ ਰੱਬੀ ਰੂਪ ਨੂੰ ਰੱਬ ਦੀ ਜਾਤ ਕਹਾਂ।

ਮੋਮਨ ਸਾਹਿਬ ਨੇ ਆਪਣੇ ਨਜ਼ਦੀਕੀਆਂ ਦੇ ਤੁਰ ਜਾਣ ਦਾ ਜ਼ਿੰਦਗੀ ਵਿੱਚ ਬਹੁਤ ਦੁੱਖ ਹੈ ਜੋ ਉਹਨਾਂ ਪਿੰਡੇ 'ਤੇ ਹੰਢਾਇਆ ਹੈ ਪਰ ਉਹਨਾਂ ਦੀ ਸੇਵਾ ਕੀਤੀ ਹੀ ਉਹਨਾਂ ਨੂੰ ਤਸੱਲੀ ਦਿੰਦੀ ਹੈ

ਛੱਡ ਕੇ ਤੁਰ ਜਾਣ ਵਾਲੇ ਹਾਣੀਆਂ
ਤੜਫਦੇ ਦਿਲ ਨੂੰ ਮੰਨਾਵਾਂ ਕਿਸ ਤਰ੍ਹਾਂ
ਹੰਝੂਆਂ ਦੇ ਕਾਫ਼ਲੇ ਨੂੰ ਰੋਕ ਕੇ
ਜ਼ਖ਼ਮ ਦਿਲ ਦੇ ਮੈਂ ਦਿਖਾਵਾਂ ਕਿਸ ਤਰ੍ਹਾਂ
ਫਿਰ ਹੌਂਸਲਾ ਕਰਕੇ ਕਹਿੰਦੇ ਹਨ
ਘੁੰਮਣ ਘੇਰੀ ਘੁੰਮਦੀ ਆਈ,
ਮੈਂ ਹਿੰਮਤ ਨਾ ਹਾਰੀ
ਘੁੰਮਦੇ ਘੁੰਮਦੇ ਪਾਣੀ ਨੇ ਵੀ
ਠੰਡਾ ਹਉਕਾ ਭਰਿਆ

'ਗੁਰਦੁਆਰਾ ਬੰਗਲਾ ਸਾਹਿਬ' ਕਵਿਤਾ ਵਿੱਚ ਸ਼ਾਇਰੀ ਦਾ ਨਿਖਾਰ ਹੈ

ਸ਼ਰਧਾ ਦੀ ਝੋਲੀ ਭਰਦੀ ਹੈ, ਫੁੱਲ ਖਿੜਦੇ ਨੇ ਸੰਤਾਨਾਂ ਦੇ
ਸਾਹਿਬਾਂ ਦੇ ਸੋਹਣੇ ਬੰਗਲੇ 'ਚੋਂ ਸੁਖ ਮਿਲਦੇ, ਦੋਹਾਂ ਜਹਾਨਾਂ ਦੇ
ਬੰਗਲੇ ਦੀ ਕੁੱਲ ਇਮਾਰਤ ਤੇ ਸਿਮਰਨ ਦਾ ਲੱਗਾ ਗਾਰਾ ਏ
ਸਿੱਖੀ ਸ਼ਰਧਾ ਦੀ ਰਚਨਾ ਹੈ
ਇਹ ਧਰਮ ਸਿਆਸਤ ਦੇ ਸ਼ਿੰਗਾਰ 'ਚੋਂ ਨਿਕਲੀ ਹੈ
ਬੇਗਿਣਤ ਸ਼ਹੀਦਾਂ ਦੀ ਡਾਰ 'ਚੋਂ ਨਿਕਲੀ ਹੈ
ਇਹ ਸਿੱਧੀ ਧਰਤੀ ਤੇ ਅਸਮਾਨ 'ਚੋਂ ਨਿਕਲੀ ਹੈ
ਇਹ ਮੋਮਨ ਸ਼ਾਹੀ ਦੇ ਇਮਾਨ 'ਚੋਂ ਨਿਕਲੀ ਹੈ।

ਸੂਰਬੀਰਾਂ ਅਤੇ ਗਦਾਰਾਂ ਦਾ ਨਿਖੇੜਾਂ ਕਰਦਿਆਂ ਭਾਵੁਕ ਹਨ

ਜਦੋਂ ਸੂਰਬੀਰਾਂ ਦੇ ਮੁੱਲ ਪੈਣ ਲੱਗੇ
ਤਾਂ ਸੌਦਾ ਸਿਰਾਂ ਦਾ ਗੱਦਾਰਾਂ ਨੇ ਕੀਤਾ
ਜਦੋਂ ਰੱਸਾ ਫਾਂਸੀ ਦਾ ਮਰਦਾਂ ਨੇ ਚੁੰਮਿਆ
ਸ਼ਹੀਦਾਂ ਨੂੰ ਸਜਦਾ ਕਟਾਰਾਂ ਨੇ ਕੀਤਾ
ਰੱਬੀ ਕਣ ਦੀ ਗੱਲ ਕਰਦਿਆਂ ਸੁਚੇਤ ਹਨ
ਅੰਡਜ ਜੇਰਜ ਸੇਧਜ ਉਤਭਜ
ਦਾਤੇ ਦੀ ਹੀ ਰਚਨਾ ਹੈ
ਕਰਤੇ ਤੇ ਕਰਤਾਰ ਦੇ ਬਾਝੋਂ
ਸਿਰਜਣਹਾਰ ਕਹਾਇਆ ਕੌਣ

ਮੋਮਨ ਸਾਹਿਬ ਦੁਆਲ਼ੇ ਦੇ ਮਲੀਨ ਵਾਤਾਵਰਣ ਤੋਂ ਚਿੰਤਤ ਹਨ

ਜੇ ਹਵਾ ਪਾਣੀ ਹੀ ਮਿਲਣ ਸਾਫ ਨਹੀਂ
ਕੀ ਬਣੇਗੀ ਸਿਹਤ ਖਾਸੋ ਆਮ ਦੀ

ਪੰਜਾਬੀ ਮਾਂ ਬੋਲੀ ਨੂੰ ਵਿਸਾਰਨ ਵਾਲਿਆਂ ਲਈ ਨਸੀਅਤ ਹੈ

ਪੜ ਪੰਜਾਬੀ ਲੇਖ ਤੂੰ ਲਿਖ ਪੰਜਾਬੀ ਲੇਖ
ਮਾਂ ਦੇ ਨਿਰਮਲ ਦੁੱਧ ਵਿੱਚ ਤੂੰ ਕਾਂਜੀ ਨਾ ਘੋਲ
ਇੱਕ ਰੱਬ ਦਾ ਬਣ ਜਾ ਮਨੁੱਖ ਨੂੰ ਨਸੀਅਤ ਹੈ
ਬੰਦਾ ਇੱਕ ਦਾ ਬਣ ਕੇ ਬੈਠੇ
ਬੰਦਾ ਨਹੀਂ ਹੁੰਦਾ ਦਰ ਦਰ ਦਾ

ਮੋਮਨ ਸਾਹਿਬ ਜੀ ਦੀ ਸਮੁੱਚੀ ਰਚਨਾ ਵਿੱਚ ਜੋ ਉਮਰ ਭਰ ਦੇ ਤਜਰਬੇ ਹਨ। ਉਸ ਵਿੱਚ ਆਦਮੀ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ ਤਾਂ ਹੀ ਉਸ ਨੂੰ ਦੁਨੀਆ ਵਿੱਚ ਯਾਦ ਰੱਖਿਆ ਜਾ ਸਕੇਗਾ ਤੇ ਰਚਨਾ ਨੂੰ ਅਧਿਆਤਮਕ ਛੋਹ ਵੀ ਪ੍ਰਾਪਤ ਹੈ।

ਲੋਕ ਉਸ ਦੀ ਪੈੜ ਨੂੰ ਸਦਾ ਪੂਜਦੇ
ਭਾਰ ਸਾਰੀ ਜ਼ਿੰਦਗੀ ਦਾ ਜੋ ਮੁਸਾਫ਼ਰ ਸਹਿ ਗਿਆ

ਮੋਮਨ ਸਾਹਿਬ ਨਾਲ ਮੇਰਾ ਸਬੰਧ 30 ਸਾਲ ਤੱਕ ਤੋਂ ਰਿਹਾ ਹੈ। ਜਦੋਂ ਮੈਂ ਮਈ 1995 ਵਿੱਚ ਨਿਊਯਾਰਕ ਤੋਂ ਆ ਕੇ ਕੈਲੀਫੋਰਨੀਆ ਆ ਵਸਿਆ। ਭਾਈਚਾਰੇ ਦੇ ਪ੍ਰੋਗਰਾਮਾਂ ਧਾਰਮਿਕ ਸੱਭਿਆਚਾਰਕ ਅਤੇ ਸਾਹਿਤਕ ਆਦਿ ਵਿੱਚ ਇਕੱਠੇ ਸ਼ਿਰਕਤ ਕਰਦੇ ਰਹੇ ਸਾਂ। ਫਿਰ ਫੋਨ ਤੇ ਲੰਬੀਆਂ ਵਿਚਾਰਾਂ ਹੁੰਦੀਆਂ ਰਹੀਆਂ। ਮੋਮਨ ਸਾਹਿਬ ਮੈਨੂੰ ਕਿਹਾ ਕਰਦੇ ਸਨ ਕਿ ਇਹ ਸਾਡਾ ਪਿਆਰ ਬਣਿਆ ਰਹੇ। ਫਿਰ ਮੈਂ ਵੀ ਤਾਂ ਫੋਨ ਰਾਹੀਂ ਉਹਨਾਂ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ ਸੀ। ਉਹਨਾਂ ਦੇ ਬਿਮਾਰ ਹੋਣ ਤੋਂ 10 ਦਿਨ ਪਹਿਲਾਂ ਹੀ ਮੈਂ ਉਹਨਾਂ ਦੇ ਘਰ ਆਪਣੀ ਪੁਸਤਕ 'ਚਾਨਣ ਇਤਿਹਾਸ ਦਾ' ਭੇਂਟ ਕਰਨ ਗਿਆ। ਉਹਨਾਂ ਮੇਰੀ ਪੁਸਤਕ ਮੱਥੇ ਨਾਲ ਛੁਹਾ ਕੇ ਭੇਂਟ ਸਵੀਕਾਰ ਕੀਤੀ। ਉਹਨਾਂ ਮੇਰੀ ਪੁਸਤਕ ਪੜ੍ਹਨੀ ਵੀ ਸ਼ੁਰੂ ਕਰ ਲਈ ਸੀ। ਅੰਤ ਸਮੇਂ ਤੱਕ ਉਹ ਮੇਰੀ ਪੁਸਤਕ ਪੜ ਰਹੇ ਸਨ। ਜਦੋਂ ਉਹਨਾਂ ਦੀ ਸਿਹਤ ਵਿਗੜੀ ਤਾਂ ਉਹ ਮੇਰੀ ਪੁਸਤਕ ਵਿਚੋਂ 'ਦਿੱਲੀ ਦੇ ਗੁਰਦੁਆਰਿਆਂ ਦਾ ਇਤਿਹਾਸ' ਪੜ ਰਹੇ ਸਨ। ਪੜ੍ਹਨੀ ਜਾਰੀ ਰੱਖਣ ਲਈ ਨਿਸ਼ਾਨੀ ਵਜੋਂ ਕਾ.ਗਜ਼ ਉਸ ਸ.ਫੇ 'ਤੇ ਰੱਖਿਆ ਹੋਇਆ ਸੀ ਕਿ ਅਜੇ ਹੋਰ ਪੜ੍ਹਨੀ ਹੈ, ਪਰ ..। ਇਹ ਉਹਨਾਂ ਦੀ ਸਾਹਿਤ ਇਤਿਹਾਸ ਪ੍ਰਤੀ ਰੁਚੀ ਦੀ ਵਿਲੱਖਣ ਮਿਸਾਲ ਹੈ।

ਉਮਰ ਦਾ ਤਕਾਜ਼ਾ ਹੈ ਕੁਝ ਸਿਹਤ ਮੁਸ਼ਕਿਲਾਂ ਆ ਜਾਂਦੀਆਂ ਹਨ। ਇਸ ਲਈ ਉਹ ਹੁਣ ਪ੍ਰੋਗਰਾਮਾਂ ਵਿੱਚ ਨਹੀਂ ਆ ਜਾ ਸਕਦੇ ਸਨ। ਲਿਖਣਾ ਵੀ ਛੱਡ ਗਏ ਸਨ। ਕਹਿੰਦੇ ਸਨ ਕਿ ਹੁਣ ਅੱਗੇ ਦਾ ਹੀ ਖਿਆਲ ਕਰੀਏ। ਉਹ ਚੇਤੰਨ ਮਨ ਸਨ ਅਤੇ ਮੰਚ ਕਵੀ ਦੀ ਆਵਾਜ਼ ਬੁਲੰਦ ਸੀ। ਅਖੀਰੀ ਉਮਰ ਵਾਲਿਆਂ ਲਈ ਇਸ਼ਾਰਾ ਕਰਦੇ ਹਨ

ਬੜੀ ਮਾਲਾ ਫੇਰੀ ਬੜਾ ਮਨ ਧੋਇਆ
ਮੈਂ ਹਰ ਸਵਾਸ ਮਣਕੇ ਦੇ ਵਾਂਗੂ ਪ੍ਰੋਇਆ
ਧੂਣੇ ਵੀ ਤਾਏ ਬੜੇ ਯੋਗ ਸਾਧੇ
ਮੇਰੇ ਮਨ ਵਿੱਚ ਤੇਰਾ ਬਸੰਗ ਨਾ ਹੋਇਆ

ਮਹਾਨ ਸ਼ਾਇਰ ਈਸ਼ਰ ਸਿੰਘ ਮੋਮਨ 8 ਜੁਲਾਈ 2025 ਲਗਭਗ 100 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਮੋਮਨ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਸਾਹਿਬ ਰਾਹੀਂ ਮਾਂ ਬੋਲੀ ਦੀ ਝੋਲੀ ਪਾਏ ਹਨ। ਸਾਡੇ ਕੋਲ ਉਹਨਾਂ ਦੀ ਵਿਸ਼ਾਲ ਵਿਰਾਸਤ ਦਾ ਅਨਮੋਲ ਖ਼ਜ਼ਾਨਾ ਹੈ। ਉਹਨਾਂ ਦਾ ਜੀਵਨ ਇੱਕ ਅਜਿਹੀ ਪ੍ਰਯੋਗਸ਼ਾਲਾ ਸੀ, ਜਿਸ ਨੂੰ ਨੇੜਿਓਂ ਵੇਖਿਆ, ਜੀਵਨ ਦੀ ਚੰਗੀ ਸੇਧ ਮਿਲਦੀ ਹੈ। ਇਹੀ ਉਸ ਦੀ ਸ਼ਾਇਰੀ ਦਾ ਸਭ ਤੋਂ ਵੱਡਾ ਹਾਸਿਲ ਹੈ

ਜ਼ਮਾਨਾ ਬੜੇ ਸ਼ੋਕ ਸੇ ਸੁਨ ਰਹਾ ਥਾ
ਹਮੀ ਸੋਂ ਗਏ , ਦਾਸਤਾਂ ਕਹਿਤੇ ਕਹਿਤੇ। ਸਾਕੀਬ ਲਖਨਵੀ।



# ਸਹੀ ਵਿਉਂਤਬੰਦੀ ਹੈ ਖੇਤੀ ’ਚ ਸਫ਼ਲਤਾ ਦੇ ਜ਼ਿੰਦਰੇ ਖੋਲ੍ਹਣ ਦੀ ਚਾਬੀ

**ਮਹਿੰਦਰ ਸਿੰਘ ਦੋਸਾਂਝ**



ਅੱਜ ਜਦ ਮੈਂ ਇਹ ਵੇਖਦਾ ਅਤੇ ਸੁਣਦਾ ਹਾਂ ਕਿ ਪੰਜਾਬ ਦੀ ਅਜੋਕੀ ਖੇਤੀ ਸਖ਼ਤ ਘਾਟੇ ’ਚ ਜਾ ਰਹੀ ਹੈ ਤੇ ਕਿਸਾਨ ਲਗਾਤਾਰ ਖ਼ੁਦਕੁਸ਼ੀਆਂ ਕਰ ਰਹੇ ਹਨ ਤਾਂ ਮੈਨੂੰ ਬਹੁਤ ਹੈਰਾਨੀ ਹੁੰਦੀ ਹੈ। ਅੱਜ ਮੈਨੂੰ ਉਹ ਦਿਨ ਵੀ ਯਾਦ ਆ ਰਹੇ ਹਨ, ਜਦ ਸਨ 1945 ’ਚ ਛੋਟੀ ਉਮਰ ਵਿਚ ਖੇਤਾਂ ’ਚ ਮੈਨੂੰ ਮੇਰੇ ਬਜ਼ੁਰਗਾਂ ਨੇ ਲੱਕੜੀ ਦੇ ਹਲ ਦੀ ਕੀਲੀ (ਮੁੰਨੀ) ਫੜਾ ਕੇ ਮੇਰੇ ਅੰਦਰੋਂ ਖੇਤੀ ਦਾ ਸ਼ੌਕ ਜਗਾਇਆ ਸੀ, ਉਸ ਵੇਲੇ ਦੀ ਖੇਤੀ ਚਾਰ ਮਜ਼ਬੂਤ ਥੰਮ੍ਹਾਂ ’ਤੇ ਖੜ੍ਹੀ ਸੀ, ਇਹ ਥੰਮ੍ਹ ਸਨ ਸੰਯਮ, ਸਾਦਗੀ, ਕੰਮ ਨਾਲ ਪਿਆਰ ਤੇ ਮਜ਼ਬੂਤ ਸਾਂਝੇ ਪਰਿਵਾਰ ਅਤੇ ਮਜ਼ਬੂਤ ਭਾਈਚਾਰਾ। ਟਿਊਬਵੈਲ ਤਾਂ ਸੁਫਨੇ ਵਿੱਚ ਵੀ ਨਹੀਂ ਸਨ ਹੁੰਦੇ, ਸਵੇਰੇ ਤੋਂ ਸ਼ਾਮ ਤਕ ਚੜਸ਼ਾਂ ਨਾਲ ਖੂਹਾਂ ਵਿੱਚੋਂ ਪਾਣੀ ਕੱਢ ਕੇ ਮਸੀਂ ਦੋ ਢਾਈ ਕਨਾਲ ਥਾਂ ਦੀ ਸਿੰਚਾਈ ਹੁੰਦੀ ਸੀ, ਉਦੋਂ ਨਦੀਨ ਨਾਸ਼ਕ ਨਹੀਂ ਸਨ ਹੁੰਦੇ।

ਲਗਪਗ ਸਾਰਾ ਸਾਲ ਹੀ ਲਗਾਤਾਰ ਕਣਕ, ਮੱਕੀ, ਕਪਾਹ, ਦਾਲਾਂ, ਤੇਲ ਬੀਜਾਂ, ਸਬਜ਼ੀਆਂ ਤੇ ਕਮਾਦ ਦੀਆਂ ਗੁੰਡਾਈਆਂ ਚਲਦੀਆਂ ਰਹਿੰਦੀਆਂ ਸਨ, ਸਭ ਤੋਂ ਵੱਧ ਸਖ਼ਤ ਕੰਮ ਮੱਕੀ ਦੀ ਗੁਡਾਈ ਦਾ ਹੁੰਦਾ ਸੀ, ਜਿਸ ਵਾਸਤੇ ਪੰਦਰਾਂ-ਪੰਦਰਾਂ, ਵੀਹ-ਵੀਹ ਮਜ਼ਦੂਰ ਵੀ ਲਾਉਣੇ ਪੈਂਦੇ ਸਨ। ਕਿਸਾਨ ਮਜ਼ਦੂਰਾਂ ਦੇ ਨਾਲ ਬਹਿ ਕੇ ਗੁਡਾਈ ਕਰਦੇ ਸਨ ਤੇ ਅੱਗੇ-ਪਿੱਛੇ ਸਰੀਏ ਵਰਗੇ ਬਾਜਰੇ ਤੇ ਚਰ੍ਹੀ ਦੇ ਪੱਠੇ ਕੁਤਰ ਕੇ ਪਸ਼ੂਆਂ ਨੂੰ ਪਾਉਂਦੇ ਸਨ। ਕਿਸਾਨ ਬੀਬੀਆਂ ਤੜਕੇ ਭੱਠੀ ਅੱਗੇ ਬੈਠ ਕੇ ਇੰਨ੍ਹਾਂ ਮਜ਼ਦੂਰਾਂ ਦੀਆਂ ਰੋਟੀਆਂ ਪਕਾਉਂਦੀਆਂ ਤੇ ਫੇਰ ਮਜ਼ਦੂਰਾਂ ਦੇ ਦੁਪਹਿਰ ਦੇ ਖਾਣੇ ਲਈ ਭੜੋਲੀ ਵਿੱਚ ਦਾਲ ਧਰ ਆਉਂਦੀਆਂ। ਸਵੇਰ ਦੀ ਰੋਟੀ, ਦਹੀਂ ਤੇ ਲੱਸੀ ਦੀ ਚਾਟੀ ਇਕ ਟੋਕਰੇ ਵਿੱਚ ਰੱਖ ਕੇ ਮਜ਼ਦੂਰਾਂ ਲਈ ਖੇਤਾਂ ਵਿੱਚ ਲੈ ਕੇ ਆਉਂਦੀਆਂ। ਦੁਪਹਿਰ ਦਾ ਤੇ ਰਾਤ ਦਾ ਖਾਣਾ ਮਜ਼ਦੂਰ ਆਪਣੇ ਘਰਾਂ ਨੂੰ ਲੈ ਜਾਂਦੇ ਸਨ।

**ਖੇਤੀਬਾੜੀ ਦੇ ਸੰਦ ਅਤੇ ਤਕਨੀਕਾਂ**

ਉਦੋਂ ਬੀਜ ਡਰਿਲਾਂ ਵੀ ਨਹੀਂ ਸਨ ਹੁੰਦੀਆਂ। ਹਰ ਫਸਲ ਦੀ ਬਿਜਾਈ ਪੱਤਲੀ ਪੱਥੀ ਵਾਲੇ ਲੱਕੜ ਦੇ ਹੱਲ ਨਾਲ ਕੀਤੀ ਜਾਂਦੀ ਸੀ। ਇਉਂ ਸਾਰੇ ਦਿਨ ਵਿੱਚ ਲਗਪਗ ਚਾਰ ਕੁ ਕਨਾਲ ਬਿਜਾਈ ਹੁੰਦੀ ਸੀ। ਕਣਕ ਦੀ ਹੱਥੀਂ ਕਟਾਈ ਤੇ ਫਲ੍ਹਿਆਂ ਨਾਲ ਗਹਾਈ ਦਾ ਕੰਮ ਲਗਪਗ ਮਹੀਨਾ-ਮਹੀਨਾ ਚਲਦਾ ਰਹਿੰਦਾ ਸੀ। ਇਸੇ ਦੌਰਾਨ ਤੇਜ਼ ਹਨੇਰੀਆਂ ਤੇ ਮੀਂਹ ਵੀ ਆ ਜਾਂਦੇ ਸਨ। ਮੌਸਮ ਦਾ ਹਾਲ ਜਾਨਣ ਲਈ ਕੋਈ ਸਰੋਤ ਅਤੇ ਸੁਵਿਧਾ ਨਹੀਂ ਸੀ ਹੁੰਦੀ। ਸਾਦਗੀ ਇਥੋਂ ਤਕ ਹੁੰਦੀ ਸੀ ਕਿ ਆਪਣੇ ਖੇਤਾਂ ਵਿੱਚੋਂ ਹੀ ਪੈਦਾ ਕੀਤੀ ਕਪਾਹ ਤੋਂ ਰੂੰਅ ਅਤੇ ਸੂਤ ਤਿਆਰ ਕਰਕੇ ਕਿਸਾਨ ਖੱਦਰ ਦੇ ਕੱਪੜੇ ਵਰਤਦੇ ਸਨ। ਜੋ ਗਰਮੀਆਂ ਵਿੱਚ ਠੰਡੇ ਤੇ ਸਰਦੀਆਂ ਵਿੱਚ ਗਰਮ ਰਹਿੰਦੇ ਸਨ ਅਤੇ ਇਹ ਕੱਪੜੇ ਪਹਿਨਣ ਨਾਲ ਸਰੀਰਾਂ ਨੂੰ ਚਮੜੀ ਦੇ ਰੋਗ ਵੀ ਨਹੀਂ ਸਨ ਲੱਗਦੇ।

**ਨਵੀਆਂ ਖੇਤੀ ਤਕਨੀਕਾਂ ਤੇ ਪ੍ਰਗਤੀਸ਼ੀਲ ਕਿਸਾਨਾਂ ਤੋਂ ਸੇਧ ਲੈਣ ਆਮ ਕਿਸਾਨ**



ਖੇਤੀ ਦੇ ਭਲੇ ਲਈ ਕਿਸਾਨ ਸਰਕਾਰਾਂ ਨਾਲ ਲੜਨ ਦੀ ਥਾਂ ਮੰਨ ਵਿੱਚ ਚਿੰਤਨ ਕਰਨ ਕਿਉਂਕਿ ਖੇਤੀ ਨੂੰ ਸਥਿਰ ਰੱਖਣ ਦਾ ਕੰਮ ਸਰਕਾਰਾਂ ਨੇ ਨਹੀਂ, ਕਿਸਾਨਾਂ ਨੇ ਖ਼ੁਦ ਕਰਨਾ ਹੈ। ਹਾਲਾਂਕਿ ਸਰਕਾਰਾਂ ਵੱਲੋਂ ਖੇਤੀ ਲਈ ਬਿਜਲੀ ਦੀ ਭਰੋਸੋਯੋਗ ਸਪਲਾਈ, ਸਮੇਂ ਸਿਰ ਰਸਾਇਣਾਂ ਦਾ ਪ੍ਰਬੰਧ ਮੰਡੀਆਂ ਵਿਚ ਕਿਸਾਨਾਂ ਦਾ ਸੋਸ਼ਣ ਤੇ ਮਿੱਲਾਂ ਨੂੰ ਦਿੱਤੇ ਗਏ ਗੰਨੇ ਦੇ ਪੈਸਿਆਂ ਦੀ ਸਮੇਂ ਸਿਰ ਅਦਾਇਗੀ ਵਰਗੀਆਂ ਹੋਰ ਛੋਟੀਆਂ-ਛੋਟੀਆਂ ਲੋੜਾਂ ਲਈ ਸਰਕਾਰਾਂ ਨਾਲ ਸੰਪਰਕ ਕਰਨ ਦੀ ਲੋੜ ਬਣੀ ਰਹੇਗੀ। ਸਾਢੇ ਤਿੰਨ ਦਹਾਕੇ ਪਹਿਲਾਂ ਦੇ ਮੁਕਾਬਲੇ ਅੱਜ ਤਾਂ ਖੇਤੀ ਲਈ ਹਰ ਸੌਖੀ ਸਹੂਲਤ ਮੌਜੂਦ ਹੈ। ਫਸਲਾਂ ਦੀ ਬਿਜਾਈ ਲਈ ਟਰੈਕਟਰ ਤੇ ਬੀਜ ਡਰਿੱਲਾਂ ਆ ਗਈਆਂ ਹਨ ਤੇ ਫਸਲਾਂ ਦੀ ਕਟਾਈ ਲਈ ਕੰਬਾਇਨਾਂ ਆ ਗਈਆਂ ਹਨ। ਇਹ ਮਸ਼ੀਨਾਂ ਮਹੀਨਿਆਂ ਦੇ ਮੁਕਾਬਲੇ ਕਿਸਾਨਾਂ ਨੂੰ ਕੁਝ ਘੰਟਿਆਂ ਵਿੱਚ ਹੀ ਵਿਹਲੇ ਕਰ ਦਿੰਦੀਆਂ ਹਨ। ਕਈ ਹਫ਼ਤੇ ਗੁਡਾਈਆਂ ਕਰਨ ਦੇ ਮੁਕਾਬਲੇ ਇਕ ਪੰਪ ਨਾਲ ਤਿੰਨ ਚਾਰ ਘੰਟਿਆਂ ਵਿੱਚ ਫ਼ਸਲ ਤੇ ਨਦੀਨ ਨਾਸ਼ਕ ਸਪਰੇਅ ਕਰਕੇ ਘਰ ਆ ਜਾਂਦੇ ਹਨ। ਬਹੁਤੇ ਕਿਸਾਨ ਫ਼ਸਲ ਦੀ ਬਿਜਾਈ ਕਟਾਈ ਛੱਡ ਕੇ ਖੇਤਾਂ ਵਿਚ ਜਾ ਕੇ ਪੈਰ ਪਾਉਣ ਲਈ ਤਿਆਰ ਨਹੀਂ ਹੁੰਦੇ। ਅੱਜ ਆਧੁਨਿਕ ਖੇਤੀ ਦੇ ਕੰਮ ਲਈ ਸਰਕਾਰਾਂ ਵੱਲੋਂ ਸਿਖਲਾਈ ਵੀ ਮੁਫ਼ਤ ਸੇਵਾ ਹਾਜ਼ਿਰ ਹੈ। ਬੈਂਕਾਂ ਵਿਚ ਕਰਜ਼ੇ ਦੀ ਲਿਮਟ ਬਣਾ ਕਿ ਕਿਸਾਨ 4 ਫ਼ੀਸਦੀ ਦੇ ਵਿਆਜ ਤੇ 3 ਲੱਖ ਰੁਪਏ ਤਕ ਕਰਜ਼ਾ ਪ੍ਰਾਪਤ ਕਰ ਸਕਦੇ ਹਨ। ਖੇਤੀ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਮੌਸਮ ਦਾ ਹਾਲ ਦੱਸਣ ਵਰਗੇ ਅਤੇ ਖੜ੍ਹੇ ਪੈਰ ਦੂਰ ਦੁਰਾਡੇ ਸੰਪਰਕ ਕਰਨ ਦੇ ਸਾਧਨ ਮੌਜੂਦ ਹਨ। ਕਲਿਆਣਕਾਰੀ ਗਿਆਨ ਵਿਸ਼ਿਆਂ ਕਿਸਾਨਾਂ ਦੀ ਸੇਵਾ ਲਈ ਹਾਜ਼ਰ ਹੈ। ਹੁਣ ਖੇਤੀ ਕਿਵੇਂ ਘਾਟੇ ਵਿੱਚ ਜਾ ਸਕਦੀ ਹੈ ?

**ਘਾਟੇ ਤੇ ਖ਼ੁਦਕੁਸ਼ੀਆਂ ਦੇ ਕਾਰਨ**

ਚੜਸ ਤੇ ਹਲਟ ਦੇ ਮੁਕਾਬਲੇ ਟਿਊਬਵੈਲ ਵੇਖਦਿਆਂ-ਵੇਖਦਿਆਂ ਖੇਤਾਂ ਨੂੰ ਪਾਣੀ ਨਾਲ ਭਰ ਦਿੰਦੇ ਹਨ। ਸਾਡੇ ਖੇਤੀ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਰਾਹੀਂ ਕਣਕ ਦਾ ਝਾੜ ਚਾਰ ਤੋਂ ਪੰਜ ਕੁਇੰਟਲ ਦੇ ਮੁਕਾਬਲੇ 22 ਤੋਂ 25 ਕੁਇੰਟਲ ਤਕ ਲੈ ਆਂਦਾ ਹੈ। ਹੁਣ ਖੇਤੀ ਵਿੱਚ ਘਾਟਾ ਕਿਉ ਹੈ ? ਖ਼ੁਦਕਸ਼ੀਆਂ ਕਿਉਂ ਹਨ ? ਜ਼ਰੂਰ ਕਿਤੇ ਕੋਈ ਗੜਬੜ ਤੇ ਖੇਤੀ ਦੀ ਵਿਉਂਤਬੰਦੀ ਵਿੱਚ ਕੋਈ ਘਾਟ ਹੈ। ਅਜੋਕੀ ਖੇਤੀ ਵਿੱਚ ਨਿਘਾਰ ਦੀ ਗੱਲ ਕਰੀਏ ਤਾਂ ਇਹ ਵੀ ਵਿਚਾਰਨਾ ਪਵੇਗਾ ਕਿ ਜਿਹੜੇ ਕਿਸਾਨ ਕੇਵਲ ਕਣਕ ਝੋਨੇ ਦੀ ਖੇਤੀ ਹੀ ਕਰਦੇ ਹਨ, ਇਨ੍ਹਾਂ ਦੋਵਾਂ ਫਸਲਾਂ ਦੀ ਬਿਜਾਈ, ਲਵਾਈ ਤੇ ਕਟਾਈ ਲਈ ਇਕ ਮਹੀਨਾ ਕੰਮ ਕਰਕੇ ਅਜੋਕੇ ਕਿਸਾਨ 11 ਮਹੀਨੇ ਵਿਹਲੇ ਰਹਿੰਦੇ ਹਨ। ਇਸ ਵਿਹਲੇ ਸਮੇਂ ਵਿੱਚ ਬਹੁਤੇ ਕਿਸਾਨ ਕੇਵਲ ਆਪਣੀ ਅਤੇ ਨੇੜੇ-ਤੇੜੇ ਦੇ ਲੋਕਾਂ ਦੀ ਲੋੜ ਲਈ ਪੰਜ ਸੱਤ ਬੂਟੇ ਫਲਾਂ ਅਤੇ ਪੰਜ ਸੱਤ ਮਰਲੇ ਸਬਜ਼ੀ ਲਾਉਣ ਲਈ ਤਿਆਰ ਨਹੀਂ। ਹਾਲਾਂਕਿ ਸਬਜ਼ੀਆਂ ਤੇ ਫਲ ਹੱਦ ਸਿਰੇ ਤੱਕ ਮਹਿੰਗੇ ਹਨ। ਹਕੀਕਤ ਇਹ ਹੈ ਕਿ ਜਿਹੜੇ ਅਜੋਕੇ ਕਿਸਾਨ ਬਦਲਵੀਆਂ ਨਵੀਆਂ ਤੇ ਵਿਲੱਖਣ ਫਸਲਾਂ ਦੀ ਕਾਸ਼ਤ ਕਰਕੇ ਅਤੇ ਆਪਣੀਆਂ ਖੇਤੀ ਜਿਣਸਾਂ ਨੂੰ ਪ੍ਰੋਸੈਸ ਕਰਕੇ ਖਪਤਕਾਰਾਂ ਨਾਲ ਸਿੱਧੇ ਰਿਸ਼ਤੇ ਸਥਾਪਿਤ ਕਰਨ ਵਿੱਚ ਸਫਲ ਹੋਣਗੇ। ਉਨ੍ਹਾਂ ਦੇ ਕਾਫ਼ਲੇ ਮੰਜ਼ਿਲ ਤੱਕ ਪਹੁੰਚ ਲਈ ਅੱਗੇ ਲੰਘ ਜਾਣਗੇ ਤੇ ਬਾਕੀ ਕਿਸਾਨ ਜੀਵਨ ਦੇ ਮਾਰਗ ’ਤੇ ਗੋਡਿਆ ਵਿੱਚ ਸਿਰ ਦੇ ਕੇ ਕੁਦਰਤ ’ਤੇ ਅਤੇ ਸਰਕਾਰਾਂ ’ਤੇ ਗਿੱਲਾ ਕਰਨ ਜੋਗੇ ਰਹਿ ਜਾਣਗੇ।

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸਮਾਜਿਕ ਢਾਂਚੇ ਦੀਆਂ ਕਮਜ਼ੋਰੀਆਂ ਅਤੇ ਮਨੁੱਖੀ ਸੁਭਾਅ

ਡਾ. ਪਰਮਜੀਤ ਸਿੰਘ ਕੱਟੂ

ਸੋਸ਼ਲ ਮੀਡੀਆ ’ਤੇ ਵਾਇਰਲ ਇੱਕ ਅਜੀਬੋ-ਗਰੀਬ ਪੋਸਟ ਨੇ ਸਮਾਜਿਕ ਸਮੱਸਿਆਵਾਂ ਦੀਆਂ ਡੂੰਘੀਆਂ ਪਰਤਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ। ਇੱਕ ਹਿੰਦੀ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ ਦੀ ਕਾਪੀ ਸਾਂਝੀ ਕੀਤੀ ਗਈ ਸੀ, ਜਿਸ ਵਿੱਚ ਇੱਕ ਨੌਜਵਾਨ ਲੜਕੇ ਨੇ ਐਲਾਨ ਕੀਤਾ ਸੀ ਕਿ ਉਹ ਇਕ ਖ਼ਾਸ ਲੜਕੀ (ਜਿਸ ਦਾ ਨਾਂ ਅਤੇ ਪਤਾ ਵੀ ਇਸ਼ਤਿਹਾਰ ਵਿੱਚ ਸੀ) ਨਾਲ ਵਿਆਹ ਕਰਨ ਜਾ ਰਿਹਾ ਹੈ। ਇਸ਼ਤਿਹਾਰ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਜੇਕਰ ਉਸ ਲੜਕੀ ਦਾ ਕੋਈ ਪ੍ਰੇਮੀ ਹੈ, ਤਾਂ ਉਹ ਵਿਆਹ ਤੋਂ ਪਹਿਲਾਂ ਸੰਪਰਕ ਕਰ ਸਕਦਾ ਹੈ। ਇਹ ਇਸ਼ਤਿਹਾਰ, ਭਾਵੇਂ ਇੱਕ ਚੁਟਕਲਾ ਹੀ ਕਿਉਂ ਨਾ ਹੋਵੇ, ਸਾਡੇ ਸਮਾਜ ਦੀਆਂ ਕੁਝ ਗੰਭੀਰ ਸਮੱਸਿਆਵਾਂ ਨੂੰ ਉਜਾਗਰ ਕਰਦਾ ਹੈ। ਸੋਸ਼ਲ ਮੀਡੀਆ ’ਤੇ ਇਸ ਨੂੰ ਲੈ ਕੇ ਹਾਸੋ-ਹੀਣੀਆਂ ਟਿੱਪਣੀਆਂ ਤਾਂ ਆਈਆਂ, ਪਰ ਇਸ ਨੇ ਸਾਡੇ ਸਮਾਜਿਕ ਢਾਂਚੇ ਦੀਆਂ ਕਮਜ਼ੋਰੀਆਂ ਅਤੇ ਮਨੁੱਖੀ ਸੁਭਾਅ ਦੇ ਟਕਰਾਅ ਨੂੰ ਵੀ ਸਾਹਮਣੇ ਲਿਆਂਦਾ।

ਇਹ ਇਸ਼ਤਿਹਾਰ ਸਿਰਫ਼ ਇੱਕ ਮਜ਼ਾਕ ਨਹੀਂ, ਸਗੋਂ ਸਮਾਜਿਕ ਨਿਯਮਾਂ ਅਤੇ ਮਨੁੱਖੀ ਕੁਦਰਤ ਦੇ ਵਿਚਕਾਰ ਚੱਲ ਰਹੇ ਟਕਰਾਅ ਦਾ ਪ੍ਰਤੀਕ ਹੈ। ਮਨੁੱਖ ਇੱਕ ਕੁਦਰਤੀ ਜੀਵ ਹੈ, ਜਿਸ ਦੀਆਂ ਇੱਛਾਵਾਂ ਤੇ ਜਜ਼ਬਾਤ ਕੁਦਰਤੀ ਹੁੰਦੇ ਹਨ। ਪਰ ਸਮਾਜਿਕ ਢਾਂਚਾ, ਜੋ ਵਿਆਹ, ਪਰਿਵਾਰ ਅਤੇ ਸਮਾਜਿਕ ਨੈਤਿਕਤਾ ਦੇ ਨਿਯਮਾਂ ’ਤੇ ਅਧਾਰਿਤ ਹੈ, ਇਨ੍ਹਾਂ ਕੁਦਰਤੀ ਇੱਛਾਵਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਟਕਰਾਅ ਕਈ ਵਾਰ ਤਬਾਹਕੁੰਨ ਸਾਬਤ ਹੁੰਦਾ ਹੈ। ਅੱਜ-ਕੱਲ੍ਹ ਖ਼ਬਰਾਂ ਵਿੱਚ ਅਕਸਰ ਅਜਿਹੀਆਂ ਘਟਨਾਵਾਂ ਸੁਰਖ਼ੀਆਂ ਬਣਦੀਆਂ ਹਨ, ਜਿੱਥੇ ਜੀਵਨਸਾਥੀ ਨੇ ਪ੍ਰੇਮ ਸੰਬੰਧਾਂ ਦੇ ਚੱਲਦਿਆਂ ਇਕ-ਦੂਜੇ ਦਾ ਕਤਲ ਕਰ ਦਿੱਤਾ। ਅਣਖ, ਸਮਾਜਿਕ ਦਬਾਅ ਅਤੇ ਵਿਅਕਤੀਗਤ ਇੱਛਾਵਾਂ ਦਾ ਅਸੰਤੁਲਨ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦਾ ਹੈ।



### ਭਰਮ ਪੈਦਾ ਕਰਦੀ ਇੰਟਰਨੈੱਟ ਦੀ ਦੁਨੀਆ

ਅਸਲ ਵਿੱਚ, ਕੁਦਰਤ ਅਤੇ ਸੱਭਿਆਚਾਰ ਦੇ ਖ਼ੂਨੀ ਟਕਰਾਅ ’ਚ ਵੱਡਾ ਕਾਰਨ ਵਰਚੁਅਲ ਸੰਸਾਰ ਬਣ ਰਿਹਾ ਹੈ। ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਦੁਨੀਆ ਵਿਅਕਤੀ ਨੂੰ ਆਜ਼ਾਦੀ ਦਾ ਭਰਮ ਪ੍ਰਦਾਨ ਕਰਦੀ ਹੈ, ਜਿੱਥੇ ਉਹ ਆਪਣੀਆਂ ਇੱਛਾਵਾਂ, ਸੰਬੰਧਾਂ ਅਤੇ ਜਜ਼ਬਾਤ ਨੂੰ ਬਿਨਾਂ ਕਿਸੇ ਸਮਾਜਿਕ ਪਾਬੰਦੀ ਦੇ ਪ੍ਰਗਟ ਕਰ ਸਕਦਾ ਹੈ। ਪਰ ਇਹ ਵਰਚੁਅਲ ਆਜ਼ਾਦੀ ਅਕਸਰ ਜ਼ਮੀਨੀ ਹਕੀਕਤਾਂ ਨਾਲ ਟਕਰਾਉਂਦੀ ਹੈ, ਜਿਸ ਨਾਲ ਸੰਘਰਸ਼ ਅਤੇ ਹਿੰਸਾ ਪੈਦਾ ਹੁੰਦੀ ਹੈ। ਵਰਚੁਅਲ ਸੰਸਾਰ ਵਿਚ ਬਣੇ ਸੰਬੰਧ ਜਾਂ ਇੱਛਾਵਾਂ, ਜਦੋਂ ਸਮਾਜਿਕ ਨਿਯਮਾਂ ਅਤੇ ਵਿਆਹੁਤਾ ਜੀਵਨ ਦੀਆਂ ਜ਼ੰਜ਼ੀਰਾਂ ਨਾਲ ਟਕਰਾਉਂਦੀਆਂਹਨ, ਤਾਂ ਅਕਸਰ ਕਤਲੇਆਮ ਦਾ ਕਾਰਨ ਬਣਦੀਆਂ ਹਨ। ਇਹ ਵਰਚੁਅਲ ਅਤੇ ਅਸਲ ਜੀਵਨ ਦਾ ਅੰਤਰ ਸਮਾਜਿਕ ਸੰਘਰਸ਼ ਨੂੰ ਹੋਰ ਗੰਭੀਰ ਬਣਾਉਂਦਾ ਹੈ। ਫਰਾਂਸੀਸੀ ਫ਼ਿਲਾਸਫਰ ਰੂਸੋ ਨੇ ਆਪਣੀਆਂ ਰਚਨਾਵਾਂ ਵਿੱਚ ਮਨੁੱਖੀ ਸੁਤੰਤਰਤਾ ਅਤੇ ਸਮਾਜਿਕ ਗ਼ੁਲਾਮੀ ’ਤੇ ਡੂੰਘੀ ਚਰਚਾ ਕੀਤੀ। ਉਸ ਦਾ ਮਸ਼ਹੂਰ ਵਾਕ, ਮਨੁੱਖ ਪੈਦਾ ਆਜ਼ਾਦ ਹੁੰਦਾ ਹੈ, ਪਰ ਹਰ ਥਾਂ ਜ਼ੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ। ਸਮਾਜਿਕ ਢਾਂਚੇ ਦੀਆਂ ਜ਼ੰਜ਼ੀਰਾਂ ਨੂੰ ਉਜਾਗਰ ਕਰਦਾ ਹੈ। ਰੂਸੋ ਮੁਤਾਬਕ, ਮਨੁੱਖ ਕੁਦਰਤੀ ਅਵਸਥਾ ਵਿੱਚ ਪੂਰੀ ਤਰ੍ਹਾਂ ਆਜ਼ਾਦ ਹੁੰਦਾ ਹੈ, ਪਰ ਸਮਾਜਿਕ ਸੰਧੀ, ਜਾਇਦਾਦ ਦੀ ਵੰਡ ਅਤੇ ਅਸਮਾਨਤਾ ਉਸ ਨੂੰ ਜ਼ੰਜ਼ੀਰਾਂ ’ਚ ਜਕੜ ਦਿੰਦੇ ਹਨ। ਜੇਕਰ ਸਮਾਜਿਕ ਸੰਧੀ ਸਮਾਨਤਾ ਅਤੇ ਸਾਂਝੀ ਇੱਛਾ ’ਤੇ ਅਧਾਰਿਤ ਨਾ ਹੋਵੇ, ਤਾਂ ਇਹ ਮਨੁੱਖ ਨੂੰ ਸੁਤੰਤਰਤਾ ਦੀ ਬਜਾਏ ਗ਼ੁਲਾਮੀ ਵੱਲ ਧੱਕਦੀ ਹੈ। ਇਹ ਜ਼ੰਜ਼ੀਰਾਂ ਸਿਰਫ਼ ਆਰਥਿਕ ਜਾਂ ਸਮਾਜਕ ਅਸਮਾਨਤਾ ਤੱਕ ਸੀਮਤ ਨਹੀਂ, ਸਗੋਂ ਨੈਤਿਕਤਾ, ਵਿਆਹ ਅਤੇ ਪਰਿਵਾਰਕ ਨਿਯਮਾਂ ਦੇ ਰੂਪ ਵਿਚ ਵੀ ਸਾਹਮਣੇ ਆਉਂਦੀਆਂਹਨ। ਇਹ ਨਿਯਮ ਕਈ ਵਾਰ ਮਨੁੱਖੀ ਇੱਛਾਵਾਂ ਨੂੰ ਦਬਾਉਂਦੇ ਹਨ, ਜਿਸ ਨਾਲ ਅੰਦਰੂਨੀ ਅਸੰਤੁਸ਼ਟੀ ਅਤੇ ਟਕਰਾਅ ਪੈਦਾ ਹੁੰਦਾ ਹੈ। ਜਦੋਂ ਇਹ ਟਕਰਾਅ ਸਹਿਣਯੋਗ ਸੀਮਾ ਤੋਂ ਬਾਹਰ ਨਿਕਲ ਜਾਂਦਾ ਹੈ, ਤਾਂ ਇਹ ਹਿੰਸਕ ਰੂਪ ਵੀ ਲੈ ਸਕਦਾ ਹੈ, ਜਿਵੇਂ ਕਿ ਅਣਖ ਦੇ ਨਾਂ ’ਤੇ ਹੋਣ ਵਾਲੇ ਕਤਲ।

### ਸਮਾਜਿਕ ਜ਼ੰਜ਼ੀਰਾਂ ਨੂੰ ਤੋੜਨ ਦੇ ਦੋ ਤਰੀਕੇ

ਸਮਾਜਿਕ ਜ਼ੰਜ਼ੀਰਾਂ ਨੂੰ ਤੋੜਨ ਦੇ ਦੋ ਤਰੀਕੇ ਹੁੰਦੇ ਹਨ: ਸੱਭਿਅਕ ਅਤੇ ਅਸੱਭਿਅਕ। ਸੱਭਿਅਕ ਮਨੁੱਖ ਇਨ੍ਹਾਂ ਜ਼ੰਜ਼ੀਰਾਂ ਨੂੰ ਸੰਵਾਦ, ਸਮਝ, ਅਤੇ ਸੁਧਾਰ ਰਾਹੀਂ ਤੋੜਨ ਦੀ ਕੋਸ਼ਿਸ਼ ਕਰਦੇ ਹਨ। ਉਹ ਸਮਾਜਿਕ ਨਿਯਮਾਂ ਨੂੰ ਸਵੀਕਾਰ ਕਰਦੇ ਹੋਏ ਵੀ ਆਪਣੀ ਸੁਤੰਤਰਤਾ ਦੀ ਭਾਲ ਕਰਦੇ ਹਨ। ਪਰ ਅਸੱਭਿਅਕ ਮਨੁੱਖ, ਜੋ ਸਮਾਜਿਕ ਦਬਾਅ ਤੇ ਅੰਦਰੂਨੀ ਟਕਰਾਅ ਨੂੰ ਸਹਿਣ ਨਹੀਂ ਕਰ ਪਾਉਂਦੇ,ਅਕਸਰ ਹਿੰਸਕ ਜਾਂ ਵਿਨਾਸ਼ਕਾਰੀ ਰਾਹ ਅਪਣਾਉਂਦੇ ਹਨ।

ਅਜਿਹੇ ਮਾਮਲਿਆਂ ਵਿੱਚ, ਜੀਵਨਸਾਥੀ ਦਾ ਕਤਲ ਜਾਂ ਪ੍ਰੇਮ ਸੰਬੰਧਾਂ ਨਾਲ ਜੁੜੀ ਹਿੰਸਾ ਸਮਾਜਿਕ ਨਿਯਮਾਂ ਦੇ ਵਿਰੁੱਧ ਬਗ਼ਾਵਤ ਦਾ ਇਕ ਅਸੱਭਿਅਕ ਰੂਪ ਹੈ। ਹਾਲਾਂਕਿ ਇਹ ‘ਸੱਭਿਅਕ’ ਤੇ ‘ਅਸੱਭਿਅਕ’ ਤਰੀਕੇ ਵੱਖਰੀ ਚਰਚਾ ਦੀ ਮੰਗ ਕਰਦੇ ਹਨ ਕਿਉਂਕਿ ਅੰਗਰੇਜ਼ ਸਾਨੂੰ ਸੱਭਿਅਕ ਬਣਾਉਣ ਆਏ ਸੀ, ਕੰਗਾਲ ਕਰਕੇ ਤੁਰਗੇ। ਇਨ੍ਹਾਂ ਸਮਾਜਿਕ ਜ਼ੰਜ਼ੀਰਾਂ ਦਾ ਸਭ ਤੋਂ ਵੱਡਾ ਪ੍ਰਭਾਵ ਔਰਤਾਂ ’ਤੇ ਪੈਂਦਾ ਹੈ। ਸੁਰਜੀਤ ਪਾਤਰ ਦੀਆਂ ਇਹ ਪੰਕਤੀਆਂ ਇਸ ਸੱਚਾਈ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀਆਂ ਹਨ:

ਇੱਕ ਕੈਦ ’ਚੋਂ ਦੂਜੀ ਕੈਦ ’ਚ ਪਹੁੰਚ ਗਈ ਏਂ
ਕੀ ਖੱਟਿਆ ਮਹਿੰਦੀ ਲਾ ਕੇ ਤੇ ਵਟਣਾ ਮਲ ਕੇ।

ਮੱਧ-ਵਰਗ ਤੇ ਨਿਮਨ-ਵਰਗ ਹੁੰਦੈ ਪ੍ਰਭਾਵਿਤ

ਕੁਦਰਤ ਅਤੇ ਸੱਭਿਆਚਾਰ ਦਾ ਖ਼ੂਨੀ ਟਕਰਾਅ ਸਭ ਤੋਂ ਵਧੇਰੇ ਮੱਧ-ਵਰਗ ਅਤੇ ਨਿਮਨ-ਵਰਗ ਵਿੱਚ ਵਾਪਰਦਾ ਹੈ, ਕਿਉਂਕਿ ਇਨ੍ਹਾਂ ਵਰਗਾਂ ਨੇ ਹੀ ਸੱਭਿਆਚਾਰ ਨੂੰ ਘੁੱਟ ਕੇ ਕਰਿੰਗੜੀ ਪਾਈ ਹੁੰਦੀ ਹੈ। ਇਹ ਵਰਗ ਆਪਣੇ ਆਪ ਨੂੰ ਸੱਭਿਆਚਾਰ ਅਤੇ ਨੈਤਿਕਤਾ ਦੇ ਰਖਵਾਲੇ ਸਮਝਦੇ ਹਨ, ਜਿਸ ਕਾਰਨ ਉਹ ਸਮਾਜਿਕ ਨਿਯਮਾਂ ਨੂੰ ਸਖ਼ਤੀ ਨਾਲ ਅਪਣਾਉਂਦੇਹਨ। ਇਸ ਸਖ਼ਤੀ ਨਾਲ ਉਹ ਆਪਣੀਆਂ ਕੁਦਰਤੀ ਇੱਛਾਵਾਂ ਨੂੰ ਦਬਾਉਂਦੇ ਹਨ, ਜੋ ਅੰਦਰੂਨੀ ਸੰਘਰਸ਼ ਅਤੇ ਹਿੰਸਕ ਪ੍ਰਤੀਕਰਮ ਦਾ ਕਾਰਨ ਬਣਦੀ ਹੈ।

ਦੂਜੇ ਪਾਸੇ, ਉੱਚ-ਵਰਗ ਨੇ ਆਪਣੇ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ, ਚੋਰ-ਮੋਰੀਆਂ, ਜਾਂ ਸਮਝੌਤੇ ਬਣਾ ਰੱਖੇ ਹਨ। ਉਹ ਸਮਾਜਿਕ ਨਿਯਮਾਂ ਦੀ ਸਖਤੀ ਨੂੰ ਬਾਈਪਾਸ ਕਰ ਕੇ ਸਮਝੌਤਿਆਂ ਨੂੰ ਪਹਿਲ ਦਿੰਦੇ ਹਨ, ਜਿਸ ਨਾਲ ਉਨ੍ਹਾਂ ਵਿਚ ਖ਼ੂਨੀ ਟਕਰਾਅ ਦੀ ਸੰਭਾਵਨਾ ਘੱਟ ਹੁੰਦੀ ਹੈ। ਇਹ ਇਸ਼ਤਿਹਾਰ, ਭਾਵੇਂ ਮਜ਼ਾਕ ਦੇ ਰੂਪ ਵਿੱਚ ਸਾਹਮਣੇ ਆਇਆ ਹੋਵੇ, ਸਾਨੂੰ ਸਮਾਜਿਕ ਸੁਧਾਰ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ। ਸਮਾਜਕ ਨਿਯਮਾਂ ਅਤੇ ਕੁਦਰਤੀ ਇੱਛਾਵਾਂ ਵਿਚਕਾਰ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ। ਸਮਾਜਿਕ ਸੰਧੀ, ਜਿਸ ਦੀ ਗੱਲ ਰੂਸੋ ਨੇ ਕੀਤੀ, ਨੂੰ ਸਮਾਨਤਾ ਅਤੇ ਸਾਂਝੀ ਇੱਛਾ ’ਤੇ ਅਧਾਰਿਤ ਹੋਣਾ ਚਾਹੀਦਾ ਹੈ। ਔਰਤਾਂ ਅਤੇ ਮਰਦਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਸੁਤੰਤਰਤਾ ਮਿਲਣੀ ਚਾਹੀਦੀ ਹੈ, ਤਾਂ ਜੋ ਵਿਅਕਤੀਗਤ ਇੱਛਾਵਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਵਿਚਕਾਰ ਸੰਘਰਸ਼ ਨੂੰ ਘਟਾਇਆ ਜਾ ਸਕੇ।

ਇਸ ਤੋਂ ਇਲਾਵਾ, ਸਮਾਜ ਨੂੰ ਅਜਿਹੇ ਨਿਯਮਾਂ ਅਤੇ ਰੀਤੀ-ਰਿਵਾਜਾਂ ’ਤੇ ਮੁੜ ਵਿਚਾਰ ਕਰਨ ਦੀ ਲੋੜ ਹੈ, ਜੋ ਵਿਅਕਤੀ ਦੀ ਸੁਤੰਤਰਤਾ ਨੂੰ ਦਬਾਉਂਦੇ ਹਨ। ਸੰਵਾਦ, ਸਿੱਖਿਆ ਅਤੇ ਸਮਾਜਿਕ ਜਾਗਰੂਕਤਾ ਰਾਹੀਂ ਅਸੀਂ ਅਜਿਹੇ ਟਕਰਾਅ ਨੂੰ ਘਟਾ ਸਕਦੇ ਹਾਂ, ਜੋ ਹਿੰਸਕ ਅਤੇ ਵਿਨਾਸ਼ਕਾਰੀ ਰੂਪ ਲੈਂਦੇ ਹਨ। ਇਹ ਵਿਅੰਗਮਈ ਇਸ਼ਤਿਹਾਰ ਸਾਡੇ ਸਮਾਜ ਦੀਆਂ ਡੂੰਘੀਆਂ ਸਮੱਸਿਆਵਾਂ ਦਾ ਇਕ ਅਜਿਹਾ ਅਕਸ ਹੈ, ਜੋ ਹਾਸੇ ਦੇ ਪਿੱਛੇ ਕੌੜਾ ਸੱਚ ਲੁਕਾਉਂਦਾ ਹੈ। ਸਮਾਜਿਕ ਜ਼ੰਜ਼ੀਰਾਂ ਅਤੇ ਕੁਦਰਤੀ ਸੁਤੰਤਰਤਾ ਵਿਚਕਾਰ ਦਾ ਸੰਘਰਸ਼ ਸਦੀਆਂ ਤੋਂ ਚੱਲ ਰਿਹਾ ਹੈ, ਅਤੇ ਇਸ ਦਾ ਹੱਲ ਸਿਰਫ਼ ਸਮਾਜਿਕ ਸੁਧਾਰ ਅਤੇ ਸਮਾਨਤਾ ’ਤੇ ਅਧਾਰਿਤ ਸੰਧੀ ਵਿੱਚ ਹੀ ਸੰਭਵ ਹੈ। ਜਦੋਂ ਤੱਕ ਅਸੀਂ ਇਨ੍ਹਾਂ ਜ਼ੰਜ਼ੀਰਾਂ ਨੂੰ ‘ਸੱਭਿਅਕ ਢੰਗ’ ਨਾਲ ਤੋੜਨ ਦੀ ਕੋਸ਼ਿਸ਼ ਨਹੀਂ ਕਰਦੇ, ‘ਅਸੱਭਿਅਕ ਰਾਹ’ ਅਪਣਾਏ ਜਾਣ ਦਾ ਖ਼ਤਰਾ ਬਣਿਆ ਰਹੇਗਾ।

### ਸਮਾਜਿਕ ਜ਼ਿੰਮੇਵਾਰੀ ’ਚ ਘਿਰੀ ਔਰਤ

ਔਰਤ ਦੀ ਜ਼ਿੰਦਗੀ ਅਕਸਰ ਇੱਕ ਕੈਦ ਤੋਂ ਦੂਜੀ ਕੈਦ ਵੱਲ ਦੀ ਯਾਤਰਾ ਬਣ ਜਾਂਦੀ ਹੈ। ਮਾਪਿਆਂ ਦੇ ਘਰ ਦੀਆਂ ਪਾਬੰਦੀਆਂ ਤੋਂ ਲੈ ਕੇ ਵਿਆਹ ਤੋਂ ਬਾਅਦ ਸਹੁਰੇ-ਘਰ ਦੀਆਂ ਜ਼ਿੰਮੇਵਾਰੀਆਂ ਅਤੇ ਸਮਾਜਿਕ ਨਿਯਮਾਂ ਦੀਆਂ ਬੇੜੀਆਂ ਤੱਕ, ਔਰਤ ਨੂੰ ਆਪਣੀ ਸੁਤੰਤਰਤਾ ਦੀ ਭਾਲ ਵਿੱਚ ਅਕਸਰ ਸੰਘਰਸ਼ ਕਰਨਾ ਪੈਂਦਾ ਹੈ। ਵਿਆਹ, ਜੋ ਸਮਾਜਿਕ ਢਾਂਚੇ ਦਾ ਅਹਿਮ ਹਿੱਸਾ ਹੈ, ਕਈ ਵਾਰ ਔਰਤ ਲਈ ਸੁਤੰਤਰਤਾ ਦੀ ਬਜਾਏ ਇੱਕ ਨਵੀਂ ਜ਼ੰਜ਼ੀਰ ਬਣ ਜਾਂਦਾ ਹੈ। ਇਹ ਸਮਾਜਿਕ ਦਬਾਅ ਅਤੇ ਰਵਾਇਤੀ ਰੀਤੀ-ਰਿਵਾਜ਼ ਔਰਤ ਦੀਆਂ ਵਿਅਕਤੀਗਤ ਇੱਛਾਵਾਂ ਨੂੰ ਦਬਾਉਂਦੇ ਹਨ, ਜਿਸ ਨਾਲ ਅੰਦਰੂਨੀ ਅਸੰਤੁਸ਼ਟੀ ਅਤੇ ਮਾਨਸਿਕ ਤਣਾਅ ਪੈਦਾ ਹੁੰਦਾ ਹੈ।

# ਬਜ਼ੁਰਗਾਂ ਵਾਂਗੂ ਹੀ ਹੁੰਦੈ ਰੁੱਖਾਂ ਦਾ ਸਹਾਰਾ



ਦਲਜੀਤ ਰਾਏ ਕਾਲੀਆ

ਵਾਤਾਵਰਣ ਨੂੰ ਸੰਤੁਲਤ ਰੱਖਣ ਵਿੱਚ ਰੁੱਖਾਂ ਦਾ ਵੱਡਾ ਯੋਗਦਾਨ ਹੁੰਦਾ ਹੈ। ਸਾਉਣ-ਭਾਦੋਂ (ਜੁਲਾਈ-ਅਗਸਤ) ਦੇ ਮਹੀਨੇ ਰੁੱਖ ਲਗਾਉਣ ਲਈ ਬਹੁਤ ਅਨੁਕੂਲ ਹੁੰਦੇ ਹਨ ਅਤੇ ਇਨ੍ਹਾਂ ਮਹੀਨਿਆਂ ਦੌਰਾਨ ਰੁੱਖ ਲਗਾਉਣ ਦਾ ਪ੍ਰਚਾਰ ਵੀ ਵੱਡੀ ਪੱਧਰ ’ਤੇ ਕੀਤਾ ਜਾਂਦਾ ਹੈ। ਸਰਕਾਰਾਂ ਵੀ ਵਣ ਮਹਾਂਉਤਸਵ ਦੇ ਪ੍ਰੋਗਰਾਮ ਕਰਵਾਉਂਦੀਆਂ ਹਨ। ਕਈ ਸਮਾਜਿਕ ਸੰਸਥਾਵਾਂ ਅਤੇ ਅਦਾਰਿਆਂ ਵੀ ਹਰਿਆਵਲ ਲਹਿਰਾਂ ਦੇ ਨਾਂ ’ਤੇ ਵੱਡੇ ਉੱਦਮ ਕਰਦੇ ਹਨ। ਛੋਟੇ ਵੱਡੇ ਅਦਾਰੇ, ਬੈਂਕਾਂ, ਸਕੂਲ, ਕਾਲਜ, ਖੇਡ ਕਲੱਬਾਂ, ਨਗਰ ਪਾਲਿਕਾਵਾਂ ਅਤੇ ਪੰਚਾਇਤਾਂ ਵੱਡੇ ਪੱਧਰ ’ਤੇ ਰੁੱਖ ਲਾਉਣ ਬਾਰੇ ਖ਼ਬਰਾਂ ਪ੍ਰਕਾਸ਼ਿਤ ਕਰਵਾਉਂਦੇ ਹਨ। ਜੇ ਇਸ ਪ੍ਰਕਾਰ ਰੁੱਖ ਲਗਾਏ ਗਏ ਹੁੰਦੇ ਤਾਂ ਹੁਣ ਨੂੰ ਸਾਰਾ ਪੰਜਾਬ ਹਰਿਆ ਭਰਿਆ ਹੋਣਾ ਸੀ ਪਰ ਹਾਲਤ ਇਸ ਦੇ ਉਲਟ ਹੈ।

ਜੇ ਬੀਤੇ ਸਮਿਆਂ ਦੇ ਝਾਤ ਮਾਰੀਏ ਤਾਂ ਹਰ ਪਿੰਡ ਕਸਬੇ ਵਿੱਚ ਝਿੜੀਆਂ ਹੁੰਦੀਆਂ ਸਨ। ਪਿੰਡਾਂ ਵਿੱਚ ਚਰਾਂਦਾਂ ਵੀ ਹੁੰਦੀਆਂ ਸਨ, ਉਨ੍ਹਾਂ ਵਿੱਚ ਵੀ ਰੁੱਖ ਲੱਗੇ ਹੁੰਦੇ ਸਨ। ਰੁੱਖਾਂ ਦੇ ਝੁੰਡਾਂ ਵਿੱਚ ਸਾਉਣ ਮਹੀਨੇ ਮੋਰ ਕੂਕਦੇ ਅਤੇ ਪੈਲਾਂ ਪਾਉਂਦੇ ਸਨ, ਜਿਸ ਨਾਲ ਬੜਾ ਮਨਮੋਹਕ ਨਜ਼ਾਰਾ ਬੱਝਦਾ ਸੀ। ਹੋਰ ਪੰਛੀ ਚਹਿ-ਚਹਾਉਂਦੇ ਸਨ।

ਕੁਝ ਕਲੱਬਾਂ ਅਤੇ ਸੰਸਥਾਵਾਂ ਵੱਲੋਂ ਭਾਵੇਂ ਸਾਰਥਕ ਯਤਨ ਵੀ ਕੀਤੇ ਜਾਂਦੇ ਹਨ, ਪਰ ਵਧੇਰੇ ਸੰਸਥਾਵਾਂ ਵਾਹ-ਵਾਹ ਖੱਟਣ ਤੱਕ ਸੀਮਤ ਰਹਿੰਦੀਆਂ ਹਨ। ਕੇਵਲ ਰੁੱਖ ਲਗਾਉਂਦਿਆਂ ਦੀ ਫ਼ੋਟੋ ਸੋਸ਼ਲ ਜਾਂ ਪ੍ਰਿੰਟ ਮੀਡੀਆ ’ਤੇ ਆ ਜਾਣ ਨਾਲ ਹੀ ਸਾਡਾ ਫ਼ਰਜ਼ ਪੂਰਾ ਨਹੀਂ ਹੋ ਜਾਂਦਾ। ਸਾਨੂੰ ਰੁੱਖ ਲਗਾਉਣ ਅਤੇ ਉਨ੍ਹਾਂ ਦੇ ਪਾਲਣ ਲਈ ਸੁਹਿਰਦਤਾ ਨਾਲ ਯਤਨ ਕਰਨੇ ਪੈਣਗੇ, ਫ਼ਿਰ ਹੀ ਕੋਈ ਸਾਰਥਕ ਨਤੀਜੇ ਸਾਹਮਣੇ ਆ ਸਕਦੇ ਹਨ। ਰੇਲਵੇ ਪਟੜੀਆਂ, ਸੜਕਾਂ ਦੇ ਕਿਨਾਰੇ, ਨਹਿਰਾਂ ਦੇ ਕੰਢਿਆਂ, ਸਕੂਲਾਂ, ਕਾਲਜਾਂ ਅਤੇ ਹੋਰ ਸਾਂਝੀਆਂ ਥਾਵਾਂ ’ਤੇ ਵੱਡੀ ਗਿਣਤੀ ਵਿੱਚ ਰੁੱਖ ਲਗਾਏ ਜਾ ਸਕਦੇ ਹਨ। ਸਰਕਾਰ ਦੇ ਅਦਾਰਿਆਂ, ਸਕੂਲਾਂ, ਹਸਪਤਾਲਾਂ, ਕਾਲਜਾਂ, ਵਿਕਾਸ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰਾਂ ਅਤੇ ਹੋਰ ਦਫ਼ਤਰਾਂ ਵਿੱਚ ਕਿਸੇ ਸਮੇਂ ਸਰਕਾਰਾਂ ਵੱਲੋਂ ਮਾਲੀ ਰੱਖੇ ਜਾਂਦੇ ਸਨ, ਜਿਨ੍ਹਾਂ ਦਾ ਕੰਮ ਉੱਥੇ ਫ਼ੁੱਲ, ਬੂਟੇ, ਰੁੱਖ ਲਗਾਉਣਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਹੁੰਦਾ ਸੀ। ਉਸ ਦੀ ਜਵਾਬਦੇਹੀ ਬਣਦੀ ਸੀ। ਸਰਕਾਰੀ ਦਫ਼ਤਰਾਂ ਦੇ ਵਿਹੜੇ ਮਹਿਕਾਂ ਨਾਲ ਮਹਿਕਦੇ ਸਨ। ਦਫ਼ਤਰਾਂ ਵਿੱਚ ਕੰਮਕਾਰਾਂ ਲਈ ਆਉਣ ਵਾਲੇ ਲੋਕ ਰੁੱਖਾਂ ਹੇਠ ਬੈਠ ਕੇ ਆਪਣਾ ਸਮਾਂ ਪਾਸ ਕਰ ਲੈਂਦੇ ਸਨ ਪਰ ਸਰਕਾਰਾਂ ਹੁਣ ਰੁੱਖਾਂ ਲਾਉਣ ਵੱਲ ਧਿਆਨ ਹੀ ਨਹੀਂ ਦੇ ਰਹੀਆਂ। ਮਾਲੀਆਂ ਦੀਆਂ ਅਸਾਮੀਆਂ ਖ਼ਤਮ ਕਰ ਦਿੱਤੀਆਂ ਹਨ।

ਰੁੱਖਾਂ ਅਤੇ ਮਨੁੱਖਾਂ ਦਾ ਆਪਸੀ ਰਿਸ਼ਤਾ ਅਟੁੱਟ ਹੈ। ਰੁੱਖ ਦੀ ਮਨੁੱਖ ਨਾਲ ਸਾਂਝ ਜੰਮਣ ਤੋਂ ਲੈ ਕੇ ਅੰਤਿਮ ਸਮੇਂ ਤੱਕ ਬਣੀ ਰਹਿੰਦੀ ਹੈ। ਪੁਰਾਣੇ ਸਮੇਂ ਵਿੱਚ ਲੱਕੜ ਦਾ ਗਡੀਰਾ ਬੱਚੇ ਨੂੰ ਤੁਰਨ ਦੀ ਜਾਚ ਸਿਖਾਉਂਦਾ ਸੀ, ਅੱਜ ਕੱਲ੍ਹ ਭਾਵੇਂ ਆਧੁਨਿਕ ਖਿਡਾਉਣੇ ਆ ਗਏ ਹਨ। ਵਿਆਹ ਸ਼ਾਦੀ ਦੀਆਂ ਰਸਮਾਂ ਸਮੇਂ ਵੀ ਬੇਰੀ ਦੀਆਂ ਲੱਕੜਾਂ ਦਾ ਹਵਨ ਕਰਵਾਇਆ ਜਾਂਦਾ ਸੀ। ਮਨੁੱਖ ਦਾ ਅੰਤਿਮ ਸੰਸਕਾਰ ਵੀ ਰੁੱਖਾਂ ਦੀਆਂ ਲੱਕੜਾਂ ਨਾਲ ਹੀ ਕੀਤਾ ਜਾਂਦਾ ਸੀ/ਹੈ; ਅੱਜ ਕੱਲ੍ਹ ਭਾਵੇਂ ਅੰਤਿਮ ਸੰਸਕਾਰ ਲਈ ਬਿਜਲਈ ਭੱਠੀਆਂ ਦੀ ਵਰਤੋਂ ਵੀ ਹੋਣ ਲੱਗ ਪਈ ਹੈ। ਘਰਾਂ ਦੀ ਉਸਾਰੀ ਵਿੱਚ ਵੀ ਕਾਲਬ ਬਣਾਉਣ ਅਤੇ ਹੋਰ ਕਈ ਥਾਈਂ ਲਈ ਲੱਕੜੀ ਦਾ ਸਾਜ਼ੋ-ਸਮਾਨ ਵਰਤਿਆ ਜਾਂਦਾ ਹੈ। ਘਰਾਂ ਵਿੱਚ ਵੱਖ-ਵੱਖ ਤਰ੍ਹਾਂ ਦੀ ਲੱਕੜ ਦਰਵਾਜ਼ੇ, ਅਲਮਾਰੀਆਂ, ਬਾਰੀਆਂ ਬਣਾਉਣ ਲਈ ਵਰਤੀ ਜਾਂਦੀ ਹੈ। ਭੋਜਨ ਬਣਾਉਣ ਲਈ ਕਿਸੇ ਸਮੇਂ ਘਰਾਂ ਵਿੱਚ ਰੁੱਖਾਂ ਦੀ ਲੱਕੜੀ ਬਾਲਣ ਵਜੋਂ ਵਰਤੀ ਜਾਂਦੀ ਸੀ। ਦੇਸ਼ ਦੇ ਕਈ ਹਿੱਸਿਆਂ ਵਿੱਚ ਇਹ ਰੁਝਾਨ ਅਜੇ ਵੀ ਜਾਰੀ ਹੈ।

ਰੁੱਖਾਂ ਤੋਂ ਹੀ ਸਾਨੂੰ ਕਈ ਪ੍ਰਕਾਰ ਦੇ ਫ਼ਲ ਅਤੇ ਅਚਾਰ ਮੁਰੱਬੇ ਬਣਾਉਣ ਲਈ ਵਸਤਾਂ ਮਿਲਦੀਆਂ ਹਨ। ਰੁੱਖ ਸਾਡੇ ਆਲੇ-ਦੁਆਲੇ ਦੀ ਹਵਾ ਨੂੰ ਸ਼ੁੱਧ ਕਰਨ ਦਾ ਵਿਸ਼ੇਸ਼ ਕਾਰਜ ਕਰਦੇ ਹਨ। ਰੁੱਖਾਂ ਤੋਂ ਸਾਨੂੰ ਮੁਫ਼ਤ ਆਕਸੀਜਨ ਮਿਲਦੀ ਹੈ। ਕਰੋਨਾ ਕਾਲ ਵਿੱਚ ਆਕਸੀਜਨ ਦੇ ਸਿਲੰਡਰਾਂ ਦੀ ਘਾਟ ਕਾਰਨ ਹੀ ਵੱਡੀ ਗਿਣਤੀ ਵਿੱਚ ਮਨੁੱਖਾਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ ਸਨ ਅਤੇ ਮਰੀਜ਼ਾਂ ਦੇ ਵਾਰਸ ਕਿਸੇ ਵੀ ਕੀਮਤ ’ਤੇ ਆਕਸੀਜਨ ਦੇ ਸਿਲੰਡਰ ਲੈਣ ਲਈ ਹੱਥ ਪੈਰ ਮਾਰਦੇ ਰਹੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਜੇ ਮਨੁੱਖ ਦੇ ਰਹਿਣ ਸਥਾਨ ’ਤੇ ਦਸ ਰੁੱਖ ਲੱਗੇ ਹੋਣ ਤਾਂ ਉਸ ਦੀ ਉਮਰ ਸੱਤ ਸਾਲ ਵਧ ਜਾਂਦੀ ਹੈ। ਮਾਹਿਰਾਂ ਅਨੁਸਾਰ ਇੱਕ ਦਰੱਖਤ ਸਾਲਾਨਾ 20 ਟਨ ਜ਼ਹਿਰੀਲੀਆਂ ਗੈਸਾਂ ਹਜ਼ਮ ਕਰ ਲੈਂਦਾ ਹੈ।

ਸੜਕਾਂ ਨੂੰ ਚਾਰ ਜਾਂ ਛੇ ਮਾਰਗੀ ਬਣਾਉਣ ਸਮੇਂ ਸੜਕਾਂ ਦੇ ਆਸ-ਪਾਸ ਖੜ੍ਹੇ ਰੁੱਖਾਂ ਦਾ ਵੱਡੀ ਪੱਧਰ ’ਤੇ ਵਢਾਂਗਾ ਹੋਇਆ। ਸਦੀਆਂ ਪੁਰਾਣੇ ਰੁੱਖ ਕਾਰਪੋਰੇਟ ਜਗਤ ਵੱਲੋਂ ਕੁਝ ਸਮੇਂ ਵਿੱਚ ਹੀ ਖਤਮ ਕਰ ਦਿੱਤੇ ਗਏ ਹਨ ਜਿਨ੍ਹਾਂ ਦੀ ਭਰਪਾਈ ਕਦੇ ਵੀ ਨਹੀਂ ਹੋ ਸਕੇਗੀ। ਵੱਖ-ਵੱਖ ਸਰਕਾਰੀ ਦਫ਼ਤਰਾਂ, ਨਹਿਰਾਂ ਦੇ ਕੰਢਿਆਂ ਤੋਂ ਵੀ ਸਰਕਾਰੀ ਅਫ਼ਸਰਾਂ ਦੀ ਮਿਲੀ ਭੁਗਤ ਨਾਲ ਰੁੱਖਾਂ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਜਾਂਦਾ ਹੈ ਜਾਂ ਚੁੱਪ-ਚਪੀਤੇ ਰਾਤੋ-ਰਾਤ ਖੁਰਦ-ਬੁਰਦ ਕਰ ਦਿੱਤਾ ਜਾਂਦਾ ਹੈ। ਕਿਸੇ ਸਮੇਂ 1970 ਦੇ ਦਹਾਕੇ ਦੌਰਾਨ ਵਰਤਮਾਨ ਉੱਤਰਾਖੰਡ ਰਾਜ (ਪੁਰਾਣਾ ਨਾਂ ਉਤਰਾਂਚਲ) ਵਿੱਚ ਚਿਪਕੋ ਨਾਂ ਦਾ ਜ਼ਮੀਨੀ ਪੱਧਰ ਦਾ ਵਾਤਾਵਰਨ ਅੰਦੋਲਨ ਸ਼ੁਰੂ ਹੋਇਆ ਸੀ। ਸਥਾਨਕ ਭਾਸ਼ਾ ਵਿੱਚ ਚਿਪਕੋ ਦਾ ਅਰਥ ਹੈ ਗਲੇ ਲਗਾਉਣਾ ਜਾਂ ਚੰਬੜਨਾ। ਜਦੋਂ ਠੇਕੇਦਾਰਾਂ ਦੇ ਕਰਿੰਦੇ ਰੁੱਖ ਕੱਟਣ ਆਉਂਦੇਸਨ ਤਾਂ ਸਥਾਨਕ ਲੋਕ ਰੁੱਖਾਂ ਨਾਲ ਚੁੰਬੜ ਜਾਂਦੇ ਸਨ ਅਤੇ ਰੁੱਖ ਕੱਟਣ ਗਏ ਕਾਮਿਆਂ ਨੂੰ ਖਾਲੀ ਹੱਥ ਵਾਪਸ ਪਰਤਣਾ ਪੈਂਦਾ ਸੀ। ਇਸ ਅੰਦੋਲਨ ਦੇ ਉੱਘੇ ਨੇਤਾ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਸਨ ਅਤੇ ਉਨ੍ਹਾਂ ਦੇਸ਼ ਵਿੱਚ ਲੰਮੀ ਪੈਦਲ ਯਾਤਰਾ ਵੀ ਕੀਤੀ ਸੀ। ਇਸ ਅੰਦੋਲਨ ਦੇ ਨਤੀਜੇ ਵਜੋਂ ਸਰਕਾਰ ਨੇ ਕਈ ਜੰਗਲਾਂ ਨੂੰ ਸੁਰੱਖਿਅਤ ਐਲਾਨ ਦਿੱਤਾ ਗਿਆ ਸੀ। ਵਰਤਮਾਨ ਸਮੇਂ ਦੌਰਾਨ ਅਜਿਹੀ ਲੋਕ ਲਹਿਰ ਵੱਡੀ ਪੱਧਰ ’ਤੇ ਉਸਾਰਨ ਦੀ ਬਹੁਤ ਜ਼ਿਆਦਾ ਲੋੜ ਹੈ। ਦੇਸ਼ ਵਿੱਚ ਅਖੌਤੀ ਆਰਥਿਕ ਸੁਧਾਰਾਂ ਦੇ ਸ਼ੁਰੂ ਹੋਣ ਨਾਲ ਵਾਤਾਵਰਣ ਦੀ ਬਰਬਾਦੀ ਦੀ ਰਫ਼ਤਾਰ ਤੇਜ਼ ਹੋਈ ਹੈ ਅਤੇ ਵੱਡੇ ਪੱਧਰ ’ਤੇ ਜੰਗਲਾਂ ਨੂੰ ਬਰਬਾਦ ਕੀਤਾ ਗਿਆ ਹੈ। ਜੰਗਲਾਂ ਦੀ ਕਟਾਈ ਨਾਲ ਆਲਮੀ ਤਪਸ਼ ਲਗਾਤਾਰ ਵਧ ਰਹੀ ਹੈ। ਮਾਹਿਰਾਂ ਦਾ ਅਨੁਮਾਨ ਹੈ ਕਿ ਮੌਸਮ ਵਿੱਚ ਵਾਪਰ ਰਹੀਆਂ ਤਬਦੀਲੀਆਂ ਕਾਰਨ 2050 ਤੱਕ ਗਰਮੀਆਂ ਦੇ ਤਾਪਮਾਨ ਵਿੱਚ 3.2 ਡਿਗਰੀ ਦਾ ਵਾਧਾ ਹੋ ਜਾਵੇਗਾ।

# ਮੌਲ ਨੇ ਖਾ ਲਿਆ ਮੇਲਿਆਂ ਦੀ ਰੌਣਕ ਨੂੰ



**ਐੱਸ. ਕੇ. ਅਗਰਵਾਲ**



ਮੇਲਾ ਸ਼ਬਦ ਮੇਲ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਮਿਲਣਾ। ਪੁਰਾਣੇ ਸਮੇਂ ਵਿੱਚ ਮੇਲਾ ਲੋਕਾਂ ਦੇ ਮਿਲਣ ਗਿਲਣ ਦਾ ਇੱਕ ਜ਼ਰੀਆ ਹੁੰਦਾ ਸੀ। ਮੇਲਿਆਂ ਵਿੱਚ ਪੰਜਾਬੀ ਜੀਵਨ ਅਤੇ ਸੱਭਿਆਚਾਰ ਦੇ ਦਰਸ਼ਨ ਹੁੰਦੇ ਹਨ। ਮੇਲਿਆਂ ਵਿੱਚ ਸਮਾਜ ਦਾ ਜੀਵਨ ਧੜਕਦਾ ਹੈ। ਮੇਲਿਆਂ ਦਾ ਸਬੰਧ ਸਾਡੇ ਇਤਿਹਾਸ ਤੇ ਧਾਰਮਿਕ ਵਿਰਸੇ ਨਾਲ ਹੈ। ਪੰਜਾਬ ਮੇਲਿਆਂ ਦੀ ਧਰਤੀ ਹੈ ਇੱਥੇ ਲਗਪਗ ਹਰ ਮਹੀਨੇ ਵੱਖ-ਵੱਖ ਤਰ੍ਹਾਂ ਦੇ ਮੇਲੇ ਲੱਗਦੇ ਹਨ। ਇੱਕ ਮੇਲੇ ਵਿੱਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਦੇਖੀਆਂ ਜਾ ਸਕਦੀਆਂ ਹਨ ਅਤੇ ਇਥੇ ਕਈ ਤਰ੍ਹਾਂ ਦੀਆਂ ਦੁਕਾਨਾਂ ਅਤੇ ਮਨੋਰੰਜਨ ਦੇ ਸਾਧਨ ਹੁੰਦੇ ਹਨ।

ਪੰਜਾਬ 'ਚ ਹਰ ਥਾਂ ਮੇਲੇ ਲੱਗਦੇ ਹਨ, ਜੋ ਜ਼ਿਆਦਾਤਰ ਧਾਰਮਿਕ ਹੁੰਦੇ ਹਨ ਪਰ ਕੁਝ ਪਸ਼ੂ, ਵਪਾਰ ਅਤੇ ਖੇਤੀਬਾੜੀ ਮੇਲਿਆਂ ਦੇ ਨਾਲ-ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵੀ ਮੇਲੇ ਲਗਾਏ ਜਾਂਦੇ ਹਨ। ਪੰਜਾਬ ਦੇ ਕੁਝ ਪ੍ਰਮੁੱਖ ਮੇਲੇ ਜਿਨ੍ਹਾਂ ਵਿੱਚ ਵਿਸਾਖੀ ਦਾ ਮੇਲਾ, ਜਰਗ ਦਾ ਮੇਲਾ, ਛਪਾਰ ਦਾ ਮੇਲਾ, ਮਾਘੀ ਦਾ ਮੇਲਾ, ਜਗਰਾਓਂ ਰੌਸ਼ਨੀ ਦਾ ਮੇਲਾ, ਹੈਦਰ ਸ਼ੇਖ ਦਾ ਮੇਲਾ, ਅਨੰਦਪੁਰ ਹੋਲੇ-ਮਹੱਲੇ ਦਾ ਮੇਲਾ, ਬਾਬਾ ਫ਼ਰੀਦ ਦਾ ਮੇਲਾ, ਬਾਬਾ ਸੋਢਲ ਦਾ ਮੇਲਾ ਤੇ ਕੁਝ ਹੋਰ ਮੇਲੇ ਸ਼ਾਮਿਲ ਹਨ।

ਵਿਸਾਖੀ ਦਾ ਮੇਲਾ ਪੰਜਾਬ ਵਿੱਚ 13 ਅਪ੍ਰੈਲ ਨੂੰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਸ ਦਿਨ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਇਸ ਦਿਨ ਤੋਂ ਹੀ ਇਸ ਦੀ ਕਟਾਈ ਸ਼ੁਰੂ ਹੁੰਦੀ ਹੈ। ਵਿਸਾਖੀ ਦੇ ਇਸ ਮੇਲੇ ਬਾਰੇ ਪੰਜਾਬ ਦੇ ਪ੍ਰਸਿੱਧ ਕਵੀ ਸ੍ਰੀ ਧਨੀ ਰਾਮ ਚਾਤ੍ਰਿਕ ਨੇ ਬਹੁਤ ਸੋਹਣੀਆਂ ਸਤਰਾਂ ਲਿਖੀਆਂ ਹਨ-

ਤੂੜੀ ਤੰਦ ਹਾੜੀ ਸਭ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਕੱਛੇ ਮਾਰ ਵੰਝਲੀ ਅਨੰਦ
ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ
ਆ ਗਿਆ।

ਜਰਗ ਦਾ ਮੇਲਾ ਵੀ ਬਹੁਤ ਪ੍ਰਸਿੱਧ ਮੇਲਾ ਹੈ। ਇਹ ਮੇਲਾ ਜਰਗ ਪਿੰਡ ਵਿੱਚ ਮਾਤਾ ਸ਼ੀਤਲਾ ਦੇ ਮੰਦਿਰ 'ਤੇ ਲੱਗਦਾ ਹੈ। ਚੇਤ ਦੇ ਨਰਾਤਿਆਂ ਵਿੱਚ ਮੰਗਲਵਾਰ ਦੀ ਸਵੇਰ ਨੂੰ ਗੁਲਗੁਲੇ ਪਕਾ ਕੇ ਇੱਕ ਰਾਤ ਰੱਖੇ ਜਾਂਦੇ ਹਨ। ਦੂਜੇ ਦਿਨ ਸਵੇਰੇ ਮਾਤਾ ਰਾਣੀ ਦੀ ਪੂਜਾ ਕਰਨ ਪਿੱਛੋਂ ਇਹ ਪ੍ਰਸ਼ਾਦ ਪਹਿਲਾਂ ਖੋਤੇ ਨੂੰ ਖੁਆਇਆ ਜਾਂਦਾ ਹੈ ਤੇ ਫਿਰ ਬਾਕੀ ਸਭ ਵਿੱਚ ਵੰਡਿਆ ਜਾਂਦਾ ਹੈ। ਮਾਤਾ ਰਾਣੀ ਦੀਆਂ ਭੇਟਾ ਗਾ ਕੇ ਲੋਕ ਅਨੰਦ ਮਾਣਦੇ ਹਨ ਤੇ ਝਿਊਰਾਂ ਨੂੰ ਮਾਤਾ ਰਾਣੀ ਦੇ ਪ੍ਰਸ਼ਾਦ ਦਾ ਹੱਕਦਾਰ ਸਮਝਿਆ ਜਾਂਦਾ ਹੈ। ਇਸ ਮੇਲੇ ਬਾਰੇ ਕਿਸੇ ਕਵੀ ਨੇ ਲਿਖਿਆ ਹੈ: ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ।

ਮਾਲਵੇ ਦੇ ਸਾਰੇ ਮੇਲਿਆਂ ਵਿਚੋਂ ਛਪਾਰ ਦਾ ਮੇਲਾ ਬਹੁਤ ਪ੍ਰਸਿੱਧ ਹੈ। ਇਹ ਮੇਲਾ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਛਪਾਰ ਵਿੱਚ ਲੱਗਦਾ ਹੈ। ਕਈ ਸ਼ਰਧਾਲੂ ਉਸ ਸਮੇਂ ਤੱਕ ਕੁਝ ਨਹੀਂ ਖਾਂਦੇ, ਜਿੰਨੀ ਦੇਰ ਉਹ ਗੁੱਗੇ ਦੀ ਮੜ੍ਹੀ 'ਤੇ ਜਾ ਕੇ ਉੱਥੋਂ ਦੀ ਮਿੱਟੀ ਨਾ ਕੱਢ ਲੈਣ।

ਮਾਘੀ ਦਾ ਮੇਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਲੱਗਦਾ ਹੈ। ਮਾਘੀ ਵਾਲੇ ਦਿਨ ਲੋਕ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਜਗਰਾਓਂ ਵਿਖੇ ਰੌਸ਼ਨੀ ਦਾ ਮੇਲਾ 14,15,16 ਫੱਗਣ ਨੂੰ ਲੱਗਦਾ ਹੈ। ਇਹ ਪੰਜਾਬ ਦਾ ਸਭ ਤੋਂ ਪੁਰਾਣਾ ਤੇ ਇਤਿਹਾਸਿਕ ਮੇਲਾ ਹੈ। ਇਸ ਮੇਲੇ ਵਿੱਚ ਕਬੱਡੀ ਦੇ ਘੋਲ, ਨਚਾਰਾਂ ਦੇ ਮੁਕਾਬਲੇ ਤੇ ਵਿਰਾਸਤੀ ਖੇਡਾਂ ਕਰਵਾਈਆਂ ਜਾਂਦੀਆਂ ਹਨ। ਹੈਦਰ ਸ਼ੇਖ ਦਾ ਮੇਲਾ ਮਲੇਰਕੋਟਲੇ ਵਿੱਚ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਹ ਮੇਲਾ ਇਕਾਦਸ਼ੀ ਤੋਂ ਇੱਕ ਦਿਨ ਪਹਿਲਾਂ ਹੈਦਰ ਸ਼ੇਖ ਦੇ ਮਕਬਰੇ 'ਤੇ ਸ਼ੁਰੂ ਹੁੰਦਾ ਹੈ। ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਮੇਲਾ ਪੰਜਾਬ ਵਿੱਚ ਬਹੁਤ ਪ੍ਰਸਿੱਧ ਹੈ। ਇਹ ਮੇਲਾ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਲੱਗਦਾ ਹੈ। ਇਹ ਮੇਲਾ ਦੇਸ਼-ਵਿਦੇਸ਼ ਵਿੱਚ ਰਹਿੰਦੇ ਸਿੱਖਾਂ ਲਈ ਖ਼ਾਸ ਮਹੱਤਵ ਰੱਖਦਾ ਹੈ। ਇਸ ਮੇਲੇ ਵਿੱਚ ਨਿਹੰਗ-ਸਿੰਘ ਬੜੇ ਉਤਸ਼ਾਹ ਨਾਲ ਪਹੁੰਚਦੇ ਹਨ ਅਤੇ ਕੌਤਕ ਵਿਖਾਉਂਦੇ ਹਨ।

ਬਾਬਾ ਫ਼ਰੀਦ ਜੀ ਦੀ ਯਾਦ ਵਿੱਚ ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਜੀ ਦਾ ਮੇਲਾ ਲੱਗਦਾ ਹੈ। ਇਹ ਮੇਲਾ 19 ਸਤੰਬਰ ਤੋਂ 23 ਸਤੰਬਰ ਤੱਕ ਲੱਗਦਾ ਹੈ। ਮੇਲੇ ਵਿੱਚ ਸੂਫ਼ੀ ਕਲਾਕਾਰ ਆਪਣੀ ਕਲਾਕਾਰੀ ਪੇਸ਼ ਕਰਦੇ ਹਨ। ਇਸ ਮੇਲੇ ਵਿੱਚ ਵੱਖ-ਵੱਖ ਪ੍ਰਕਾਰ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਮੇਲੇ ਦੇ ਆਖ਼ਰੀ ਦਿਨ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ। ਬਾਬਾ ਸੋਢਲ ਦਾ ਮੇਲਾ ਜਲੰਧਰ ਵਿਖੇ ਲੱਗਦਾ ਹੈ। ਪੰਜਾਬ ਦੇ ਮੇਲਿਆਂ ਤੋਂ ਇਲਾਵਾ ਕੌਮੀ ਪੱਧਰ ਦੇ ਮੇਲਿਆਂ ਜਿਵੇਂ ਰਾਮਨੌਮੀ ਦਾ ਮੇਲਾ ਜਨਮ ਅਸ਼ਟਮੀ ਦਾ ਮੇਲਾ ਅਤੇ ਦੁਸਹਿਰਾ ਮੇਲਾ ਆਦਿ ਵਿੱਚ ਵੀ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

## ਲੋਕਾਂ ਨੂੰ ਆਕਰਸ਼ਿਤ ਕਰਦੇ ਸਨ ਮੇਲੇ

ਪੁਰਾਣੇ ਸਮੇਂ ਵਿੱਚ ਮੇਲਾ ਆਲੇ-ਦੁਆਲੇ ਦੇ ਇਲਾਕਿਆਂ ਦੇ ਲੋਕਾਂ ਨੂੰ ਆਕਰਸ਼ਿਤ ਕਰਨ ਵਾਲਾ ਅਤੇ ਬਹੁਤ ਹੀ ਉਡੀਕਿਆ ਜਾਣ ਵਾਲਾ ਸਮਾਗਮ ਹੁੰਦਾ ਸੀ। ਅੱਜ ਦੇ ਤਕਨੀਕੀ ਯੁੱਗ ਵਿੱਚ ਮੇਲਿਆਂ ਦੀ ਥਾਂ 'ਮੌਲ' ਨੇ ਲੈ ਲਈ ਹੈ ਜਾਂ ਫਿਰ ਇਹ ਕਹਿ ਲਈਏ ਕਿ 'ਮੌਲ ਨੇ ਮੇਲਿਆਂ ਨੂੰ ਖਾ ਲਿਆ ਹੈ।' ਅੱਜ ਮਨੁੱਖ ਆਪਣੀ ਨਵੀਨਤਾਕਾਰੀ ਤੇ ਉਪਯੋਗਤਾ-ਅਧਾਰਿਤ ਜੀਵਨ ਸ਼ੈਲੀ ਵਿੱਚ ਮਾਣ ਮਹਿਸੂਸ ਕਰਦਾ ਹੈ ਅਤੇ ਨਵੀਆਂ ਚੀਜ਼ਾਂ ਬਣਾਉਣ ਲਈ ਤਕਨਾਲੋਜੀ ਦੀ ਵਰਤੋਂ ਕਰ ਰਿਹਾ ਹੈ ਜੋ ਨਾ ਸਿਰਫ਼ ਉਪਯੋਗੀ ਹਨ ਤੇ ਸਾਡੀ ਸਹੂਲਤ ਵਿਚ ਵਾਧਾ ਕਰਨ ਵਾਲੀਆਂ ਹਨ, ਬਲਕਿ ਪ੍ਰਸੰਨ ਵੀ ਹਨ। ਸ਼ਾਇਦ 'ਮਾਲ-ਕਲਚਰ' ਆਧੁਨਿਕ ਜੀਵਨ ਸ਼ੈਲੀ ਦੀ ਅਜਿਹੀ ਹੀ ਕਾਢ ਹੈ। ਤੁਹਾਨੂੰ ਇੱਕ ਛੱਤ ਹੇਠ ਸਭ ਕੁਝ ਮਿਲਣ ਦੀ ਉਮੀਦ ਹੈ। ਤੁਹਾਡੀ ਰੋਜ਼ਾਨਾ ਲੋੜਾਂ ਤੁਹਾਡੇ ਬੱਚਿਆਂ ਲਈ ਕਰਿਆਨੇ, ਕਰੌਕਰੀ, ਖਿਡੌਣੇ ਤੇ ਖੇਡਾਂ, ਕਿਤਾਬਾਂ,ਰਸਾਲੇ, ਇਲੈਕਟ੍ਰਿਕ ਅਤੇ ਇਲੈਕਟ੍ਰਾਨਿਕ ਸਮਾਨ ਜਿਵੇਂ ਕਿ ਕੈਮਰੇ, ਮੋਬਾਈਲ ਆਦਿ।

## ਵਪਾਰੀਆਂ ਨੂੰ ਨੁਕਸਾਨ

ਮੇਲੇ ਵਿੱਚ ਛੋਟੀ ਤੋਂ ਛੋਟੀ ਦੁਕਾਨ ਜਾਂ ਰੇਹੜ੍ਹੀ ਫੜੀ ਵਾਲਾ ਵੀ ਆਪਣੇ ਗੁਜ਼ਾਰੇ ਲਈ ਪੈਸੇ ਕਮਾ ਲੈਂਦਾ ਸੀ। ਇਹ ਲੋਕ ਮੇਲੇ ਲੱਗਣ ਦਾ ਇੰਤਜ਼ਾਰ ਕਰਦੇ ਸਨ। ਮੌਲ ਦੇ ਆਉਣ ਨਾਲ ਛੋਟੇ-ਛੋਟੇ ਵਪਾਰੀਆਂ ਨੂੰ ਵੀ ਨੁਕਸਾਨ ਹੋਇਆ ਹੈ ਕਿਉਂਕਿ ਮੌਲਾਂ ਦੀਆਂ ਦੁਕਾਨਾਂ ਦੇ ਕਿਰਾਏ ਹੀ ਏਨੇ ਜ਼ਿਆਦਾ ਹਨ ਕਿ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਮੇਲਿਆਂ ਨੇ ਸਾਡੇ ਲੋਕ ਨਾਚਾਂ ਨੂੰ ਵੀ ਜੀਵਤ ਰੱਖਿਆ ਸੀ ਕਿਉਂਕਿ ਮੇਲੇ 'ਚ ਨਾਚਾਰ, ਬਾਜ਼ੀਗਰ ਤੇ ਨਾਟਕੀਏ ਆਪਣੀ ਕਲਾ ਦੇ ਜੌਹਰ ਵਿਖਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇਸਨ। ਲੋਕਾਂ ਦਾ ਮਨੋਰੰਜਨ ਹੁੰਦਾ ਸੀ।

## ਹੁਣ ਮੌਲ ਦੀ ਯਾਤਰਾ ਇੱਕ ਮਕਸਦ


ਪਹਿਲਾਂ ਲੋਕ ਮੰਨੋਰੰਜਨ ਲਈ ਮੇਲਿਆਂ ਵਿੱਚ ਜਾਂਦੇ ਸਨ ਪਰ ਹੁਣ ਮੌਲ ਦੀ ਯਾਤਰਾ ਇੱਕ ਮਕਸਦ ਨਾਲ ਹੁੰਦੀ ਹੈ। ਮੌਲ ਦੇ ਆਉਣ ਨਾਲ ਮੇਲੇ ਸਾਡੇ ਸਮਾਜ ਵਿਚੋਂ ਖ਼ਤਮ ਹੁੰਦੇ ਜਾ ਰਹੇ ਹਨ। ਇੱਕ ਸਮਾਂ ਸੀ ਜਦੋਂ ਲੋਕ ਮੇਲੇ ਲੱਗਣ ਦੀ ਉਡੀਕ ਅਤੇ ਚਾਅ ਕਰਿਆ ਕਰਦੇ ਸਨ। ਮੇਲਿਆਂ ਨੇ ਸਾਡੇ ਸੱਭਿਆਚਾਰ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਸੀ ਜਦੋਂਕਿ ਮੌਲ ਆਉਣ ਨਾਲ ਅੱਜ ਦੀ ਪੀੜ੍ਹੀ ਆਪਣੀਆਂ ਜੜ੍ਹਾਂ ਨਾਲੋਂ ਟੁੱਟਦੀ ਜਾ ਰਹੀ ਹੈ। ਮੌਲ ਵਿਚ ਸਾਰੀਆਂ ਸਹੂਲਤਾਂ ਤਾਂ ਮਿਲ ਜਾਂਦੀਆਂ ਹਨ ਪਰ ਮੇਲੇ ਜਿਹਾ ਅਨੰਦ ਅਤੇ ਨਜ਼ਾਰਾ ਨਹੀਂ ਮਿਲਦਾ।

## ਮਨੋਰੰਜਨ ਦਾ ਸਾਧਨ

ਮੇਲੇ ਜਿੱਥੇ ਲੋਕਾਂ ਲਈ ਮਨੋਰੰਜਨ ਦਾ ਸਾਧਨ ਸਨ ਉੱਥੇ ਕਰਵਾਈਆਂ ਜਾਣ ਵਾਲੀਆਂ ਖੇਡਾਂ ਕਬੱਡੀ, ਕੁਸ਼ਤੀ ਤੇ ਰੱਸਾ-ਕਸ਼ੀ ਆਦਿ ਲੋਕਾਂ ਦੀ ਤੰਦਰੁਸਤੀ ਦਾ ਸਰੋਤ ਸਨ ਪਰ ਮੌਲ ਵਿੱਚ ਲੱਗੇ ਏਅਰ ਕੰਡੀਸ਼ਨਰ ਅੱਜਕੱਲ੍ਹ ਲੋਕਾਂ ਲਈ ਬਿਮਾਰੀ ਦਾ ਘਰ ਬਣਦੇ ਜਾ ਰਹੇ ਹਨ । ਮੇਲੇ ਲੋਕਾਂ ਦੇ ਭਾਈਚਾਰੇ ਨੂੰ ਵੀ ਕਾਇਮ ਰੱਖਦੇ ਸਨ ਕਿਉਂਕਿ ਮੇਲੇ ਵਿਚ ਪਿੰਡ ਜਾਂ ਸ਼ਹਿਰ ਦਾ ਹਰ ਇੱਕ ਬਸ਼ਿੰਦਾ ਜਾਂਦਾ ਸੀ। ਜਦਕਿ ਮੌਲ ਵਿੱਚ ਹਰ ਕੋਈ ਆਪਣੀ ਸਹੂਲਤ ਅਨੁਸਾਰ ਜਾਂਦਾ ਹੈ।



# ਸ਼ਹੀਦ ਭਾਈ ਤਾਰੂ ਸਿੰਘ ਜੀ





ਡਾ.ਚਰਨਜੀਤ ਸਿੰਘ ਗੁਮਟਾਲਾ
9417533060

ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ ’ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰਿ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿੱਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ। ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿੱਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸਖ਼ਸ਼ੀਅਤਾਂ ਵਿੱਚ ਪੂਹਲਾ ਪਿੰਡ, ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ, ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ। ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।

1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ। ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ। ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ। ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ੍ਹਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ।

ਬਸ ਫੇਰ ਕੀ ਸੀ ਪੁਲਿਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ।

ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜਾਇਆ ਗਿਆ। ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ। ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ।

ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ਼ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾਂ ਸਾਰੇ ਸਿਰ, ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ ’ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ। ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ, ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਕਿ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ।

ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਏਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ।

# ਸ਼ਹੀਦ ਭਾਈ ਤਾਰੂ ਸਿੰਘ ਅਤੇ ਸ਼ਹੀਦੀ ਸਥਾਨ ਦਾ ਪ੍ਰਸੰਗ



ਦਿਲਜੀਤ ਸਿੰਘ ਬੇਦੀ


ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਹੱਸ-ਹੱਸ ਕੇ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਦੇ ਇਤਿਹਾਸ ਵਿੱਚ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਨਾਂਅ ਸੁਨਹਿਰੀ ਅੱਖਰਾਂ ਵਿੱਚ ਅੰਕਿਤ ਹੈ।

ਬਾਬਾ ਬੰਦਾ ਸਿੰਘ ਬਹਾਦਰ ਤੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਅਤੇ ਚੁਣ-ਚੁਣ ਕੇ ਸਿੱਖਾਂ ਨੂੰ ਮਾਰਿਆ ਜਾਣ ਲੱਗਾ। ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਸਿੰਘ ਜੰਗਲਾਂ ਵਿੱਚ ਜਾ ਵਸੇ ਅਤੇ ਉੱਥੇ ਹੀ ਜਥੇਬੰਦਕ ਤਿਆਰੀਆਂ ਕਰਨ ਲੱਗੇ। ਇਲਾਕੇ ਦੇ ਸਿੰਘ ਜੰਗਲਾਂ ’ਚ ਰਹਿ ਰਹੇ ਯੋਧਿਆਂ ਨੂੰ ਲੰਗਰ-ਪਾਣੀ ਦੀ ਸੇਵਾ ਉਤਸ਼ਾਹ ਨਾਲ ਕਰਦੇ। ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਦੇ ਵਸਨੀਕ ਭਾਈ ਤਾਰੂ ਸਿੰਘ ਵੀ ਇਨ੍ਹਾਂ ਹੀ ਸਿਦਕੀ ਸਿੰਘਾਂ ’ਚੋਂ ਇੱਕ ਸਨ। ਉਹ ਖੇਤੀਬਾੜੀ ਕਰਦੇ ਸਨ ਤੇ ਜਦੋਂ ਵੀ ਕਿਸੇ ਸਿੱਖ ਜਥੇ ਦੀ ਆਮਦ ਦਾ ਪਤਾ ਲਗਦਾ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ। ਉਨ੍ਹਾਂ ਦੀ ਭੈਣ ਤੇ ਮਾਤਾ ਬੜੇ ਪ੍ਰੇਮ ਨਾਲ ਲੰਗਰ ਤਿਆਰ ਕਰਦੇ ਅਤੇ ਭਾਈ ਤਾਰੂ ਸਿੰਘ ਜਥੇ ਦੇ ਸਿੰਘਾਂ ਨੂੰ ਲੰਗਰ ਪਹੁੰਚਾਉਣ ਦੀ ਸੇਵਾ ਕਰਦੇ। ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਨੂੰ ਭਾਈ ਤਾਰੂ ਸਿੰਘ ਖ਼ਿਲਾਫ਼ ਸ਼ਿਕਾਇਤ ਕਰ ਦਿੱਤੀ।

ਜ਼ਕਰੀਆ ਖ਼ਾਨ ਨੇ ਤੁਰੰਤ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭੇਜੇ। ਭਾਈ ਤਾਰੂ ਸਿੰਘ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਇਆ ਗਿਆ ਤੇ ਭਾਰੀ ਤਸੀਹੇ ਦਿੱਤੇ ਜਾਣ ਲੱਗੇ ਪਰ ਗੁਰੂ ਦਾ ਸਿੰਘ ਹਕੂਮਤ ਦੇ ਹਰ ਤਰ੍ਹਾਂ ਦੇ ਜ਼ੁਲਮਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਦਾ ਰਿਹਾ:

ਜਿਮ-ਜਿਮ ਸਿੰਘ ਕੋ ਤੁਰਕ ਸਤਾਵੈ
ਤਿਮ-ਤਿਮ ਮੁਖ ਸਿੰਘ ਲਾਲੀ ਆਵੈ (ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਤਾਰੂ ਸਿੰਘ ਨੂੰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਲਾਲਚ ਦਿੱਤੇ ਗਏ। ਭਾਈ ਸਾਹਿਬ ਦਾ ਗੁਰਸਿੱਖੀ ਪ੍ਰਤੀ ਦ੍ਰਿੜ ਨਿਸ਼ਚਾ ਵੇਖ ਸੂਬੇ ਨੇ ਭਾਈ ਸਾਹਿਬ ਦੇ ਕੇਸ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ। ਇਸ ’ਤੇ ਭਾਈ ਸਾਹਿਬ ਨੇ ਬਚਨ ਕੀਤਾ ਕਿ ਕੇਸ ਜੋ ਮੇਰੇ ਗੁਰੂ ਦੀ ਅਮਾਨਤ ਹਨ, ਇਨ੍ਹਾਂ ਨੂੰ ਅਲਹਿਦਾ ਕਰਨ ਦੀ ਥਾਂ ਜੇਕਰ ਆਪ ਮੇਰੀ ਜਾਨ ਵੀ ਲੈਣੀ ਚਾਹੋ ਤਾਂ ਮੈਂ ਤਿਆਰ ਹਾਂ। ਇਸ ’ਤੇ ਸੂਬੇ ਨੇ ਜਲਾਦ ਨੂੰ ਬੁਲਾ ਕੇ ਭਾਈ ਸਾਹਿਬ ਦੀ ਖੋਪਰੀ ਉਤਾਰਨ ਦਾ ਜ਼ਾਲਮਾਨਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਨੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਅ ਕੇ ਕੌਮ ਲਈ ਅਨੋਖੇ ਪੂਰਨੇ ਪਾਏ ਹਨ। ਇਸ ਤਰ੍ਹਾਂ ਭਾਈ ਤਾਰੂ ਸਿੰਘ ਨੇ ਹੱਸਦੇ ਹੋਏ ਖੋਪਰੀ ਲੁਹਾ ਕੇ ਇਹ ਦੱਸਿਆ ਕਿ ਸਿੱਖ ਲਈ ਉਸ ਦੇ ਕੇਸ ਜਾਨ ਤੋਂ ਵੀ ਪਿਆਰੇ ਹਨ। ਇਸ ਤਰ੍ਹਾਂ ਉਹ 1745 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।



ਪਰਉਪਕਾਰ ਦੀ ਮੂਰਤ ਭਾਈ ਤਾਰੂ ਸਿੰਘ ਦੀ ਬਰਸੀ ਇਸ ਵਾਰ ਵੀ ਲਾਹੌਰ ’ਚ ਸ਼ਹੀਦੀ ਸਥਾਨ ਭਾਈ ਤਾਰੂ ਸਿੰਘ ਦੀ ਸਮਾਧ ਵਿਖੇ ਨਹੀਂ ਮਨਾਈ ਜਾਵੇਗੀ। ਲਾਹੌਰ ’ਚ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਨੌਲੱਖਾ ਬਾਜ਼ਾਰ ’ਚ ਸਥਿਤ ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਨੂੰ ਜਾਣ ਵਾਲੇ ਰਸਤੇ ਨੂੰ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ 6 ਸਾਲ ਪਹਿਲਾਂ ਸੀਲ ਕੀਤਾ ਗਿਆ ਸੀ। ਇਹ ਸਥਾਨ ਪਾਕਿਸਤਾਨੀ ਸਿੱਖਾਂ ਸਮੇਤ ਦੇਸ਼-ਵਿਦੇਸ਼ ਦੀ ਸੰਗਤ ਲਈ ਅਜੇ ਵੀ ਬੰਦ ਹੈ ਤੇ ਉਨ੍ਹਾਂ ਨੂੰ ਇੱਥੇ ਜਾਣ ਦੀ ਮਨਜ਼ੂਰੀ ਨਹੀਂ ਹੈ, ਜਿਸ ਕਰਕੇ ਸਿੱਖ ਸੰਗਤਾਂ ’ਚ ਭਾਰੀ ਰੋਸ ਹੈ। ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਦੇ ਨਾਂਅ ਹਿੰਦੂ ਔਕਾਫ਼ ਵੱਲੋਂ ਲਗਾਈ 4-5 ਕਨਾਲ ਭੂਮੀ ਹਥਿਆਉਣ ਲਈ ਸੁਹੇਲ ਬੱਟ ਪੁੱਤਰ ਸਲਾਹੁਦੀਨ ਬੱਟ, ਰਜ਼ਾ ਬੱਟ, ਉਮੇਰ ਅਤੇ ਕੱਟੜਪੰਥੀ ਸਮੂਹ ਦਾਵਤ-ਏ-ਇਸਲਾਮੀ (ਬਰੇਲਵੀ) ਵੱਲੋਂ ਵਿਵਾਦ ਖੜ੍ਹਾ ਕਰਕੇ ਇਸ ਸਥਾਨ ਨੂੰ ਪੱਕੇ ਤੌਰ ’ਤੇ ਸੀਲ ਕਰਵਾਇਆ ਗਿਆ ਹੈ। ਪਾਕਿਸਤਾਨ ਲਾਹੌਰ ਵਿਖੇ ਗੁ. ਸ਼ਹੀਦ ਗੰਜ ਭਾਈ ਤਾਰੂ ਸਿੰਘ ਤੇ ਗੁ. ਸ਼ਹੀਦ ਸਿੰਘ ਸਿੰਘਣੀਆਂ ਨੇੜੇ-ਨੇੜੇ ਹਨ। ਲਾਹੌਰ ’ਚ ਗੁ. ਸ਼ਹੀਦ ਗੰਜ ਭਾਈ ਤਾਰੂ ਸਿੰਘ ਦੇ ਅਹਾਤੇ ਅੰਦਰ ਹਜਰਤ ਸ਼ਾਹ ਕਾਕੂ ਚਿਸ਼ਤੀ ਦੀ ਮਜ਼ਾਰ ਬਣਾਈ ਗਈ ਹੈ। ਕੋਈ ਅਨਸਖਾਵੀਂ ਘਟਨਾ ਨਾ ਵਾਪਰੇ ਇਸ ਲਈ ਸਰਕਾਰ ਨੇ ਗੁਰਦੁਆਰਾ ਸਾਹਿਬ ਨੂੰ ਸੀਲ ਕੀਤਾ ਹੋਇਆ ਹੈ।

ਇਸ ਧਰਮ-ਧਾਮ ਨੂੰ ਪ੍ਰਾਪਤ ਕਰਨ ਲਈ ਸਿੱਖ ਕੌਮ ਨੂੰ ਲੰਮਾ ਸੰਘਰਸ਼ ਕਰਨਾ ਪਿਆ, ਜਿਸ ਦਾ ਅੰਤਿਮ ਨਿਪਟਾਰਾ 2 ਮਈ 1940 ਈ. ਵਿੱਚ ਹੋਇਆ। ਇਸ ਦਾ ਸੰਬੰਧ ਲਾਹੌਰ ਦੇ ਲੰਡਾ ਬਾਜ਼ਾਰ ’ਚ ਸਥਿਤ ਗੁਰਦੁਆਰਾ ‘ਸ਼ਹੀਦ ਗੰਜ’ ਨਾਲ ਹੈ। ਇਹ ਉਸ ਥਾਂ ’ਤੇ ਬਣਿਆ ਹੋਇਆ ਹੈ, ਜਿੱਥੇ ਪਹਿਲਾਂ ਨਖਾਸ ਚੌਕ ਹੁੰਦਾ ਸੀ ਅਤੇ ਜਿੱਥੇ ਗੁਲਾਮਾਂ ਤੇ ਪਸ਼ੂਆਂ ਨੂੰ ਵੇਚਿਆ-ਖ਼ਰੀਦਿਆ ਜਾਂਦਾ ਸੀ। ਇੱਥੇ ਮੀਰ ਮੰਨੂ ਵੇਲੇ ਇੱਕ ਮਸਜਿਦ ਨੁਮਾ ਇਮਾਰਤ ਬਣਾਈ ਗਈ, ਜਿੱਥੇ ਬੈਠ ਕੇ ਮੁਗ਼ਲ ਸਰਕਾਰ ਦੇ ਕਾਜ਼ੀ ਤੇ ਮੁਫ਼ਤੀ ਉਨ੍ਹਾਂ ਲੋਕਾਂ ਨੂੰ ਮਾਰਨ ਦੀ ਸਜ਼ਾ ਦਿੰਦੇ ਸਨ, ਜੋ ਇਸਲਾਮ ਨਹੀਂ ਕਬੂਲਦੇ ਸਨ। ਇੱਥੇ ਹਜ਼ਾਰਾਂ ਦੀ ਗਿਣਤੀ ’ਚ ਸਿੰਘਾਂ, ਸਿੰਘਣੀਆਂ ਤੇ ਬੱਚਿਆਂ ਨੂੰ ਕਤਲ ਕੀਤਾ ਗਿਆ ਸੀ। ਭਾਈ ਤਾਰੂ ਸਿੰਘ ਦੀ ਸ਼ਹਾਦਤ ਵੀ ਇੱਥੇ ਹੀ ਹੋਈ ਸੀ।

ਜਦੋਂ ਪੰਜਾਬ ’ਚ ਦਲ ਖ਼ਾਲਸਾ (ਬੁੱਢਾ ਦਲ) ਨੇ ਸ਼ਕਤੀ ਅਰਜਿਤ ਕੀਤੀ ਤਾਂ ਇੱਥੇ ਗੁਰਦੁਆਰਾ ਸ਼ਹੀਦ ਗੰਜ ਦੀ ਸਥਾਪਨਾ ਕੀਤੀ ਗਈ। ਸਿੱਖ ਰਾਜ ਤੋਂ ਬਾਅਦ ਮੁਸਲਮਾਨਾਂ ਨੇ ਇਸ ਨੂੰ ਮਸਜਿਦ ਕਹਿ ਕੇ ਹੱਕ ਜਮਾਉਣ ’ਤੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਨੇ 20 ਜਨਵਰੀ 1930 ਈ. ਨੂੰ ਫ਼ੈਸਲਾ ਕੀਤਾ ਕਿ ਇਹ ਥਾਂ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਹੈ। ਫ਼ਿਰ ਮੁਸਲਮਾਨਾਂ ਨੇ ਹਾਈਕੋਰਟ ’ਚ ਅਪੀਲ ਕੀਤੀ, ਜੋ 1934 ਵਿਚ ਰੱਦ ਹੋ ਗਈ। ਫ਼ਲਸਰੂਪ ਲਾਹੌਰ ਦੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 1935 ’ਚ ਸ਼ਹੀਦ ਗੰਜ ਦਾ ਕਬਜ਼ਾ ਪ੍ਰਾਪਤ ਕਰ ਲਿਆ। ਸਿੱਖਾਂ ਨੇ 8 ਜੂਨ 1935 ਈ. ਨੂੰ ਪੁਰਾਣੀ ਇਮਾਰਤ ਨੂੰ ਢਾਹੁਣ ਦਾ ਕੰਮ ਆਰੰਭ ਕੀਤਾ ਤਾਂ 29 ਜੂਨ 1935 ਈ. ਨੂੰ ਮੁਸਲਮਾਨਾਂ ਦੇ ਹਜੂਮ ਨੇ ਅੜਿੱਕੇ ਦੀ ਕੋਸ਼ਿਸ਼ ਕੀਤੀ। ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਹਾਲਾਤ ਵੇਖਦਿਆਂ ਕੰਮ ਰੁਕਵਾ ਦਿੱਤਾ। 8 ਜੁਲਾਈ ਨੂੰ ਸਿੱਖਾਂ ਨੇ ਮੁੜ ਕੰਮ ਸ਼ੁਰੂ ਕਰ ਦਿੱਤਾ। 30 ਅਕਤੂਬਰ 1935 ਈ. ਨੂੰ ਮੁਸਲਮਾਨਾਂ ਨੇ ਸ਼ਹੀਦ ਗੰਜ ਦਾ ਕਬਜ਼ਾ ਲੈਣ ਲਈ ਫ਼ਿਰ ਦਾਅਵਾ ਕਰ ਦਿੱਤਾ, ਜੋ 25 ਮਈ 1936 ਈ. ਨੂੰ ਖ਼ਾਰਜ ਕਰ ਦਿੱਤਾ। ਮੁਸਲਮਾਨਾਂ ਨੇ ਫ਼ਿਰ ਹਾਈਕੋਰਟ ’ਚ ਅਪੀਲ ਕੀਤੀ, ਜੋ 26 ਜਨਵਰੀ 1938 ਈ: ਨੂੰ ਨਾ-ਮਨਜ਼ੂਰ ਹੋ ਗਈ। ਇਸ ਤੋਂ ਬਾਅਦ ਪ੍ਰਿਥੀ ਕੌਂਸ਼ਲ ਦੀ ਜੁਡੀਸ਼ੀਅਲ ਕਮੇਟੀ ਕੋਲ ਅਪੀਲ ਗਈ, ਜੋ 2 ਮਈ 1940 ਈ: ਨੂੰ ਰੱਦ ਹੋ ਗਈ। ਇਸ ਫ਼ੈਸਲੇ ਨਾਲ ਇਸ ਸੰਘਰਸ਼ ਦੀ ਸਮਾਪਤੀ ਹੋਈ। ਪਰ 1947 ਦੀ ਵੰਡ ਤੋਂ ਬਾਅਦ ਇਸ ਮਹਾਨ ਸਥਾਨ ਦੀ ਜੋ ਸੇਵਾ-ਸੰਭਾਲ ਹੋਣੀ ਚਾਹੀਦੀ ਸੀ, ਉਹ ਨਾ ਹੋ ਸਕੀ।

ਅੱਜ ਵੀ ਕੁਝ ਮੁਸਲਮਾਨ ਤਾਕਤਾਂ ਸਮਾਧ ਦੇ ਨਾਲ ਲਗਦੇ 4 ਕਨਾਲ ਦੇ ਖਾਲੀ ਪਲਾਟ ’ਤੇ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀਆਂ ਹਨ। ਜਿਸ ਜ਼ਮੀਨ ’ਤੇ ਸਮਾਧ ਸ਼ਹੀਦ ਭਾਈ ਤਾਰੂ ਸਿੰਘ ਅਤੇ ਇਸ ਦੇ ਸਾਹਮਣੇ ਗੁਰਦੁਆਰਾ ਸਿੰਘ ਸਿੰਘਣੀਆਂ ਸਥਾਪਤ ਹੈ, ਉਹ ਸਾਰੀ ਭੂਮੀ ਹਜ਼ਰਤ ਪੀਰ ਸ਼ਾਹ ਕਾਕੂ ਚਿਸ਼ਤੀ ਦੀ ਮਜ਼ਾਰ ਤੇ ਜ਼ਮੀਨਦੋਜ਼ ਹੋ ਚੁੱਕੀ ਸਮਾਧ ਸ਼ਹੀਦ ਗੰਜ ਦੀ ਹੈ।

16 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਹੀਦੀ ( 1716 ) ਤੋਂ ਬਾਅਦ ਸਿੰਘਾਂ 'ਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ 'ਤੇ ਅਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ।ਜਬਰੀ ਧਰਮ ਪ੍ਰੀਵਰਤਣ ਦੇ ਖ਼ੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਹੀ ਚਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜ਼ੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿੱਚ ਸਮਾਜ ਸੁਧਾਰਕਾਂ ਵੱਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿੱਚ ਝੂਠੇ ਕਰਮਕਾਂਡਾ ਵਿਰੁੱਧ ਚੇਤਨਾ ਆਈ। ਸੂਫ਼ੀ ਰੰਗ ਵਿੱਚ ਰੰਗੀ ਬਾਣੀ ਵਿੱਚ ਬੀਰ ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿੱਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ।

ਗੁਰਬਾਣੀ ਦੇ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ' ॥ (ਅੰਗ 1412) ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹਿਣ ਦਾ ਸੰਦੇਸ਼ ਮਿਲਦਾ ਹੈ। ਇੱਕ ਪਰਮਾਤਮਾ ਵਿੱਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ,ਖ਼ੁਸ਼ੀ ਅਤੇ ਗਮੀ ਵਿੱਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿੱਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛੱਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ 'ਕ੍ਰਿਤ ਕਰੋ, ਨਾਮੁ ਜਪੋ, ਵੰਡ ਛਕੋ।' ਬਰਾਬਰਤਾ ਦੇ ਸਮਾਜ ਵਿੱਚ ਖ ਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ 'ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ, ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿੱਚ ਜਿਥੇ ਰਸਦ ਅਤੇ ਮਾਇਆ ਭੇਂਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਣ ਲੱਗੇ। ਇਸ ਤੇ ਚਲਦਿਆਂ ਸੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿੱਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।


ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇੱਕ ਜੰਗ ਵਿੱਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿੱਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਕਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ, ਭਾਵ ਦੇ ਆਪਸ ਵਿੱਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇੱਕ ਦੂਜੇ ਦੀ ਮਦਦ ਕਰਕੇ ਖ਼ੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ,ਵਿਚੋਂ ਲੋੜਵੰਦਾਂ ਦੀ ਮਦਦ ਕਰਕੇ, ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦੇ ਸਨ।

ਅਜਿਹੇ ਸਮੇਂ ਵਿੱਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈ. ਵਿੱਚ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਹਨਾਂ ਦੇ ਪਿਤਾ ਜੀ ਇਕ ਜੰਗ ਵਿੱਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇੱਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਵਾਉਂਦੇ ਵੇਖ ਕੇ ਸਿੰਘ ਸੱਜਣ ਦਾ ਫੈਸਲਾ ਕੀਤਾ। ਉਹਨਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ। ਉਹਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ, ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿੱਚ ਹਮੇਸ਼ਾ ਤਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ, ਜਿਵੇਂ ਕਿ ਸਿੰਘ ਪਨਾਹਗਾਹਾਂ ਵਿੱਚ ਚਲੇ ਗਏ ਸਨ। ਉਸੇ ਤਰਾਂ ਦੀ ਇਕ ਪਨਾਹਗਾਹ " ਬੀੜ ਬਾਬਾ ਬੁੱਢਾ ਜੀ ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜਿੰਮੇਵਾਰੀ ਲਈ ਹੋਈ ਸੀ। ਉਹਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ, ਲੰਗਰ, ਰਸਦ ਅਤੇ ਹੋਰ ਲੋੜੀਦੀਆਂ ਰੋਜਮਰਾਂ ਦੀਆਂ ਵਸਤਾਂ ਬੀੜ 'ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤਕ ਪਹੁੰਚਾਉਂਦੇ ਸਨ। ਦੇਰ ਰਾਤ ਤਕ ਭਾਈ ਸਾਹਿਬ ਨੇ ਸਿੰਘਾਂ ਨਾਲ ਚਲੰਤ ਮਾਮਲਿਆਂ 'ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਅਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿੱਚ ਆਉਂਦੇ ਜਾਂਦੇ ਮੁਸਾਫ਼ਰਾਂ ਦੀ ਲੰਗਰ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਵੀ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿੱਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਹਨਾਂ ਦੀ ਹਮਦਰਦੀ ਅਤ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿ ਭਗਤ ਮੁਗਲ ਹਾਕਮਾਂ ਦਾ ਮੁਖ਼ਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿੱਚ ਉਹਨਾਂ ਦੀ ਬੜੀ ਪ੍ਰਸਿੱਧੀ ਹੈ। ਉਸਨੇ ਈਰਖਾ ਵਿੱਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸ ਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸ ਨੇ ਗੁੱਸੇ ਵਿੱਚ ਆ ਕੇ ਮੁਗਲ ਸਰਕਾਰ ਨੂੰ ਖ਼ਬਰ ਦਿੱਤੀ ਕਿ ਪਿੰਡ ਪੂਹਲੇ ਵਿੱਚ ਇੱਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫ਼ਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇੱਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ 'ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ 'ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿੱਚ ਰਖ ਕੇ ਅਨ ਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾ ਤਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ 'ਤੇ ਜੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲੈਣ ਤਾਂ ਜਾਨ ਬਖ਼ਸ਼ ਦਿੱਤੀ ਜਾਵੇਗੀ, ਲਿਹਾਜ਼ਾ ਕੇਸ ਕਤਲ ਕਰ



ਦਿੱਤੇ ਜਾਣਗੇ। ਇਸਲਾਮ ਕਬੂਲ ਕਰਵਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਸਰਕਾਰੀ ਅਹੁਦਾ ਦੇ ਕੇ ਮਾਨ ਸਨਮਾਨ ਅਤੇ ਦੌਲਤ ਨਾਲ ਮਾਲਾ ਮਾਲ ਕਰ ਦਿੱਤਾ ਜਾਵੇਗਾ। ਇਸ ਤਰਾਂ ਅਰਾਮ ਦੀ ਜਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹੇਗਾ। ਚਰਖੜੀ 'ਤੇ ਚੜ੍ਹਾ ਕੇ ਕਤਲ ਕੀਤੇ ਜਾਉਗੇ। ਇਹ ਨਸੀਅਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿੱਚ ਰਹਿ ਕੇ ਮਰਨਾ ਚਾਹਵਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸੋ ਆਰਾਮ ਦੇ ਸੌਦੇ ਵਿਖਾ ਰਿਹਾ ਹੈ, ਇਹ ਮੈਂ ਆਪਣੀ ਜੁੱਤੀ ਦੀ ਨੋਕ 'ਤੇ ਲਿਖਦਾ ਹਾਂ। ਜੇਕਰ ਸਾਰ ਜਹਾਨ ਦੀਆਂ ਬਾਦਸ਼ਾਹੀਆਂ, ਧੰਨ ਦੌਲਤ ਮੇਰੇ ਪੈਰਾਂ ਵਿੱਚ ਰੱਖ ਦੇਵੇ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਗਾਂ। ਇਸ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂ ਗਾਂ। ਇਹਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਂਕਾ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ। ਜਕਰੀਆ ਖਾਨ ਨੇ ਹੰਕਾਰ ਵਿੱਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪਰਮਾਤਮਾ ਮੈਂ ਹਾਂ ? ਜੋ ਤੇਰੀ ਜਾਨ ਬਖ਼ਸ਼ ਸਕਦਾ ਹੈ। ਪਰ ਮੈਂ ਤੇਰੀ ਗਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਤਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰ, ਮੈਂ ਪਰਮਾਤਮਾ ਦਾ ਕਰਜ਼ ਉਤਾਰਾਂ। ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਘੋੜ ਮੰਡੀ , ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰਖ ਦਿੱਤੀ ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।

ਭਾਈ ਸਾਹਿਬ ਨੂੰ ਫਿਰ ਵਾਪਿਸ ਜੇਲ੍ਹ ਭੇਜਿਆ ਗਿਆ, ਤਸ਼ੱਦਦ ਜਾਰੀ ਰਿਹਾ। ਉਹਨਾਂ ਦਿਨਾਂ ਵਿੱਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿੱਚ ਸੀ ਕਿ ਉਸ ਦਾ ਸਾਹ ਰੁਕਣ ਲੱਗਿਆ। ਉਸਨੇ ਪਛਤਾਵਾ ਕੀਤਾ ਕਿ ਮੈਂ ਇੱਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਹਨਾਂ ਕਰਮਾਂ ਦਾ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸਨੇ ਭਾਈ ਸ਼ੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮਾਫ਼ ਕਰ ਦਿਉ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪਰਮਾਤਮਾ ਦੇ ਭਾਣੇ ਵਿੱਚ ਹੈ। ਉਹ ਪਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਨੂੰ ਮਿਲੀ ਤਾਂ ਉਹਨਾਂ ਸ਼ਹੀਦੀ ਪਾ ਲਈ। ਬਿਨਾ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇੱਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪੜੀਆਂ ਲੁਹਾਂਈਆਂ, ਚਰਖੜੀਆਂ 'ਤੇ ਚੜੇ, ਆਰਿਆਂ ਦੇ ਨਾਲ ਚਿਰਾਏ ਗਏ। ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖਾਂ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿੰਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਭਾਈ ਸਾਹਿਬ ਦੀ ਵਿਰਾਸਤ ਹੈ ਕਿ 1762 ਵਿੱਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਹਨਾਂ ਜਨਤਕ ਚੌਂਕ 'ਤੇ ਕਬਜ਼ਾ ਕਰ ਲਿਆ। ਜਿਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਚੌਂਕ ਦੇ ਨਾਲ ਲਗਦੀ ਅਬਦੁਲਾ ਖਾਨ ਮਸਜਿਦ 'ਤੇ ਕਬਜ਼ਾ ਕਰਕੇ ਸ਼ਹੀਦ ਗੰਜ ਗੁਰਦੁਆਰੇ ਵਿੱਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ 'ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਾਜ਼ਾਰ ਵਿੱਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿਥੇ ਸਿੰਘ ਦੀ ਖੋਪੜੀ ਅਤੇ ਕੇਸ ਹਟਾਏ ਗਏ ਸਨ।






# ਔਸ਼ਧੀ ਗੁਣਾਂ ਨਾਲ ਭਰਪੂਰ ਹੈ ਜਾਮਣ



ਮਸ਼ਹੂਰ ਆਯੁਰਵੇਦਿਕ ਗ੍ਰੰਥ ਪ੍ਰਕਾਸ਼ ਨਿਘੰਟੂ ਵਿੱਚ ਜਾਮਣ ਨੂੰ ਫਲੇਂਦਰ, ਨਾੜੀ ਅਤੇ ਸੁਰਭੀਪਾਤਰ ਵਜੋਂ ਦਰਸਾਇਆ ਗਿਆ ਹੈ। ਡਾ. ਆਰ. ਵਾਤਸਯਾਨ ਦੱਸਦੇ ਹਨ ਕਿ ਸੰਸਕ੍ਰਿਤ ਵਿੱਚ ਇਸ ਨੂੰ ਜੰਬੂਫਲ ਕਿਹਾ ਜਾਂਦਾ ਹੈ। ਪ੍ਰਾਚੀਨ ਰਿਸ਼ੀਆਂ ਨੇ ਜਾਮਣ ਨੂੰ ਸੁਆਦੀ, ਭੁੱਖ ਵਧਾਉਣ ਵਾਲਾ, ਖ਼ੂਨ ਸ਼ੁੱਧ ਕਰਨ ਵਾਲਾ, ਪਿਆਸ ਘਟਾਉਣ ਵਾਲਾ ਦੱਸਿਆ ਹੈ।

**ਕਿਉਂ ਲਾਭਦਾਇਕ ਹੈ ਜਾਮਣ ?**

ਇਸ ਦੀ ਛਿੱਲ ਕੌੜੀ ਹੁੰਦੀ ਹੈ ਅਤੇ ਇਸ ਵਿੱਚ ਤੂੜੀਦਾਰ ਗੁਣ ਹੁੰਦੇ ਹਨ। ਇਸ ਦੀ ਨਿਯਮਤ ਵਰਤੋਂ ਕਮਜ਼ੋਰ ਮਸੂੜਿਆਂ ਨੂੰ ਮਜ਼ਬੂਤ ਬਣਾਉਂਦੀ ਹੈ। ਜਾਮਣ ਦੇ ਫਲ ਵਿੱਚ ਆਕਸਾਲਿਕ ਅਤੇ ਟੈਨਿਕ ਐਸਿਡ ਪਾਏ ਜਾਂਦੇ ਹਨ, ਜੋ ਸਾਹ ਦੀ ਬਦਬੂ ਨੂੰ ਦੂਰ ਕਰਦੇ ਹਨ। ਇਸ ਵਿੱਚ ਕਾਰਬੋਹਾਈਡਰੇਟ, ਖਣਿਜ ਅਤੇ ਵਿਟਾਮਿਨ ਵੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਇਸ ਦਾ ਪੱਕਿਆ ਹੋਇਆ ਫਲ ਪਾਚਨ ਅਤੇ ਦਿਲ ਲਈ ਲਾਭਦਾਇਕ ਹੁੰਦਾ ਹੈ। ਜਾਮਣ ਦੇ ਸਿਰਕੇ ਵਿੱਚ ਵੀ ਇਹੀ ਗੁਣ ਹਨ।

ਪੇਂਡੂ ਭਾਰਤ ਵਿੱਚ, ਉਲਟੀਆਂ ਹੋਣ ਦੀ ਸੂਰਤ ਵਿੱਚ ਮਰੀਜ਼ ਨੂੰ ਦੋ ਚੱਮਚ ਜਾਮਣ ਦੇ ਫਲਾਂ ਦਾ ਰਸ ਦੇਣ ਦਾ ਰਿਵਾਜ ਹੈ। ਇਹ ਚਾਲ ਕੁਝ ਮਾਮਲਿਆਂ ਵਿੱਚ ਵੀ ਵਰਤੀ ਜਾਂਦੀ ਹੈ ਜਦੋਂ ਨੱਕ ਵਿੱਚੋਂ ਖ਼ੂਨ ਵਗਦਾ ਹੈ। ਜਾਮਣ ਦੀ ਛਿੱਲ ਨੂੰ ਸੁਕਾ ਕੇ ਪੀਸ ਕੇ ਸਵੇਰੇ-ਸ਼ਾਮ ਕੁਟਾਜ ਦੀ ਛਿੱਲ ਦੇ ਨਾਲ ਇੱਕ-ਇੱਕ ਗ੍ਰਾਮ ਦੀਆਂ ਦੋ ਖੁਰਾਕਾਂ ਸ਼ਹਿਦ ਦੇ ਨਾਲ ਦੇਣ ਨਾਲ ਅਲਸਰੇਟਿਵ ਕੋਲਾਈਟਿਸ ਜਾਂ ਪੇਚਸ਼ ਵਿੱਚ ਲਾਭ ਹੁੰਦਾ ਹੈ।

ਇਹ ਵਾਰ-ਵਾਰ ਅੰਤੜੀਆਂ ਦੀ ਗਤੀ ਨੂੰ ਕੰਟਰੋਲ ਕਰਦਾ ਹੈ। ਜਾਮਣ ਦੇ ਪੱਤਿਆਂ ਅਤੇ ਬਦਾਮ ਦੇ ਫਲ ਦੇ ਛਿਲਕੇ ਨੂੰ ਬਰਾਬਰ ਹਿੱਸਿਆਂ ਵਿੱਚ ਸਾੜ ਕੇ ਪ੍ਰਾਪਤ ਕੀਤੀ ਸੁਆਹ ਦੰਦਾਂ ਅਤੇ ਮਸੂੜਿਆਂ ਦੀ ਕਮਜ਼ੋਰੀ ਅਤੇ ਪਾਇਓਰੀਆ ਦੇ ਇਲਾਜ ਵਿੱਚ ਲਾਭਦਾਇਕ ਹੈ। ਸਾਹ ਦੀ ਬਦਬੂ ਨੂੰ ਦੂਰ ਕਰਨ ਲਈ ਇਸ ਵਿੱਚ ਥੋੜ੍ਹਾ ਜਿਹਾ ਪੁਦੀਨਾ ਮਿਲਾਇਆ ਜਾ ਸਕਦਾ ਹੈ। ਭਾਰਤੀ ਪਰੰਪਰਾ ਵਿੱਚ, ਜਾਮਣ ਦੇ ਬੀਜਾਂ ਦੀ ਵਰਤੋਂ ਸ਼ੂਗਰ ਵਿੱਚ ਕੀਤੀ ਜਾਂਦੀ ਹੈ। ਇਸ ਲਈ ਜਾਮਣ ਦੇ ਬੀਜਾਂ ਦੇ ਪਾਊਡਰ ਨੂੰ ਇਕੱਲੇ ਜਾਂ ਕਿਸੇ ਹੋਰ ਐਂਟੀ-ਡਾਇਬੀਟਿਕ ਦਵਾਈ ਦੇ ਨਾਲ ਖਾਣ ਨਾਲ ਖ਼ੂਨ ਵਿੱਚ ਗਲੂਕੋਜ਼ ਦੀ ਮਾਤਰਾ ਘੱਟ ਜਾਂਦੀ ਹੈ ਅਤੇ ਪੌਲੀਯੂਰੀਆ ਵਰਗੀਆਂ ਸਮੱਸਿਆਵਾਂ ਤੋਂ ਵੀ ਰਾਹਤ ਮਿਲਦੀ ਹੈ।

ਜਾਮਣ ਦੇ ਕੱਚੇ ਜਾਂ ਪੱਕੇ ਫਲਾਂ ਨੂੰ ਵੱਡੀ ਮਾਤਰਾ ਵਿੱਚ ਖਾਣ ਨਾਲ ਅਕਸਰ ਪੇਟ ਖਰਾਬ ਅਤੇ ਗੈਸ ਵਰਗੀਆਂ ਬਿਮਾਰੀਆਂ ਹੁੰਦੀਆਂ ਵੇਖੀਆਂ ਗਈਆਂ ਹਨ। ਅਜਿਹੀ ਸਥਿਤੀ ਵਿੱਚ, ਇੱਕ ਗ੍ਰਾਮ ਭੁੰਨੇ ਹੋਏ ਜੀਰੇ ਦੇ ਪਾਊਡਰ ਅਤੇ ਅੱਧਾ ਗ੍ਰਾਮ ਸੇਵਨ ਕਰਨ ਨਾਲ ਰਾਹਤ ਮਿਲਦੀ ਹੈ।

**ਜਾਮਣ ਦੇ ਔਸ਼ਧੀ ਗੁਣ**

1. ਪੁਰਾਣੀ ਸ਼ੂਗਰ ਵਿੱਚ, 500 ਮਿਲੀਗ੍ਰਾਮ ਜਾਮਣ ਦੇ ਬੀਜ ਦੇ ਪਾਊਡਰ ਨੂੰ 65 ਮਿਲੀਗ੍ਰਾਮ ਬਸੰਤ ਕੁਸੁਮਾਕਰ ਦੇ ਨਾਲ ਮਿਲਾ ਕੇ ਖਾਣ ਨਾਲ ਚੰਗੇ ਫਾਇਦੇ ਹੁੰਦੇ ਹਨ।

2. ਬਹੁਤ ਸਾਰੇ ਸੀਨੀਅਰ ਡਾਕਟਰ ਲੋਕਾਂ ਨੂੰ ਜਾਮਣ ਦੇ ਬੀਜ ਦੇ ਪਾਊਡਰ ਨੂੰ ਸੁੱਕੇ ਕਰੇਲੇ, ਗੁੜ ਮੇਥੀ ਦੇ ਬੀਜ ਅਤੇ ਬਿਲਵ ਪੱਤਿਆਂ ਦੇ ਨਾਲ ਮਿਲਾ ਕੇ ਸਵੇਰੇ ਅਤੇ ਸ਼ਾਮ ਇੱਕ-ਇੱਕ ਗ੍ਰਾਮ ਦੀ ਮਾਤਰਾ ਵਿੱਚ ਵਰਤਣ ਲਈ ਕਹਿੰਦੇ ਹਨ।

3. ਜਾਮਣ ਦੇ ਬੀਜ ਦਾ ਪਾਊਡਰ ਔਰਤਾਂ ਵਿੱਚ ਲਿਊਕੋਰੀਆ ਵਰਗੀਆਂ ਬਿਮਾਰੀਆਂ ਵਿੱਚ ਰਾਹਤ ਦਿੰਦਾ ਹੈ।

# ਗਲੇ ਦਾ ਦਰਦ ਵੀ ਬਣ ਸਕਦੈ ਕੈਂਸਰ

ਕੈਂਸਰ ਇੱਕ ਗੰਭੀਰ ਬਿਮਾਰੀ ਹੈ ਜੋ ਕਿਸੇ ਨੂੰ ਵੀ ਆਪਣੀ ਲਪੇਟ ਵਿੱਚ ਲੈ ਸਕਦੀ ਹੈ। ਇਸ ਬਿਮਾਰੀ ਦੀਆਂ ਕਈ ਕਿਸਮਾਂ ਹਨ, ਜਿਨ੍ਹਾਂ ਨੂੰ ਸਰੀਰ ਵਿੱਚ ਪ੍ਰਭਾਵਿਤ ਹੋਣ ਵਾਲੇ ਅੰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਥਾਇਰਾਇਡ ਕੈਂਸਰ ਇਨ੍ਹਾਂ ਵਿੱਚੋਂ ਇੱਕ ਹੈ, ਜਿਸ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ।

ਇਹ ਇੱਕ ਕੈਂਸਰ ਹੈ ਜੋ ਥਾਇਰਾਇਡ ਵਿੱਚ ਵਿਕਸਤ ਹੁੰਦਾ ਹੈ ਅਤੇ ਜਦੋਂ ਇਹ ਹੁੰਦਾ ਹੈ ਤਾਂ ਸਰੀਰ ਕਈ ਤਰੀਕਿਆਂ ਨਾਲ ਸੰਕੇਤ ਦਿੰਦਾ ਹੈ।



**ਥਾਇਰਾਇਡ ਕੈਂਸਰ ਕੀ ਹੈ ?**

ਜਿਵੇਂ ਕਿ ਨਾਮ ਤੋਂ ਹੀ ਪਤਾ ਲੱਗਦਾ ਹੈ, ਥਾਇਰਾਇਡ ਕੈਂਸਰ ਸਰੀਰ ਵਿੱਚ ਮੌਜੂਦ ਥਾਇਰਾਇਡ ਗਲੈਂਡ ਵਿੱਚ ਵਿਕਸਤ ਹੁੰਦਾ ਹੈ। ਥਾਇਰਾਇਡ ਗਲੇ ਵਿੱਚ ਮੌਜੂਦ ਇੱਕ ਛੋਟੀ, ਤਿਤਲੀ ਦੇ ਆਕਾਰ ਦੀ ਗਲੈਂਡ ਹੈ, ਜੋ ਸਰੀਰ ਵਿੱਚ ਬਹੁਤ ਸਾਰੇ ਮਹੱਤਵਪੂਰਨ ਕਾਰਜ ਕਰਦੀ ਹੈ। ਇਹ ਗਲੈਂਡ ਹਾਰਮੋਨ ਪੈਦਾ ਕਰਦੀ ਹੈ ਜੋ ਸਰੀਰ ਦੇ ਤਾਪਮਾਨ, ਦਿਲ ਦੀ ਧੜਕਣ ਅਤੇ ਮੈਟਾਬੋਲਿਜ਼ਮ ਨੂੰ ਨਿਯੰਤਰਿਤ ਕਰਦੇ ਹਨ।

**ਕੈਂਸਰ ਦਾ ਖ਼ਤਰਾ ਕਿਸ ਨੂੰ ਜ਼ਿਆਦਾ ਹੁੰਦਾ ਹੈ ?**

ਇਹ ਕੈਂਸਰ ਕਿਸੇ ਨੂੰ ਵੀ ਆਪਣਾ ਸ਼ਿਕਾਰ ਬਣਾ ਸਕਦਾ ਹੈ। ਹਾਲਾਂਕਿ, ਔਰਤਾਂ ਨੂੰ ਮਰਦਾਂ ਨਾਲੋਂ ਤਿੰਨ ਗੁਣਾ ਜ਼ਿਆਦਾ ਹੋਣ ਦੀ ਸੰਭਾਵਨਾ ਹੁੰਦੀ ਹੈ। ਇਹ ਬਿਮਾਰੀ ਆਮ ਤੌਰ 'ਤੇ 40 ਅਤੇ 50 ਸਾਲ ਦੀ ਉਮਰ ਦੀਆਂ ਔਰਤਾਂ ਅਤੇ 60 ਅਤੇ 70 ਸਾਲ ਦੀ ਉਮਰ ਦੇ ਮਰਦਾਂ ਵਿੱਚ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਇਹ ਬਿਮਾਰੀ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾ ਸਕਦੀ ਹੈ।

**ਥਾਇਰਾਇਡ ਕੈਂਸਰ ਦੇ ਲੱਛਣ**

ਕੁਝ ਵੀ ਖਾਣ-ਪੀਣ ਵਿੱਚ ਮੁਸ਼ਕਿਲ ਅਤੇ ਗਲੇ ਵਿੱਚ ਦਰਦ ਇਸਦੇ ਲੱਛਣਾਂ ਵਿੱਚ ਆਮ ਹਨ ਪਰ ਜੇਕਰ ਤੁਸੀਂ ਇਸ ਦੇ ਨਾਲ ਹੇਠ ਲਿਖੇ ਲੱਛਣ ਵੀ ਦੇਖਦੇ ਹੋ ਤਾਂ ਇਸ ਨੂੰ ਹਲਕੇ ਵਿੱਚ ਨਾ ਲਓ।

ਥਕਾਵਟ, ਭੁੱਖ ਨਾ ਲੱਗਣਾ, ਮਤਲੀ ਅਤੇ ਉਲਟੀਆਂ, ਬਿਨਾਂ ਕਾਰਨ ਭਾਰ ਘਟਣਾ।

**ਥਾਇਰਾਇਡ ਕੈਂਸਰ ਦੇ ਲੱਛਣ**

ਗਰਦਨ ਵਿੱਚ ਲਿੰਫ ਨੋਡਸ ਵਿੱਚ ਸੋਜ,ਸਾਹ ਲੈਣ ਜਾਂ ਨਿਗਲਣ ਵਿੱਚ ਮੁਸ਼ਕਿਲ, ਅਵਾਜ਼ ਦਾ ਨੁਕਸਾਨ ਜਾਂ ਭਾਰੀ ਆਵਾਜ਼।

**ਥਾਇਰਾਇਡ ਕੈਂਸਰ ਦੇ ਕਾਰਨ ਕੀ ਹਨ ?**

ਵਧਿਆ ਹੋਇਆ ਥਾਇਰਾਇਡ (ਗੋਇਟਰ), ਥਾਇਰਾਇਡ ਬਿਮਾਰੀ ਜਾਂ ਥਾਇਰਾਇਡ ਕੈਂਸਰ ਦਾ ਪਰਿਵਾਰਕ ਇਤਿਹਾਸ, ਥਾਇਰਾਇਡਾਈਟਿਸ (ਥਾਇਰਾਇਡ ਗਲੈਂਡ ਵਿੱਚ ਸੋਜ) ਜੀਨ ਪਰਿਵਰਤਨ, ਸਰੀਰ ਵਿੱਚ ਆਇਓਡੀਨ ਦੀ ਕਮੀ, ਮੋਟਾਪਾ,ਸਿਰ ਅਤੇ ਗਰਦਨ ਦੇ ਕੈਂਸਰ ਲਈ ਰੇਡੀਏਸ਼ਨ ਥੈਰੇਪੀ।

**ਕੀ ਥਾਇਰਾਇਡ ਕੈਂਸਰ ਠੀਕ ਹੋ ਸਕਦਾ ਹੈ ?**

ਹਾਂ, ਜ਼ਿਆਦਾਤਰ ਥਾਇਰਾਇਡ ਕੈਂਸਰ ਇਲਾਜਯੋਗ ਹਨ ਖਾਸ ਕਰਕੇ ਜੇਕਰ ਕੈਂਸਰ ਸੈੱਲ ਤੁਹਾਡੇ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਨਹੀਂ ਫੈਲੇ ਹਨ। ਜ਼ਿਆਦਾਤਰ ਥਾਇਰਾਇਡ ਕੈਂਸਰ ਇਲਾਜਯੋਗ ਹਨ। ਇਲਾਜਾਂ ਵਿੱਚ ਸਰਜਰੀ, ਕੀਮੋਥੈਰੇਪੀ, ਰੇਡੀਏਸ਼ਨ, ਹਾਰਮੋਨ ਥੈਰੇਪੀ ਅਤੇ ਰੇਡੀਓਆਇਓਡੀਨ ਥੈਰੇਪੀ ਸ਼ਾਮਲ ਹਨ।

# ਇਕੱਲਾਪਣ ਵੀ ਸਿਹਤ ਲਈ ਹੋ ਸਕਦੈ ਨੁਕਸਾਨਦੇਹ



ਇਕੱਲਾਪਣ ਸਿਰਫ ਸੋਸ਼ਲ ਮੀਡੀਆ 'ਤੇ ਘੱਟ 'ਲਾਈਕ' ਮਿਲਣ ਜਾਂ ਦੋਸਤਾਂ ਨਾਲ ਘੱਟ ਸਮਾਂ ਬਿਤਾਉਣ ਤਕ ਸੀਮਤ ਨਹੀਂ ਹੈ। ਇਹ ਇੱਕ ਡੂੰਘੀ ਭਾਵਨਾ ਹੈ ਜੋ ਸਾਨੂੰ ਇਕੱਲਾ ਮਹਿਸੂਸ ਕਰਾਉਂਦੀ ਹੈ, ਭਾਵੇਂ ਅਸੀਂ ਭੀੜ ਵਿੱਚ ਹੀ ਕਿਉਂ ਨਾ ਹੋਈਏ। ਲੰਬੇ ਸਮੇਂ ਤਕ ਇਕੱਲਾਪਣ ਮਹਿਸੂਸ ਕਰਨਾ ਡਿਪ੍ਰੈਸ਼ਨ, ਚਿੰਤਾ, ਦਿਲ ਦੀ ਬਿਮਾਰੀ ਅਤੇ ਇਮਿਊਨ ਸਿਸਟਮ ਦੀ ਕਮਜ਼ੋਰੀ ਦਾ ਕਾਰਨ ਬਣ ਸਕਦਾ ਹੈ, ਪਰ ਚਿੰਤਾ ਨਾ ਕਰੋ, ਕਿਉਂਕਿ ਅਸੀਂ ਇੱਥੇ ਤੁਹਾਨੂੰ ਇਸ ਨਾਲ ਲੜਨ ਦੇ 5 ਅਸਰਦਾਰ ਤਰੀਕੇ ਦੱਸਣ ਜਾ ਰਹੇ ਹਾਂ।

**ਵਰਚੂਅਲ ਦੁਨੀਆ ਤੋਂ ਬਾਹਰ ਨਿਕਲੋ**

ਅੱਜਕੱਲ੍ਹ ਅਸੀਂ ਸਾਰੇ ਸੋਸ਼ਲ ਮੀਡੀਆ 'ਤੇ ਘੰਟਿਆਂਬੱਧੀ ਕੰਮ ਕਰਦੇ ਹਾਂ, ਪਰ ਕੀ ਇਹ ਸੱਚਮੁੱਚ ਸਾਨੂੰ ਦੂਜਿਆਂ ਨਾਲ ਜੋੜਦਾ ਹੈ ? ਦੱਸ ਦੇਈਏ ਕਿ ਇਕੱਲੇਪਣ ਨਾਲ ਲੜਨ ਦਾ ਪਹਿਲਾ ਕਦਮ ਹੈ ਅਸਲ ਦੁਨੀਆ 'ਚ ਲੋਕਾਂ ਨਾਲ ਜੁੜਨਾ। ਆਪਣੇ ਦੋਸਤਾਂ ਨਾਲ ਮਿਲੋ, ਛੋਟੀਆਂ-ਛੋਟੀਆਂ ਗੱਲਾਂ ਨਾਲ ਸ਼ੁਰੂਆਤ ਕਰੋ। ਜੇ ਤੁਸੀਂ ਸ਼ਰਮੀਲੇ ਹੋ ਤਾਂ ਕਿਸੇ ਹੌਬੀ ਗਰੁੱਪ, ਕਲਾਸ ਜਾਂ ਕਮਿਊਨਿਟੀ ਈਵੈਂਟ 'ਚ ਸ਼ਾਮਲ ਹੋਵੋ ਜਿੱਥੇ ਤੁਸੀਂ ਆਪਣੀ ਪਸੰਦ ਦੇ ਲੋਕਾਂ ਨਾਲ ਮਿਲ ਸਕੋ। ਯਾਦ ਰੱਖੋ, ਇੱਕ ਚੰਗੀ ਗੱਲਬਾਤ 1000 'ਲਾਈਕ' ਤੋਂ ਬਿਹਤਰ ਹੈ।

**ਆਪਣੀਆਂ ਹੌਬੀਜ਼ ਨੂੰ ਮੁੜ ਜਗਾਓ**

ਜਦੋਂ ਤੁਸੀਂ ਇਕੱਲੇ ਹੁੰਦੇ ਹੋ ਤਾਂ ਤੁਹਾਡੇ ਕੋਲ ਆਪਣੇ ਲਈ ਸਮਾਂ ਹੁੰਦਾ ਹੈ। ਇਸ ਸਮੇਂ ਦਾ ਸਹੀ ਉਪਯੋਗ ਕਰੋ। ਆਪਣੀਆਂ ਪੁਰਾਣੀਆਂ ਹੌਬੀਜ਼ ਨੂੰ ਮੁੜ ਸ਼ੁਰੂ ਕਰੋ ਜਿਨ੍ਹਾਂ ਨੂੰ ਤੁਸੀਂ ਛੱਡ ਦਿੱਤਾ ਸੀ, ਜਿਵੇਂ ਕਿ ਪੇਂਟਿੰਗ, ਬਾਗਬਾਨੀ, ਕਿਤਾਬਾਂ ਪੜ੍ਹਨਾ ਜਾਂ ਸੰਗੀਤ ਸੁਣਨਾ ਜਾਂ ਫਿਰ ਕੁਝ ਨਵਾਂ ਸਿੱਖਣ ਦੀ ਕੋਸ਼ਿਸ਼ ਕਰੋ - ਕੋਈ ਨਵੀਂ ਭਾਸ਼ਾ, ਕੋਈ ਸੰਗੀਤ ਦਾ ਸਾਜ਼ ਜਾਂ ਖਾਣਾ ਬਣਾਉਣਾ। ਇਹ ਸਰਗਰਮੀਆਂ ਨਾ ਸਿਰਫ ਤੁਹਾਡੇ ਦਿਮਾਗ ਨੂੰ ਵਿਅਸਤ ਰੱਖਣਗੀਆਂ, ਸਗੋਂ ਤੁਹਾਨੂੰ ਖੁਸ਼ੀ ਅਤੇ ਪ੍ਰਾਪਤੀ ਦਾ ਅਹਿਸਾਸ ਵੀ ਕਰਵਾਉਣਗੀਆਂ।

**ਦੂਜਿਆਂ ਦੀ ਮਦਦ ਕਰੋ**

ਦੂਜਿਆਂ ਦੀ ਮਦਦ ਕਰਨ ਨਾਲ ਨਾ ਸਿਰਫ ਉਨ੍ਹਾਂ ਨੂੰ ਫਾਇਦਾ ਹੁੰਦਾ ਹੈ, ਸਗੋਂ ਤੁਹਾਨੂੰ ਵੀ ਸੰਤੋਖ ਤੇ ਖੁਸ਼ੀ ਮਿਲਦੀ ਹੈ। ਕਿਸੇ ਐਨ.ਜੀ.ਓ. ਨਾਲ ਜੁੜੋ, ਕਿਸੇ ਬੁਜ਼ੁਰਗ ਗੁਆਂਢੀ ਦੀ ਮਦਦ ਕਰੋ ਜਾਂ ਸਿਰਫ ਕਿਸੇ ਦੋਸਤ ਦੀ ਗੱਲ ਧਿਆਨ ਨਾਲ ਸੁਣੋ। ਜਦੋਂ ਤੁਸੀਂ ਦੂਜਿਆਂ ਲਈ ਕੁਝ ਕਰਦੇ ਹੋ ਤਾਂ ਤੁਸੀਂ ਆਪਣੇ-ਆਪ ਨੂੰ ਮੁੱਲਵਾਣ ਤੇ ਜੁੜਿਆ ਮਹਿਸੂਸ ਕਰਦੇ ਹੋ। ਇਹ ਇਕੱਲਾਪਣ ਦੂਰ ਕਰਨ ਦਾ ਇਕ ਸ਼ਾਨਦਾਰ ਤਰੀਕਾ ਹੈ।

**ਆਪਣੀਆਂ ਭਾਵਨਾਵਾਂ ਨੂੰ ਬਿਆਨ ਕਰੋ**

ਇਕੱਲਾਪਣ ਅਕਸਰ ਸਾਨੂੰ ਆਪਣੀਆਂ ਭਾਵਨਾਵਾਂ ਨੂੰ ਅੰਦਰ ਦਬਾਉਣ ਲਈ ਮਜਬੂਰ ਕਰਦਾ ਹੈ ਪਰ ਇਹ ਸਹੀ ਨਹੀਂ ਹੈ। ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾਉਣਾ ਬਹੁਤ ਜ਼ਰੂਰੀ ਹੈ। ਕਿਸੇ ਭਰੋਸੇਮੰਦ ਦੋਸਤ, ਪਰਿਵਾਰ ਦੇ ਮੈਂਬਰ ਜਾਂ ਥੈਰੇਪਿਸਟ ਨਾਲ ਗੱਲ ਕਰੋ। ਆਪਣੀਆਂ ਚਿੰਤਾਵਾਂ, ਡਰ ਤੇ ਇਕੱਲੇਪਣ ਦੀ ਭਾਵਨਾ ਨੂੰ ਸਾਂਝਾ ਕਰੋ। ਕਈ ਵਾਰੀ ਸਿਰਫ ਆਪਣੀ ਗੱਲ ਕਹਿਣ ਨਾਲ ਹੀ ਅੱਧਾ ਭਾਰ ਹਲਕਾ ਹੋ ਜਾਂਦਾ ਹੈ। ਯਾਦ ਰੱਖੋ, ਮਦਦ ਮੰਗਣਾ ਕਮਜ਼ੋਰੀ ਨਹੀਂ, ਸਗੋਂ ਤਾਕਤ ਦੀ ਨਿਸ਼ਾਨੀ ਹੈ।

**ਆਪਣੇ-ਆਪ ਨਾਲ ਪਿਆਰ ਕਰੋ ਅਤੇ ਆਪਣਾ ਖਿਆਲ ਰੱਖੋ**

ਇਕੱਲੇਪਣ ਨਾਲ ਜੂਝਦੇ ਸਮੇਂ ਅਸੀਂ ਅਕਸਰ ਆਪਣੇ-ਆਪ ਨੂੰ ਭੁੱਲ ਜਾਂਦੇ ਹਾਂ, ਪਰ ਇਹ ਸਭ ਤੋਂ ਜ਼ਰੂਰੀ ਸਮਾਂ ਹੈ ਜਦੋਂ ਤੁਹਾਨੂੰ ਆਪਣਾ ਖਿਆਲ ਰੱਖਣਾ ਚਾਹੀਦਾ ਹੈ। ਲੁੜੀਂਦੀ ਨੀਂਦ ਲਓ, ਪੋਸ਼ਣ ਭਰਪੂਰ ਭੋਜਨ ਖਾਓ ਤੇ ਨਿਯਮਤ ਕਸਰਤ ਕਰੋ। ਕੁਦਰਤ ਨਾਲ ਸਮਾਂ ਬਿਤਾਓ - ਪਾਰਕ 'ਚ ਟਹਿਲੋ ਜਾਂ ਖੁੱਲ੍ਹੀ ਹਵਾ 'ਚ ਕੁਝ ਸਮਾਂ ਬਿਤਾਓ। ਆਪਣੀਆਂ ਪਸੰਦ ਦੀਆਂ ਚੀਜ਼ਾਂ ਕਰੋ ਜੋ ਤੁਹਾਨੂੰ ਖੁਸ਼ੀ ਦਿੰਦੀਆਂ ਹਨ। ਜਦੋਂ ਤੁਸੀਂ ਆਪਣੇ-ਆਪ ਨਾਲ ਪਿਆਰ ਕਰਦੇ ਹੋ ਅਤੇ ਆਪਣਾ ਖਿਆਲ ਰੱਖਦੇ ਹੋ, ਤਾਂ ਤੁਸੀਂ ਮਾਨਸਿਕ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਬਣਦੇ ਹੋ, ਜੋ ਇਕੱਲੇਪਣ ਨਾਲ ਲੜਨ 'ਚ ਤੁਹਾਡੀ ਮਦਦ ਕਰਦਾ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਮੋਹ ਦੀ ਖਿੱਚ

**ਪਰਗਟ ਸਿੰਘ ਸਤੌਜ**

ਕਈ ਪਲ ਸਾਰੀ ਜ਼ਿੰਦਗੀ ਲਈ ਯਾਦਗਾਰੀ ਬਣ ਜਾਂਦੇ ਹਨ। ਸਾਡਾ ਮਨ ਉਨ੍ਹਾਂ ਪਲਾਂ ਨੂੰ ਵਾਰ-ਵਾਰ ਮਾਣਨ ਨੂੰ ਕਰਦਾ ਹੈ ਪਰ ਭੱਜੇ ਜਾਂਦੇ ਸਮੇਂ ਦੀਆਂ ਵਾਗਾਂ ਫੜ ਕੇ ਪਿੱਛੇ ਨਹੀਂ ਮੋੜਿਆ ਜਾ ਸਕਦਾ। ਬਸ! ਯਾਦਾਂ ਹਨ, ਜਿਨ੍ਹਾਂ ਸਹਾਰੇ ਅਸੀਂ ਉਨ੍ਹਾਂ ਪਲਾਂ ਵਿੱਚੋਂ ਜਿੰਨੀ ਵਾਰ ਚਾਹੀਏ ਗੁਜ਼ਰ ਸਕਦੇ ਹਾਂ। ਇਹ ਯਾਦਾਂ ਬਚਪਨ ਜਾਂ ਜਵਾਨੀ ਨਾਲ ਜੁੜੀਆਂ ਹੋਣ ਤਾਂ ਹੋਰ ਵੀ ਮਿੱਠੀਆਂ ਤੇ ਪਿਆਰੀਆਂ ਹੋ ਜਾਂਦੀਆਂ ਹਨ।

ਜਦੋਂ ਮੇਰੀ ਨੌਕਰੀ ਲੱਗੀ, ਸਾਰੇ ਟੱਬਰ ਤੋਂ ਖ਼ੁਸ਼ੀ ਸਾਂਭੀ ਨਹੀਂ ਜਾਂਦੀ ਸੀ। ਘਰ ਦੇ ਨਸੀਹਤਾਂ ਦੇ ਰਹੇ ਸਨ, "ਫਲਾਣੇ ਥਾਂ ਡੱਬਾ ਜ਼ਰੂਰੀ ਦੇਈਂ, ਫਲਾਣੇ ਥਾਂ ਜ਼ਰੂਰ।" ਪਰ ਮੇਰੇ ਚੇਤਿਆਂ ਦੀ ਪਟਾਰੀ 'ਚ ਕੋਈ ਹੋਰ ਥਾਂ ਘੁੰਮ ਰਹੀ ਸੀ। ਜਿੱਥੇ ਮੈਂ ਜਾਣਾ ਚਾਹੁੰਦਾ ਸੀ, ਉਸ ਥਾਂ ਨਾਲ ਜੁੜੀਆਂ ਯਾਦਾਂ ਮੈਨੂੰ ਆਵਾਜ਼ਾਂ ਮਾਰ ਰਹੀਆਂ ਸਨ।

ਮੇਰਾ ਉਸ ਪਿੰਡ ਨਾਲੋਂ ਨਾਤਾ ਟੁੱਟਿਆਂ ਦੋ ਦਹਾਕਿਆਂ ਤੋਂ ਉਪਰ ਹੋ ਗਿਆ ਸੀ। ਮੈਂ ਜਾਣਾ ਚਾਹੁੰਦਾ ਸੀ ਪਰ ਕੁਝ ਪਤਾ ਨਹੀਂ ਸੀ ਕਿੱਧਰ ਦੀ ਜਾਵਾਂ? ਅੱਗੇ ਕੌਣ ਮਿਲੇਗਾ? ਕਿਸ ਦਾ ਨਾਂ ਲਵਾਂ? ਹੁਣ ਤਾਂ ਉਨ੍ਹਾਂ ਦੇ ਨਾਂ ਵੀ ਚੇਤਿਆਂ 'ਚੋਂ ਤਿਲਕ ਗਏ ਸਨ। ਬਸ ਇੱਕ ਮੋਹ ਸੀ ਜਿਹੜਾ ਮੈਨੂੰ ਓਧਰ ਨੂੰ ਖਿੱਚ ਰਿਹਾ ਸੀ। ਪਹਿਲਾਂ ਤਾਂ ਮੈਂ ਝਿਜਕਦਾ ਰਿਹਾ। ਫਿਰ ਹੌਲ਼ੀ-ਹੌਲ਼ੀ ਆਪਣੇ ਮਨ ਦੀ ਗੰਢ ਮਾਂ ਕੋਲ ਖੋਲ੍ਹ ਦਿੱਤੀ। ਮੇਰੀ ਓਥੇ ਜਾਣ ਦੀ ਚਾਹਣਾ ਸੁਣ ਕੇ ਮਾਂ ਦੀਆਂ ਅੱਖਾਂ ਵਿੱਚ ਅਨੋਖੀ ਚਮਕ ਆ ਗਈ, ਚਿਹਰੇ 'ਤੇ ਖ਼ੁਸ਼ੀ ਧੂੜੀ ਗਈ। ਮਾਂ ਨੇ ਮੈਨੂੰ ਸਾਰੀ ਗੱਲ ਸਮਝਾ ਦਿੱਤੀ। ਮਾਂ ਤਾਂ ਹੋਰ ਵੀ ਬੜਾ ਕੁਝ ਕਹਿਣਾ ਚਾਹੁੰਦੀ ਸੀ, ਪਰ ਮੇਰੀ ਅੰਦਰਲੀ ਕਾਹਲ ਨੇ ਮੈਨੂੰ ਹੋਰ ਰੁਕਣ ਦੀ ਮੋਹਲਤ ਨਹੀਂ ਸੀ ਦਿੱਤੀ।

ਮੈਂ ਆਪਣੇ ਇੱਕ ਦੋਸਤ ਨੂੰ ਨਾਲ ਲੈ ਕੇ ਤੁਰ ਪਿਆ ਸੀ। ਜਿਸ ਪਿੰਡ ਮੈਂ ਜਾ ਰਿਹਾ ਸੀ ਉਹ ਮੇਰੀ ਮਾਂ ਦਾ ਪੇਕਾ ਪਿੰਡ ਸੀ। ਕਦੇ ਏਸ ਪਿੰਡ ਦੀਆਂ ਗਲੀਆਂ ਵਿੱਚ ਮੇਰੀ ਮਾਂ ਦਾ ਬਚਪਨ ਬੀਤਿਆ ਸੀ, ਜਵਾਨੀ ਚੜ੍ਹੀ ਸੀ।

ਜਦੋਂ ਮੇਰੀ ਨਾਨੀ ਨੂੰ ਉਸ ਦੇ ਪੇਕੇ ਪਿੰਡ ਜ਼ਮੀਨ ਮਿਲ ਗਈ ਸੀ ਤਾਂ ਮੇਰੇ ਨਾਨਕਿਆਂ ਦਾ ਸਾਰਾ ਪਰਿਵਾਰ ਇਸ ਪਿੰਡੋਂ ਉੱਠ ਕੇ ਮੇਰੀ ਨਾਨੀ ਦੇ ਪੇਕੇ ਪਿੰਡ ਜਾ ਟਿਕਿਆ ਸੀ। ਪਿੱਛੇ ਰਹਿ ਗਿਆ ਇਕੱਲਾ ਨਾਨਾ। ਨਾਨੇ ਨੂੰ ਘਰ ਨਾਲ ਮੋਹ ਸੀ, ਉਹ ਮੋਹ ਨਾ ਤਿਆਗ ਸਕਿਆ ਤੇ ਮਰਨ ਤੱਕ ਇੱਥੇ ਹੀ ਰਿਹਾ।

ਮੇਰੇ ਬਚਪਨ ਦੇ ਪਹਿਲੇ ਪੰਜ ਸੱਤ ਸਾਲ, ਜਿੰਨੀ ਦੇਰ ਨਾਨਾ ਜੀ ਜਿਉਂਦੇ ਰਹੇ, ਸਾਡੀ ਇੱਥੇ ਵੀ ਆਉਣੀ ਜਾਣੀ ਰਹੀ। ਫਿਰ ਨਾਨੇ ਦੇ ਮਰਨ ਤੋਂ ਬਾਅਦ ਉਸ ਪਿੰਡ ਨਾਲ ਸਾਂਝ ਘਟਦੀ-ਘਟਦੀ ਮੁੱਕ ਗਈ, ਪਰ ਅੱਜ ਦੋ ਦਹਾਕਿਆਂ ਬਾਅਦ ਮੇਰੇ ਅੰਦਰ ਬੈਠੇ ਪਤਾ ਨਹੀਂ ਕਿਹੜੇ ਮੋਹ ਜਾਲ਼ ਨੇ ਮੈਨੂੰ ਉਸ ਪਿੰਡ ਵੱਲ ਫਿਰ ਤੋਰ ਲਿਆ ਸੀ।

ਪਿੰਡ ਦੀ ਜੂਹ 'ਚ ਵੜੇ ਤਾਂ ਮੈਨੂੰ ਉਹ ਖੇਤ, ਉਹ ਪਹੀਆਂ ਯਾਦ ਆਈਆਂ ਜਿੱਥੇ ਮੈਂ ਨਾਨੇ ਕੇ ਗੁਆਂਢ 'ਚ ਰਹਿੰਦੀ ਮਾਂ ਦੀ ਚਾਚੀ ਮੂਰਤੀ ਦੀਆਂ ਕੁੜੀਆਂ ਨਾਲ ਬੇਰ ਤੋੜਨ ਆਉਂਦਾ ਹੁੰਦਾ ਸੀ। ਚਾਹੇ ਮੈਂ ਇਨ੍ਹਾਂ ਚਾਰੇ ਕੁੜੀਆਂ ਦਾ ਰਿਸ਼ਤੇ ਵਿੱਚ ਭਾਣਜਾ ਲੱਗਦਾ ਸੀ ਪਰ ਇਹ ਮੈਨੂੰ ਆਪਣੇ ਛੋਟੇ ਭਰਾ ਵਾਂਗ ਸਮਝਦੀਆਂ ਸਨ। ਛੋਟੀ ਕੁੜੀ ਤਾਂ ਮੇਰੇ ਹਾਣ ਦੀ ਸੀ। ਅਸੀਂ ਇਨ੍ਹਾਂ ਖੇਤਾਂ 'ਚ ਬੇਰ ਤੋੜਨ ਆਉਂਦੇ। ਉਹ ਕੁੜੀਆਂ ਪਹਿਲਾਂ ਆਪੋ-ਆਪਣੇ ਬੇਰ ਚੁਗਦੀਆਂ ਫਿਰ ਉਨ੍ਹਾਂ 'ਚੋਂ ਲੀਲੂ-ਲੀਲੂ ਬੇਰ ਛਾਂਟ ਕੇ ਮੈਨੂੰ ਦੇ ਦਿੰਦੀਆਂ ਤੇ ਅੱਧ-ਕੱਚੇ ਆਪ ਖਾਂਦੀਆਂ। ਕਿੰਨੇ ਮੋਹ ਭਿੱਜੇ ਸਨ ਉਹ ਦਿਨ। ਮੈਂ ਉਨ੍ਹਾਂ ਵੱਡੀਆਂ ਭੈਣਾਂ ਦੇ ਮੋਹ ਕਰਕੇ ਭਰ ਆਏ ਮਨ ਨੂੰ ਆਪਣੇ ਅੰਦਰ ਹੀ ਡੋਲ੍ਹ ਕੇ ਮੋਟਰਸਾਈਕਲ ਪਿੰਡ ਦੀ ਫਿਰਨੀ 'ਤੇ ਜਾ ਖੜ੍ਹਾਇਆ।

ਸਮੇਂ ਦੇ ਜ਼ਾਲਮ ਹੱਥਾਂ ਨੇ ਇਨ੍ਹਾਂ ਤੇਈ-ਚੌਵੀ ਸਾਲਾਂ ਦੌਰਾਨ ਪਿੰਡ ਦੇ ਨਕਸ਼ੇ ਤੋਂ ਕਿੰਨਾ ਕੁਝ ਮੇਟ ਕੇ ਨਵਾਂ ਉੱਕਰ ਦਿੱਤਾ ਸੀ, ਪਰ ਮੈਂ ਨਾਨੇ ਕੇ ਘਰ ਨੂੰ ਜਾਂਦੀ ਗਲੀ ਝੱਟ ਪਹਿਚਾਣ ਲਈ।

ਪਿੰਡ ਦੇ ਚੌਕ ਨੇੜੇ ਹੀ ਨਾਨੇ ਕਾ ਘਰ ਸੀ। ਇਸ ਚੌਕ ਵਿੱਚ ਕਦੇ ਮੈਂ ਬਾਜ਼ੀਗਰ ਦਾ ਖੇਡ ਵੇਖਿਆ ਸੀ। ਉਹ ਲੱਤਾਂ ਨਾਲ ਲੰਬੀਆਂ ਬਾਂਸ ਦੀਆਂ ਡਾਂਗਾਂ ਬੰਨ੍ਹ ਕੇ ਲਮਢੀਂਗ ਵਾਂਗ ਪਿੰਡ ਦੇ ਕੋਠਿਆਂ ਤੋਂ ਉੱਪਰ ਤੁਰ ਰਿਹਾ ਸੀ। ਇਸ ਬਾਜ਼ੀਗਰ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਘਰ ਆ ਕੇ ਲੱਤਾਂ ਨਾਲ ਡਾਂਗਾਂ ਬੰਨ੍ਹ ਕੇ ਤੁਰਨ ਦੀ ਸੋਚੀ ਸੀ ਪਰ ਮੈਂ ਦੋ ਤਿੰਨ ਵਾਰ ਮੂਧੇ ਮੂੰਹ ਡਿੱਗ ਕੇ 'ਹੱਥ ਨਾ ਪੁੱਜੇ ਥੂ ਕੌੜੀ' ਕਹਿੰਦੇ ਨੇ ਬਾਜ਼ੀਗਰ ਦੇ ਐਸੇ ਕਰਤੱਬ ਵੱਲ ਨੱਕ ਬੁੱਲ੍ਹ ਕੱਢ ਦਿੱਤੇ ਸਨ।

ਮੈਂ ਚੌਕ ਵਿੱਚ ਜਾ ਖੜ੍ਹਿਆ ਸੀ। ਅੱਗੇ ਦਿਮਾਗ਼ ਵਿੱਚ ਉੱਕਰੀ ਹੋਈ ਨਿਸ਼ਾਨਦੇਹੀ ਧੁੰਦਲੀ ਪੈ ਗਈ ਸੀ। ਚੌਕ 'ਚੋਂ ਲੰਘਦੇ ਇੱਕਾ-ਦੁੱਕਾ ਬੰਦਿਆਂ ਨੇ ਵੀ ਸ਼ਾਇਦ ਮੇਰੀ ਪ੍ਰੇਸ਼ਾਨੀ ਤਾੜ ਲਈ ਸੀ। ਫਿਰ ਮੈਂ ਉਂਜ ਹੀ ਮਨੋਂ ਅੰਦਾਜ਼ਾ ਲਾ ਕੇ ਇੱਕ ਬਾਰ ਅੱਗੇ ਮੋਟਰਸਾਈਕਲ ਰੋਕ ਲਿਆ।

"ਭਲਾਂ ਫਲਾਣੇ ਦਾ ਘਰ ਕਿਹੜੈ ਜੀ?" ਮੈਂ ਮੇਰੇ ਵੱਲ ਆਉਂਦੇ ਇੱਕ ਬਜ਼ੁਰਗ ਨੂੰ ਪੁੱਛ ਲਿਆ। ਮਾਂ ਨੇ ਮੈਨੂੰ ਆਪਣੇ ਤਾਏ ਦੇ ਮੁੰਡੇ ਦਾ ਘਰ ਇੱਥੇ ਹੀ ਕਿਤੇ ਦੱਸਿਆ ਸੀ।

"ਇਹੀ ਐ ਭਾਈ, ਜੀਹਦੇ ਮੂਹਰੇ ਤੁਸੀਂ ਖੜ੍ਹੇ ਓ। ਸਾਡਾ ਈ ਘਰ ਐ।"

"ਮੈਂ ਜੀ ਪਰਗਟ ਸਤੌਜ ਤੋਂ, ਫਲਾਣੇ ਦਾ ਮੁੰਡਾ।"

"ਅੱਛਿਆ!" ਮੇਰੀ ਏਨੀ ਕੁ ਗੱਲ ਸੁਣ ਕੇ ਉਸ ਬਜ਼ੁਰਗ ਦੇ ਚਿਹਰੇ 'ਤੇ ਖ਼ੁਸ਼ੀ ਝਾਂਬੜਾਂ ਪਾ ਗਈ। ਉਹ ਸਾਨੂੰ ਅੰਦਰ ਲੈ ਗਿਆ। ਅਸੀਂ ਅੰਦਰ ਵਰਾਂਡੇ ਵਿੱਚ ਜਾ ਬੈਠੇ। ਮੈਂ ਵੇਖਿਆ, ਕਾਠ ਦੀ ਛੱਤ ਵਾਲਾ ਵਰਾਂਡਾ ਹੇਠੋਂ ਵੀ ਕੱਚਾ, ਬਿਨਾਂ ਟੀਪ-ਟੱਲੇ ਤੋਂ। ਵਰਾਂਡੇ ਤੋਂ ਅੱਗੇ ਸਬ੍ਹਾਤ ਦੀ ਹਾਲਤ ਵੀ ਇੰਝ ਹੀ ਸੀ। ਟੇਢੀਆਂ-ਮੇਢੀਆਂ ਇੱਟਾਂ ਨਾਲ ਖੜ੍ਹੀਆਂ ਕੀਤੀਆਂ ਕੰਧਾਂ ਘਰ ਦੀ ਆਰਥਿਕ ਮੰਦਹਾਲੀ ਬਾਰੇ ਮੂੰਹੋਂ ਬੋਲ ਰਹੀਆਂ ਸਨ।

ਸਵਾਹ ਨਾਲ ਭਾਂਡੇ ਮਾਂਜਦੀ ਬਜ਼ੁਰਗ ਔਰਤ ਬੱਠਲ ਵਿੱਚ ਹੱਥ ਧੋ ਕੇ, ਮੈਲੀ ਚੁੰਨੀ ਨਾਲ ਪੂੰਝਦੀ ਸਾਡੇ ਕੋਲ ਆ ਗਈ। ਅਸੀਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਪੈਰੀਂ ਹੱਥ ਲਾ ਦਿੱਤੇ।

"ਪਛਾਣ ਭਲਾਂ ਕੌਣ ਐ?" ਬਜ਼ੁਰਗ ਨੇ ਖ਼ੁਸ਼ੀ ਵਿੱਚ ਹੱਸਦਿਆਂ ਪੁੱਛਿਆ। ਮਾਈ ਕੁਝ ਦੇਰ ਮੇਰੇ ਵੱਲ ਵੇਖਦੀ ਕਿਸੇ ਜਾਣੂ ਦੇ ਨਕਸ਼ ਮੇਰੇ 'ਚੋਂ ਤਲਾਸ਼ਦੀ ਰਹੀ ਤੇ ਫਿਰ 'ਨਾਂਹ' ਵਿੱਚ ਸਿਰ ਮਾਰ ਦਿੱਤਾ।

"ਪਤਾ ਨੀ ਲੱਗਿਆ?" ਬਜ਼ੁਰਗ ਆਪਣੀ ਜਿੱਤ ਵਿੱਚ ਮੁਸਕਰਾਇਆ। ਉਹ ਚਾਹੁੰਦਾ ਸੀ ਮਾਈ ਸਾਨੂੰ ਪਹਿਚਾਣ ਨਾ ਸਕੇ ਤੇ ਉਹ ਆਪ ਖ਼ੁਸ਼ੀ ਵਾਲੀ ਗੱਲ ਦੱਸ ਕੇ ਉਸ ਨੂੰ ਹੋਰ ਹੈਰਾਨ ਕਰ ਦੇਵੇ। ਮਾਈ ਨੇ ਆਪਣੇ ਚੇਤਿਆਂ 'ਚੋਂ ਗੁਆਚੇ, ਧੁੰਦਲੇ ਪਏ ਨੈਣ-ਨਕਸ਼ ਲੱਭੇ, ਮੇਰੇ ਨਾਲ ਮਿਲਾਏ ਤੇ ਫਿਰ 'ਨਾਂਹ' ਵਿੱਚ ਸਿਰ ਫੇਰ ਦਿੱਤਾ।

"ਇਹ ਆਪਣਾ ਪਰਗਟ ਐ ਸਤੌਜ ਤੋਂ! ਪਾਲ ਦਾ ਮੁੰਡਾ।" ਬਜ਼ੁਰਗ ਨੇ ਉਸ ਦੇ ਕੰਨ ਕੋਲ ਲੋੜੋਂ ਵੱਧ ਉੱਚੀ ਬੋਲ ਕੇ ਕਿਹਾ।

ਮਾਈ ਦੀਆਂ ਚੌੜੀਆਂ ਹੋਈਆਂ ਅੱਖਾਂ ਵਿੱਚ ਚਮਕ ਆਈ, ਝੁਰੜੀਆਂ ਵਾਲੇ ਚਿਹਰੇ 'ਤੇ ਨੂਰ ਝਲਕਿਆ, ਬੁੱਲ੍ਹ ਫਰਕੇ, ਬਾਹਵਾਂ ਉੱਠੀਆਂ ਤੇ ਮੈਨੂੰ ਘੁੱਟ ਕੇ ਜੱਫੀ ਵਿੱਚ ਲੈ ਲਿਆ। "ਹਾਏ ਮੇਰਾ ਪੁੱਤ! ਜੁੱਗ-ਜੁੱਗ ਜੀਵੇਂ, ਜਵਾਨੀਆਂ ਮਾਣੇਂ। ਸਾਡੀ ਸਾਰੀ ਉਮਰ ਤੈਨੂੰ ਲੱਗ ਜੇ!" ਉਹ ਮੈਨੂੰ ਕਲਾਵੇ ਵਿੱਚ ਲਈ ਅਸੀਸਾਂ 'ਤੇ ਅਸੀਸਾਂ ਦਿੰਦੀ ਗਈ। ਉਸ ਦੀਆਂ ਅੱਖਾਂ ਵਿੱਚ ਪਾਣੀ ਤੈਰ ਆਇਆ। ਮੈਂ ਵੀ ਮੋਹ ਵਿੱਚ ਭਰ ਆਏ ਮਨ ਨੂੰ ਅੰਦਰੇ ਦੱਬ-ਘੁੱਟ ਲਿਆ। ਕਲਾਵੇ 'ਚੋਂ ਵੱਖ ਹੁੰਦਿਆਂ, ਮਿਠਾਈ ਦਾ ਡੱਬਾ ਮਾਈ ਦੇ ਹੱਥ 'ਚ ਰੱਖ ਕੇ ਮੈਂ ਇੱਕ ਖ਼ੁਸ਼ੀ ਹੋਰ ਦੱਸ ਦਿੱਤੀ, "ਮੈਨੂੰ ਨੌਕਰੀ ਮਿਲ ਗੀ ਮਾਮੀ।"

"ਵਾਹ ਵੇ ਪੁੱਤ!" ਉਹ ਮੈਨੂੰ ਫਿਰ ਅਸੀਸਾਂ ਦੇਣ ਲੱਗ ਪਈ। ਚਾਹ ਪਾਣੀ ਪੀਂਦਿਆਂ ਅਸੀਂ ਕਿੰਨੀਆਂ ਹੀ ਅਗਲੀਆਂ ਪਿਛਲੀਆਂ ਗੱਲਾਂ ਕੀਤੀਆਂ। ਮਾਮੀ ਨੇ ਘਰ ਪਰਿਵਾਰ ਬਾਰੇ ਸੁੱਖ-ਸਾਂਦ ਪੁੱਛੀ।

ਇੱਧਰੋਂ ਇਜਾਜ਼ਤ ਲੈ ਕੇ ਅਸੀਂ ਨਾਨੇ ਕੇ ਗੁਆਂਢ 'ਚ ਰਹਿੰਦੀ ਮਾਂ ਦੀ ਚਾਚੀ ਮੂਰਤੀ ਕੇ ਘਰ ਵੱਲ ਤੁਰ ਪਏ। ਮੇਰੇ ਸਕੇ ਨਾਨੇ ਤੇ ਮੂਰਤੀ ਨਾਨੀ ਕੇ ਘਰ ਦੀਆਂ ਕੰਧਾਂ ਸਾਂਝੀਆਂ ਸਨ। ਘਰ ਕੋਲ ਪਹੁੰਚ ਕੇ ਮੈਂ ਵੇਖਿਆ, ਜਿੱਥੇ ਨਾਨੇ ਕਾ ਘਰ ਹੁੰਦਾ ਸੀ ਓਥੇ ਹੁਣ ਕੁਝ ਨਹੀਂ ਹੈ। ਇੱਕ ਗੁਹਾਰਾ ਖੜ੍ਹਾ ਹੈ ਤੇ ਪਾਥੀਆਂ ਪੱਥੀਆਂ ਪਈਆਂ ਹਨ। ਕਦੇ ਇਸੇ ਥਾਂ ਵਰਾਂਡੇ ਵਿੱਚ ਬੈਠਾ ਮੇਰਾ ਨਾਨਾ ਸਾਨੂੰ ਨਸੀਹਤਾਂ ਦਿੰਦਾ ਰਹਿੰਦਾ ਸੀ, "ਓਏ ਕੋਠੇ 'ਤੇ ਨਾ ਚੜ੍ਹਿਓ, ਓਏ ਆਹ ਨਾ ਕਰਿਓ, ਓਏ ਓਹ ਨਾ ਕਰਿਓ!" ਅਸੀਂ ਝਲਾਣੀ ਉਪਰੋਂ ਜਾਂਦੀ ਕੱਚੀ ਪੌੜੀ ਰਾਹੀਂ, ਕੱਚੀ ਸਬ੍ਹਾਤ ਉੱਪਰ ਚੜ੍ਹ ਜਾਂਦੇ ਤੇ ਨਾਨੇ ਦੀਆਂ ਝਿੜਕਾਂ ਸੁਣ ਕੇ ਫਿਰ ਉਤਰ ਆਉਂਦੇ। ਹੁਣ ਇੱਥੋਂ ਉਹ ਸਭ ਕੁਝ ਕਦੋਂ ਦਾ ਗੁਆਚ ਗਿਆ ਸੀ।

ਮੂਰਤੀ ਨਾਨੀ ਕਿਆਂ ਨੇ ਆਪਣਾ ਘਰ ਢਾਹ ਕੇ ਹੋਰ ਬਣਾ ਲਿਆ ਸੀ। ਅਸੀਂ ਝਿਜਕਦੇ ਜਿਹੇ ਅੰਦਰ ਲੰਘ ਗਏ। ਸਿਰਫ਼ ਇੱਕ ਕੁੜੀ ਤੋਂ ਇਲਾਵਾ ਘਰ ਕੋਈ ਨਹੀਂ ਸੀ। ਮੈਂ ਇਸ ਕੁੜੀ ਨੂੰ ਪਛਾਣ ਲਿਆ ਸੀ। ਇਹ ਮੂਰਤੀ ਨਾਨੀ ਦੀ ਹੀ ਕੁੜੀ ਸੀ ਪਰ ਇਹ ਨਹੀਂ ਪਤਾ ਛੋਟੀ ਕਿ ਵੱਡੀ। ਕੁੜੀ ਦੇ ਹਾਵਾਂ ਭਾਵਾਂ ਤੋਂ ਪਤਾ ਲੱਗਦਾ ਸੀ ਕਿ ਉਸ ਨੇ ਸਾਨੂੰ ਪਛਾਣਿਆ ਨਹੀਂ ਸੀ। ਜਦ ਉਹ ਝਿਜਕਦੀ ਜਿਹੀ ਪਾਣੀ ਲੈ ਕੇ ਆਈ ਤਾਂ ਮੈਂ ਵੇਖਿਆ ਉਸ ਦੀਆਂ ਅੱਖਾਂ ਵਿੱਚ ਕਿੰਨੇ ਹੀ ਸਵਾਲ ਲਟਕ ਰਹੇ ਸਨ।

"ਪਛਾਣਿਆ ਭਾਈ?" ਮੈਂ ਪਾਣੀ ਲੈ ਕੇ ਆਈ ਕੁੜੀ ਨੂੰ ਪੁੱਛਿਆ।

"ਨਾ ਭਾਈ!" ਉਸ ਨੇ ਨਾਂਹ ਵਿੱਚ ਜਵਾਬ ਵੀ ਦੇ ਦਿੱਤਾ ਤੇ ਮੈਨੂੰ ਪਛਾਣਨ ਦੀ ਕੋਸ਼ਿਸ਼ ਵੀ ਕਰਦੀ ਰਹੀ।

"ਮੈਂ ਪਰਗਟ ਸਤੌਜ ਤੋਂ।"

"ਅੱਛਿਆ!" ਉਸ ਦੇ ਘਬਰਾਏ ਚਿਹਰੇ 'ਤੇ ਖੇੜਾ ਆ ਗਿਆ। ਸ਼ੰਕਾਵਾਂ ਦੀ ਪੰਡ ਸਿਰ ਤੋਂ ਵਗਾਹ ਮਾਰੀ।

"ਦੂਜੀਆਂ ਭੈਣਾਂ?" ਮੈਂ ਆਲ਼ੇ-ਦੁਆਲ਼ੇ ਨਿਗ੍ਹਾ ਮਾਰਦੇ ਨੇ ਪੁੱਛਿਆ।

"ਉਹ ਤਾਂ ਵਿਆਹ ਤੀਆਂ ਬਾਈ।"

"ਨਾਨੀ?"

"ਪਾਸੇ ਗਈ ਐ।"

"ਭਾਈ?" ਮੇਰੀ ਚਾਹਣਾ ਸੀ ਸਾਰਿਆਂ ਨੂੰ ਇੱਕ ਵਾਰ ਜ਼ਰੂਰ ਵੇਖ ਲੈਂਦਾ।

"ਭਾਈ ਵੀ ਕੰਮ 'ਤੇ ਗਿਐ। ਅੱਛਿਆ ਮੈਂ ਚਾਹ ਬਣਾ ਕੇ ਲਿਆਉਂਦੀਆਂ।" ਕੁੜੀ ਚਾਹ ਬਣਾਉਣ ਚਲੀ ਗਈ। ਮੇਰੇ ਦਿਮਾਗ਼ ਵਿੱਚ ਪੁਰਾਣੀਆਂ ਯਾਦਾਂ ਫਿਰ ਘੁਮੇਰੀਆਂ ਖਾਣ ਲੱਗੀਆਂ।

ਇਸੇ ਹੀ ਘਰ ਦੇ ਸਾਹਮਣੇ ਵਿਹੜੇ ਵਿੱਚ ਟੋਕਾ ਕੁਤਰਨੀ ਮਸ਼ੀਨ ਲੱਗੀ ਹੁੰਦੀ ਸੀ। ਮੂਰਤੀ ਨਾਨੀ ਲੋਕਾਂ ਦੇ ਖੇਤਾਂ 'ਚੋਂ ਗੰਨੇ ਘੜਨ ਗਈ ਆਗ ਲੈ ਆਉਂਦੀ। ਨਾਨੀ ਦੀ ਵੱਡੀ ਕੁੜੀ ਰੁੱਗ ਲਾਉਂਦੀ, ਨਾਨੀ ਮਸ਼ੀਨ ਫੇਰਦੀ। ਤਿੰਨੋਂ ਛੋਟੀਆਂ ਕੁੜੀਆਂ ਆਗਾਂ ਦੇ ਮਿੱਠੇ ਡੱਕਰੇ ਚੁਗ-ਚੁਗ ਮੈਨੂੰ ਖਵਾਉਂਦੀਆਂ ਰਹਿੰਦੀਆਂ। ਕਦੇ ਨਾਨੀ ਬਾਖੜੇ ਦੁੱਧ 'ਚ ਸੇਵੀਆਂ ਬਣਾਉਂਦੀ। ਕੁੜੀਆਂ ਪੰਡਤਾਂ ਵਾਂਗੂੰ ਪਹਿਲਾਂ ਮੇਰੀ ਸੇਵਾ ਕਰਦੀਆਂ, ਫਿਰ ਆਪ ਖਾਂਦੀਆਂ।

ਮੈਨੂੰ ਅੱਜ ਵੀ ਯਾਦ ਹੈ ਕਿ ਇੱਕ ਵਾਰ ਅਸੀਂ ਹਸਪਤਾਲ ਦੇ ਗੇਟਾਂ ਨਾਲ ਝੂਲ ਰਹੇ ਸੀ ਤਾਂ ਕਿੱਧਰੋਂ ਅਚਾਨਕ ਪਰਸਾ ਬੌਲ਼ਾ ਆ ਗਿਆ। ਇੱਕ ਕੁੜੀ ਚੀਕ ਮਾਰ ਕੇ ਘਰ ਵੱਲ ਨੂੰ ਸਰਪਟ ਦੌੜ ਪਈ। ਉਸ ਦੇ ਪਿੱਛੇ ਹੀ ਅਸੀਂ ਡੌਰ-ਭੌਰ ਹੋਏ ਵਰੋਲ਼ਾ ਬਣ ਗਏ। ਮੈਂ ਸਭ ਤੋਂ ਛੋਟਾ ਸੀ ਤੇ ਸਭ ਤੋਂ ਪਿੱਛੇ ਰਹਿ ਗਿਆ। ਪਰਸੇ ਦੇ ਹੱਥ ਆਉਣੋਂ ਡਰਦਿਆਂ ਮੈਂ ਜਾਨ ਬਚਾਉਣ ਲਈ ਹੋਰ ਤੇਜ਼ ਦੌੜਨ ਦੀ ਕੋਸ਼ਿਸ਼ ਕੀਤੀ ਤੇ ਠੋਕਰ ਖਾ ਕੇ ਗਲੀ ਵਿੱਚ ਗੇਂਦ ਵਾਂਗ ਲੋਟਣੀਆਂ ਖਾ ਗਿਆ। ਕੁੜੀਆਂ ਦੇ ਭੱਜੇ ਜਾਂਦੇ ਕਦਮ ਰੁਕੇ। ਭੈਅ ਨਾਲ ਪਿੱਛੇ ਵੇਖਿਆ ਤੇ ਫਿਰ ਮੈਨੂੰ ਉਹ ਬਾਹਵਾਂ ਉੱਪਰ ਚੁੱਕ ਕੇ ਘਰ ਲੈ ਗਈਆਂ। ਮੇਰੇ ਮੱਥੇ ਵਿੱਚ ਸੱਟ ਲੱਗੀ ਸੀ। ਨਾਨੀ ਮੇਰੇ ਮੱਥੇ 'ਤੇ ਓਹੜ-ਪੋਹੜ ਵੀ ਕਰਦੀ ਰਹੀ ਤੇ ਕੁੜੀਆਂ ਨੂੰ ਤੱਤਾ-ਠੰਢਾ ਵੀ ਸੁਣਾਉਂਦੀ ਰਹੀ। ਕੁੜੀਆਂ ਮੇਰੇ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਵੇਖਦੀਆਂ ਮੂਨਾਂ ਵਾਂਗ ਸਹਿਮੀਆਂ ਖੜ੍ਹੀਆਂ ਰਹੀਆਂ।

"ਲਓ ਬਾਈ ਚਾਹ।" ਕੁੜੀ ਦੇ ਬੋਲਾਂ ਨੇ ਮੈਨੂੰ ਯਾਦਾਂ 'ਚੋਂ ਬਾਹੋਂ ਫੜ ਕੇ ਖਿੱਚ ਲਿਆ। ਅਸੀਂ ਮਿਠਾਈ ਫੜਾਉਂਦਿਆਂ ਆਪਣੇ ਆਉਣ ਦਾ ਮਕਸਦ ਦੱਸਿਆ ਤੇ ਚਾਹ ਪੀ ਕੇ ਤੁਰ ਪਏ।

ਜਦੋਂ ਅਸੀਂ ਪਿੰਡੋਂ ਨਿਕਲੇ, ਸੂਰਜ ਛਿਪ ਗਿਆ ਸੀ। ਅੱਗੋਂ ਰਾਤ ਦੀ ਆਮਦ ਤੋਂ ਪਹਿਲਾਂ ਹੀ ਪੰਛੀਆਂ ਨੇ ਆਪਣੇ ਆਲ੍ਹਣਿਆਂ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਪਿੰਡ ਕੋਲੋਂ ਲੰਘਦੀ ਲਾਈਨ 'ਤੇ ਰੇਲ ਨੇ ਲੰਬੀ ਕੂਕ ਮਾਰੀ ਸੀ। ਫਿਰ 'ਡੱਗ-ਸਿੱਕ ਡੱਗ-ਸਿੱਕ' ਕਰਦੀ, ਹੌਲ਼ੀ-ਹੌਲ਼ੀ ਵਧਦੇ ਜਾਂਦੇ ਸ਼ਾਮ ਦੇ ਸੁਰਮਈ ਹਨੇਰੇ ਵਿੱਚ ਧੂੰਏਂ ਦੇ ਬੱਦਲ ਛੱਡਦੀ, ਪਿੰਡ ਨੂੰ 'ਹਟ ਪਿੱਛੇ' ਕਹਿੰਦੀ ਅੱਗੇ ਲੰਘ ਗਈ। ਮੋਟਰਸਾਈਕਲ ਪਿੰਡ ਦੀਆਂ ਜੂਹਾਂ ਟੱਪ ਕੇ ਪਲ-ਪਲ ਦੂਰ ਹੋ ਰਿਹਾ ਸੀ। ਇਸ ਪਿੰਡ ਵਿੱਚ ਬਿਤਾਏ ਪਲ ਵਾਰ-ਵਾਰ ਮੇਰੀਆਂ ਅੱਖਾਂ ਅੱਗੋਂ ਗੁਜ਼ਰ ਰਹੇ ਸਨ। 'ਮਨਾਂ ਪਤਾ ਨਹੀਂ ਹੁਣ ਇੱਥੇ ਕਦ ਮੁੜਿਆ ਜਾਵੇਗਾ।' ਅੰਦਰੋਂ ਲੰਬਾ ਹਉਕਾ ਉੱਠਿਆ। ਮੈਂ ਇੱਕ ਵਾਰ ਪਿੱਛੇ ਮੁੜ ਕੇ ਦੂਰ ਹੁੰਦੇ ਜਾ ਰਹੇ ਪਿੰਡ ਵੱਲ ਤੱਕਿਆ। ਮੈਨੂੰ ਇੰਝ ਲੱਗਿਆ ਜਿਵੇਂ ਸਾਰੇ ਪਿੰਡ ਨੇ ਬਾਹਵਾਂ ਉੱਚੀਆਂ ਕਰਕੇ ਮੋਹ ਭਰੇ ਬੋਲ ਸੁੱਟੇ ਹੋਣ, "ਪੁੱਤਰਾ! ਮਿਲਦਾ-ਗਿਲਦਾ ਰਹੀਂ ਓਏ!"

## ਮਿੰਨੀ ਕਹਾਣੀਆਂ

ਪਰਦੀਪ ਮਹਿਤਾ

### ਇਹ ਕਹਾਣੀ ਤੁਹਾਡੀ ਵੀ ਹੈ

ਉਸ ਨੂੰ ਤੀਹਵੇਂ ਵਰ੍ਹੇ ਸਰਕਾਰੀ ਨੌਕਰੀ ਮਿਲੀ। ਪੈਰਾਂ ਸਿਰ ਖੜ੍ਹਾ ਹੋਣ ਤੋਂ ਪਹਿਲਾਂ ਵਿਆਹ ਨਾ ਕਰਾਉਣ ਦੀ ਸ਼ਰਤ ਵੀ ਇੱਥੇ ਆ ਕੇ ਪੂਰੀ ਹੋ ਗਈ। ਨੌਕਰੀ ਵਾਲੀ ਜੀਵਨ ਸਾਥਣ ਵੀ ਮਿਲ ਸਕਦੀ ਸੀ, ਪਰ ਉਸ ਨੇ ਭਰੇ ਭਕੁੰਨੇ ਘਰ ਨੂੰ ਹੀ ਤਰਜੀਹ ਦਿੱਤੀ। ਸਭ ਕੁਝ ਦੇਰੀ ਨਾਲ ਹੀ ਹੋਇਆ। ਉਮਰ ਦੇ ਚਾਰ ਦਹਾਕੇ ਬੀਤਣ ਪਿੱਛੋਂ ਹੀ ਉਸ ਦੀ ਸੰਤਾਨ ਸੁੱਖ ਵਾਲੀ ਰੇਖਾ ਉੱਘੜੀ। ਦੋ ਬੱਚੇ ਹੋਣ ਤੱਕ ਇਹ ਮਕਾਨ ਘਰ ਸੀ। ਸੁੱਖ ਨਾਲ ਇਸ ਘਰ ਵਿੱਚ ਉਸ ਦੇ ਮਾਪੇ, ਵੱਡੇ ਭਰਾ-ਭਰਜਾਈ ਅਤੇ ਉਨ੍ਹਾਂ ਦੇ ਦੋ ਬੱਚੇ ਇਸ ਕੁਨਬੇ ਦੇ ਭਾਗੀਦਾਰ ਸਨ। ਜਿਉਂ ਹੀ ਅੱਗੜ-ਪਿੱਛੜ ਮਾਪੇ ਇਸ ਜਹਾਨ ਤੋਂ ਕੂਚ ਹੋਏ, ਇੱਕ ਵਾਰ ਫਿਰ ਘਰ ਮਕਾਨ ਬਣਨਾ ਸ਼ੁਰੂ ਹੋ ਗਿਆ। ਪਤਨੀਆਂ ਦੀ ਰੋਜ਼ ਦੀ ਚਿਕ-ਚਿਕ ਨਾਲੋਂ ਦੋਵਾਂ ਭਰਾਵਾਂ ਨੇ ਅੱਡ ਹੋਣਾ ਬਿਹਤਰ ਸਮਝਿਆ। ਵੱਡਾ ਭਰਾ ਆਪਣਾ ਟੱਬਰ-ਟੀਹਰ ਲੈ ਕੇ ਆਪਣੀ ਨੌਕਰੀ ਵਾਲੇ ਸਥਾਨ 'ਤੇ ਚਲਾ ਗਿਆ ਤੇ ਉਹ ਆਪ ਇਸ ਮਕਾਨ ਵਿੱਚ ਪਤਨੀ ਅਤੇ ਬੱਚਿਆਂ ਦੇ ਹੁੰਦੇ-ਸੁੰਦੇ ਵੀ ਇਕੱਲਾ ਜਿਹਾ ਹੋ ਗਿਆ ਸੀ। ਪਹਿਲੋਂ-ਪਹਿਲ ਜਦੋਂ ਉਹ ਤੇ ਉਸ ਦਾ ਵੱਡਾ ਭਰਾ ਨੌਕਰੀਓਂ ਪਰਤਦੇ ਤਾਂ ਮੂਹਰਲੀ ਬੈਠਕ ਠਹਾਕਿਆਂ ਨਾਲ ਗੂੰਜ ਰਹੀ ਹੁੰਦੀ। ਕੋਈ ਉਨ੍ਹਾਂ ਦਾ ਟਿਫ਼ਨ ਫੜਦਾ, ਕੋਈ ਸਕੂਟਰ ਵਿੱਚੋਂ ਨਿੱਕ-ਸੁੱਕ ਚੁੱਕ ਲੈਂਦਾ ਤੇ ਕੋਈ ਹੱਥੋਂ ਹੱਥੀਂ ਪਾਣੀ ਲੈ ਆਉਂਦਾ। ਉਨ੍ਹਾਂ ਨੂੰ ਸ਼ਾਇਦ ਹੀ ਕਿਤੇ ਦਰਵਾਜ਼ਾ ਖੁਲ੍ਹਵਾਉਣ ਲਈ ਕਾਲ ਬੈੱਲ ਵਜਾਉਣ ਦੀ ਲੋੜ ਪਈ ਹੋਵੇ। ਮਾਪਿਆਂ ਦੇ ਤੁਰਨ ਅਤੇ ਭਰਾ ਭਰਜਾਈ ਦੇ ਟੱਬਰ ਚਲੇ ਜਾਣ ਪਿੱਛੋਂ ਇਹ ਬੈਠਕ ਸੁੰਨ ਜਿਹੀ ਹੋ ਗਈ ਸੀ? ਬਸ ਕਿਸੇ ਆਏ-ਗਏ ਤੋਂ ਹੀ ਇੱਥੇ ਬੈਠਿਆ ਜਾਂਦਾ ਸੀ। ਬੈਠਕ ਪਿੱਛੇ ਕਾਫ਼ੀ ਲੰਮਾ ਚੌੜਾ ਵਿਹੜਾ ਅਤੇ ਉਸ ਤੋਂ ਪਿੱਛੋਂ ਚਾਰ ਆਧੁਨਿਕ ਕਮਰੇ ਹਨ, ਜਿੱਥੇ ਹੁਣ ਉਸ ਨੂੰ ਛੱਡ ਕੇ ਤਿੰਨੋਂ ਜੀਅ ਕਾਬਜ਼ ਹਨ। ਕਈ ਵਾਰ ਤਾਂ ਉਸ ਦੇ ਕੰਨ ਇਹ ਸ਼ਿਕਾਇਤ ਵੀ ਪੈਂਦੀ ਕਿ ਪਾਪਾ ਜੀ ਆਪਣਾ ਸਾਮਾਨ ਆਪਣੇ ਕਮਰੇ ਵਿੱਚ ਕਿਉਂ ਨਹੀਂ ਰੱਖਦੇ? ਟੀਵੀ ਆਪਣੇ ਕਮਰੇ ਵਿੱਚ ਕਿਉਂ ਨਹੀਂ ਦੇਖਦੇ? ਪਰਿਵਾਰ ਦੇ ਇਸ ਰਵੱਈਏ ਕਾਰਨ ਉਹ ਹੌਲੀ ਹੌਲੀ ਸਿਮਟ ਰਿਹਾ ਸੀ। ਕਿਸੇ ਵਿਆਹ ਸ਼ਾਦੀ ਜਾਂ ਸਮਾਗਮ 'ਤੇ ਜਾਣ ਵੇਲੇ ਹੀ ਇੱਕ ਥਾਂ 'ਤੇ ਬੈਠ ਕੇ ਗੱਲਬਾਤ ਹੁੰਦੀ। ਨਹੀਂ ਤਾਂ ਉਸ ਨੂੰ ਛੱਡ ਸਭ ਆਪੋ ਆਪਣੀ ਦੁਨੀਆ ਵਿੱਚ ਮਸ਼ਰੂਫ ਰਹਿੰਦੇ।

ਪਤਨੀ ਧਾਰਮਿਕ-ਪੋਥੀਆਂ ਵਿੱਚ, ਮੁੰਡਾ ਲੈਪਟਾਪ ਅਤੇ ਧੀ ਰਾਣੀ ਆਪਣੇ ਮਹਿੰਗੇ ਫੋਨ ਵਿੱਚ,! ਉਂਝ ਵੀ ਇਹ ਮੰਡੀ ਪਿੰਡਾਂ ਨਾਲੋਂ ਵੀ ਬਦਤਰ ਹੈ। ਹਮ-ਉਮਰ ਜਾਂ ਸਾਥੀਆਂ ਨਾਲ ਮਿਲ ਬੈਠਣ ਦਾ ਇੱਥੇ ਕੋਈ ਸਥਾਨ ਹੀ ਨਹੀਂ, ਬਸ ਲੋਕ ਸਟੇਸ਼ਨ 'ਤੇ ਹੀ ਚਹਿਲ-ਕਦਮੀ ਕਰ ਲੈਂਦੇ ਨੇ। ਕਿਸੇ ਦੀ ਦੁਕਾਨ 'ਤੇ ਵੀ ਕਿੰਨਾ ਕੁ ਚਿਰ ਬੈਠਿਆ ਜਾ ਸਕਦਾ ਹੈ। ਨਾਲੇ ਕੋਈ ਬੇਗਾਨਾ ਰੋਜ਼-ਰੋਜ਼ ਨਹੀਂ ਬਿਠਾਉਂਦਾ। ਇਕੱਲਤਾ ਨੇ ਉਸ ਨੂੰ ਇੰਨਾ ਕੁ ਦੱਬਿਆ ਕਿ ਉਸ ਨੂੰ ਬੀਤੇ ਸਮੇਂ ਦੇ ਭਰਮ-ਭੁਲੇਖੇ ਪੈਣ ਲੱਗੇ। ਬਦਨਾਮੀ ਤੋਂ ਡਰਦਿਆਂ ਉਸ ਨੇ ਆਪਣੀ ਇਹ ਬਿਮਾਰੀ ਕਿਸੇ ਨਾਲ ਸਾਂਝੀ ਵੀ ਨਹੀਂ ਕੀਤੀ। ਕਰਦਾ ਵੀ ਕਿਸ ਨਾਲ, ਪਰਿਵਾਰ ਪਾਸ ਵਕਤ ਨਹੀਂ ਅਤੇ ਦੋਸਤਾਂ ਵਿੱਚ ਉਸ ਦੀ ਵੁੱਕਤ ਨਹੀਂ। ਸੇਵਾ ਨਵਿਰਤੀ ਬਾਰੇ ਸੋਚ-ਸੋਚ ਉਸ ਦਾ ਤ੍ਰਾਹ ਨਿਕਲਦਾ ਕਿਉਂ ਜੋ ਉਸ ਪਿੱਛੋਂ ਉਸ ਦੇ ਨਿਰਾਸ਼ ਜੀਵਨ ਵਿੱਚ ਅੱਠ ਘੰਟੇ ਹੋਰ ਜੁੜ ਜਾਣੇ ਸਨ। ਸਾਰਿਆਂ ਦੇ ਵਿਰੋਧ ਦੇ ਬਾਵਜੂਦ ਉਹ ਇੱਕ ਛੋਟਾ ਜਿਹਾ ਚਿੱਟੇ ਰੰਗ ਦਾ ਪਮੇਰੀਅਨ ਕੁੱਤਾ ਘਰ ਲੈ ਆਇਆ। ਉਸ ਦੇ ਨਿੱਕੇ-ਨਿੱਕੇ ਕੰਮਾਂ-ਕਾਰਾਂ ਵਿੱਚ ਜਿਵੇਂ ਜੀਵਨ-ਨਾਦ ਸੀ। ਉਹ ਜਿਉਂ ਜਿਉਂ ਸੁਰਤ ਸੰਭਾਲ ਰਿਹਾ ਸੀ ਉਨ੍ਹਾਂ ਦਾ ਰਿਸ਼ਤਾ ਹੋਰ ਸੰਘਣਾ ਹੁੰਦਾ ਗਿਆ। ਬੈੱਲ ਮਾਰਨ ਤੋਂ ਬਾਅਦ ਖ਼ਾਸਕਰ ਗਰਮੀਆਂ ਵਿੱਚ ਉਸ ਨੂੰ ਕਾਫ਼ੀ ਸਮਾਂ ਬਾਹਰ ਧੁੱਪੇ ਖੜ੍ਹੇ ਰਹਿਣਾ ਪੈਂਦਾ ਸੀ। ਏਸੀ ਕਮਰਿਆਂ ਵਿੱਚੋਂ ਉਸ ਦੇ ਬੱਚੇ ਮੱਚਦੇ-ਮਚਾਉਂਦੇ, ਪੈਰ ਪਟਕਦੇ ਉਸ ਨੂੰ ਦਰਵਾਜ਼ਾ ਖੋਲ੍ਹਣ ਆਉਂਦੇ ਤਾਂ ਉਸ ਦੇ ਕਾਲਜੇ ਵਿੱਚੋਂ ਰੁੱਗ ਭਰਿਆ ਜਾਂਦਾ। ਉਸ ਨੂੰ ਆਪਣੀ ਮਾਂ ਚੇਤੇ ਆਉਂਦੀ ਜੋ ਉਸ ਦੇ ਆਉਣ ਤੋਂ ਪਹਿਲਾਂ ਹੀ ਦਰ 'ਤੇ ਖੜ੍ਹੀ ਹੁੰਦੀ। ਬਿਮਾਰ-ਠਮਾਰ ਰਹਿਣ ਕਰਕੇ ਉਸ ਦੀ ਪਤਨੀ ਬਹੁਤ ਘੱਟ ਦਰਵਾਜ਼ਾ ਖੋਲ੍ਹਣ ਆਉਂਦੀ ਤੇ ਜੇ ਆਉਂਦੀ ਵੀ ਤਾਂ ਸੁਸਤੀ ਭਰੇ ਲਹਿਜੇ ਨਾਲ ਪਾਣੀ ਦੇ ਗਲਾਸ ਵੱਲ ਹੱਥ ਕਰ ਆਪ ਫੇਰ ਬੈੱਡ 'ਤੇ ਪਸਰ ਜਾਂਦੀ। ਹੁਣ ਇਸ ਨਿੱਕੇ ਜਿਹੇ ਜੀਵ ਨੇ ਆਪਣੇਪਣ ਨਾਲ ਉਸ ਦਾ ਜੀਵਨ ਭਰ ਦਿੱਤਾ। ਗਲੀ ਦੇ ਪਰਲੇ ਮੋੜ ਤੋਂ ਉਸ ਦੇ ਸਕੂਟਰ ਦਾ ਹਾਰਨ ਸੁਣ ਕੇ ਉਹ ਗੋਲੀ ਵਾਂਗ ਦਰਵਾਜ਼ੇ ਵੱਲ ਦੌੜਦਾ ਹੈ ਤੇ ਨਾਲੇ ਭੌਂਕ ਭੌਂਕ ਕੇ ਘਰ ਦੇ ਜੀਆਂ ਨੂੰ ਦਰਵਾਜ਼ਾ ਖੋਲਣ ਦਾ ਜਿਵੇਂ ਹੁਕਮ ਦਿੰਦੈ ਤੇ ਹੁਣ ਫੇਰ ਉਹ ਮਕਾਨ, ਘਰ ਬਣਦਾ ਜਾ ਰਿਹਾ ਹੈ।

# ਮੇਰੀ ਕਲਮ

## ਚਿੜੀਆਂ ਦਾ ਘਰ

ਅਮਰਜੀਤ ਸਿੰਘ ਫ਼ੌਜੀ



ਮੇਰੀ ਗੱਲ ਸੁਣੋ ਕੰਨ ਲਾ ਕੇ ਜੀ
ਅੱਖਾਂ ਦੇ ਵਿੱਚ ਅੱਖਾਂ ਪਾ ਕੇ ਜੀ
ਇਹ ਜਿੰਦੜੀ ਹੈ ਅਨਮੋਲ ਬੜੀ
ਬਹਿ ਜਾਇਓ ਨਾ ਐਵੇਂ ਗੁਆ ਕੇ ਜੀ
ਆਨੰਦ ਮਾਨਣਾ ਚਾਹੁੰਦੇ ਜੇ
ਘਰ ਵਿੱਚ ਗੁਲਜ਼ਾਰਾਂ ਖਿੜੀਆਂ ਦਾ
ਰੁੱਖ ਵੱਧ ਤੋਂ ਵੱਧ ਲਗਾ ਦੇਵੋ
ਉੱਤੇ ਘਰ ਬਣ ਜਾਊ ਚਿੜੀਆਂ ਦਾ
ਫਿਰਦੇ ਪੰਛੀ ਮਾਰੇ ਮਾਰੇ ਜੋ,
ਘਰ ਲਈ ਥਾਂ ਲੱਭਣ ਵਿਚਾਰੇ ਜੋ
ਰੁੱਖ ਨੇੜੇ ਤੇੜੇ ਦਿਸਦੇ ਨਹੀਂ,
ਹੋ ਗਏ ਨੇ ਬੇਸਹਾਰੇ ਜੋ
ਕੁਝ ਉਨ੍ਹਾਂ ਵੱਲ ਧਿਆਨ ਦੇਵੋ,
ਦਰ ਖੁੱਲ੍ਹ ਜਾਊ ਕਿਸਮਤਾਂ ਭਿੜੀਆਂ
ਦਾ
ਰੁੱਖ ਵੱਧ ਤੋਂ ਵੱਧ........
ਰੁੱਖ ਜਦੋਂ ਲੱਗ ਜਾਵਣਗੇ
ਫਿਰ ਪੰਛੀ ਗੇੜੇ ਲਾਵਣਗੇ
ਤੀਲ੍ਹੇ 'ਕੱਠੇ ਕਰਕੇ, ਬੋਟਾਂ ਲਈ
ਰੁੱਖਾਂ 'ਤੇ ਆਲ੍ਹਣੇ ਪਾਵਣਗੇ
ਉਹ ਮੀਂਹ ਹਨੇਰੀ ਤੋਂ ਬਚ ਜਾਣੇ
ਡਰ ਮੁੱਕਣਾ ਆਫ਼ਤਾਂ ਗਿੜੀਆਂ ਦਾ
ਰੁੱਖ ਵੱਧ ਤੋਂ ਵੱਧ...
ਸਾਰੇ ਰਲ਼ ਕੇ ਹਿੱਸਾ ਪਾ ਦੇਵੋ,
'ਫ਼ੌਜੀ' ਨੂੰ ਵੀ ਸਮਝਾ ਦੇਵੋ
ਜਿੱਥੇ ਥਾਂ ਖਾਲੀ ਮਿਲਦੀ ਐ
ਉੱਥੇ ਹੀ ਰੁੱਖ ਲਗਾ ਦੇਵੋ
ਛਾਂ ਮਾਣਾਂਗੇ, ਫ਼ਲ ਖਾਵਾਂਗੇ,
ਸੁਖ ਮਾਣਿਓਂ, ਰੂਹਾਂ ਖਿੜੀਆਂ ਦਾ
ਰੁੱਖ ਵੱਧ ਤੋਂ ਵੱਧ...



## ਬੇਬੇ ਦੀ ਚਿੱਤਰਕਾਰੀ

ਹਰਪ੍ਰੀਤ ਪੱਤੋ

ਮਿੱਟੀ ਦੀ ਮਹਿਕ ਉਦੋਂ, ਕੰਧਾਂ ਵਿੱਚੋਂ ਆਉਂਦੀ ਸੀ,
ਬੜੀ ਸਚਿਆਰੀ ਬੇਬੇ, ਤੋਤੇ ਚਿੜੀਆਂ ਬਣਾਉਂਦੀ ਸੀ।
ਲਿਪ ਕੇ ਸੀ ਉਹ ਰੱਖਦੀ ਚੁੱਲ੍ਹੇ, ਚੌਂਕੇ ਹਾਰੇ ਨੂੰ,
ਬੜਾ ਪੋਚ ਰੱਖਦੀ ਬੇਬੇ ਕੰਧੋਲੀ ਵਾਲੇ ਗਲਿਆਰੇ ਨੂੰ।
ਟਾਣ ਉੱਤੇ ਰੱਖਦੀ ਸੀ ਕੌਲੀਆਂ ਤੇ ਥਾਲੀਆਂ,
ਮਿੱਟੀ ਦੀਆਂ ਕੁੱਜੀਆਂ ਸੋਹਣੀਆਂ ਸੀ ਬਾਹਲੀਆਂ।
ਕੌਲਿਆਂ ਦੇ ਵਿੱਚ, ਆਲ਼ੇ ਹੁੰਦੇ ਸਾਡੇ ਬਾਰ ਦੇ।
ਦਿਵਾਲੀ ਵਾਲੇ ਦਿਨ, ਦੀਵੇ ਵਿੱਚ ਰੱਖਣੇ ਸਵਾਰ ਕੇ।
ਬੱਠਲ ਨਾਲ ਬੇਬੇ, ਮਿੱਟੀ ਛੱਪੜ 'ਚੋਂ ਢੋਹਦੀ ਸੀ,
ਘੋਲ ਘੋਲ ਬਾਲਟੀ 'ਚ ਪੋਚੇ ਉਹ ਲਾਉਂਦੀ ਸੀ।
ਚਿੱਤਰਕਾਰੀ ਕਰਦੀ ਬੜੀ ਹੀ ਕਮਾਲ ਦੀ,
ਤਿਉਹਾਰੋਂ ਪਹਿਲਾਂ ਮਿੱਟੀ ਟੋਇਆਂ 'ਚੋਂ ਭਾਲਦੀ।
ਸ਼ਤੀਰਾਂ ਤੇ ਲਟੈਣਾਂ ਵਾਲੇ ਹੁੰਦੇ ਕੱਚੇ ਘਰ ਸੀ,
ਨਾ ਜਿੰਦਾ ਨਾ ਕੁੰਡਾ ਖੁੱਲ੍ਹੇ ਰਹਿੰਦੇ ਦਰ ਸੀ।
ਉਹ ਹੁਣ ਮੌਜਾਂ 'ਪੱਤੋ' ਮੁੜ ਨੀਂ ਥਿਆਉਣੀਆਂ,
ਨਾ ਹੀ ਬੇਬੇ ਕੰਧਾਂ ਉੱਤੇ, ਬੂਟੀਆਂ ਨੇ ਪਾਉਣੀਆਂ।

## ਬਾਪੂ ਦੀਆਂ ਝਿੜਕਾਂ

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

ਪਿਓ ਦਾ ਝਿੜਕਣਾ ਨਿੰਮ ਦੇ ਵਰਗਾ
ਉੱਪਰੋਂ ਕੌੜਾ ਧੁਰ ਅੰਦਰੋਂ ਠਰਦਾ
ਦੇਖ ਤਰੱਕੀ ਆਪਣੇ ਖ਼ੂਨ ਦੀ
ਲੱਖ ਵਾਰੀ ਸ਼ੁਕਰਾਨਾ ਕਰਦਾ
ਮਾੜੇ ਕੰਮ ਤੋਂ ਸਦਾ ਹੀ ਰੋਕੇ
ਚੰਗੇ ਲਈ ਬਰਾਬਰ ਖੜ੍ਹਦਾ
ਤਨ ਦੇ ਉੱਪਰ ਜ਼ੁਲਮ ਵੀ ਜਰਦਾ
ਲੱਖ ਵਾਰੀ ਸ਼ੁਕਰਾਨਾ ਕਰਦਾ
ਸਬਰ ਸੰਸਕਾਰ ਦਾ ਪਾਠ ਪੜ੍ਹਾਵੇ
ਦੁੱਖ ਕਦੇ ਨੇੜੇ ਨਾ ਆਵੇ
ਰੱਖੀਂ ਆਪਣੀ ਓਟ ਦਾ ਪਰਦਾ
ਲੱਖ ਵਾਰੀ ਸ਼ੁਕਰਾਨਾ ਕਰਦਾ
ਤੂੰ ਅੰਬਰ ਨੂੰ ਟਾਕੀ ਲਾ ਦੇ
ਮੈਂ ਨਬੇੜਿਆ ਸਭ ਕੰਮ ਘਰ ਦਾ
ਕਿਰਪਾ ਰੱਬ ਦੀ ਹੁਣ ਨਾ ਡਰਦਾ
ਲੱਖ ਵਾਰੀ ਸ਼ੁਕਰਾਨਾ ਕਰਦਾ
ਜ਼ਿੰਦਗੀ ਜਿਊਣੀ ਵਾਂਗ ਰਾਜਿਆਂ
ਖ਼ੁਸ਼ੀ ਤਰੱਕੀ ਨਾਲ ਚਮਕਣ ਚਿਹਰੇ
ਹਰ ਪਿਉ ਇਸ ਦੀ ਹਾਮੀ ਭਰਦਾ
ਲੱਖ ਵਾਰੀ ਸ਼ੁਕਰਾਨਾ ਕਰਦਾ
ਅਨੰਤ ਨਾਲ ਏ ਜ਼ਿੰਦਗੀ ਸੂਰੀ
ਤੇਰੇ ਨਾਲ ਹੀ ਘਰ ਫੱਬਦਾ
ਧਾਲੀਵਾਲ ਦੀ ਰਗ-ਰਗ ਤਰਦਾ
ਲੱਖ ਵਾਰੀ ਸ਼ੁਕਰਾਨਾ ਕਰਦਾ।



## .ਗਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਕਿਹਾ ਜੋ ਵੀ ਮੇਰੇ ਦਿਲ ਨੇ ਕਦੀ ਮੈਂ ਗੱਲ ਨਹੀਂ ਮੋੜੀ।
ਹਜ਼ਾਰਾਂ ਵਾਰ ਸਹੁੰ ਖਾਧੀ ਹਜ਼ਾਰਾਂ ਵਾਰ ਸਹੁੰ ਤੋੜੀ।
ਮਗਰ ਫਿਰ ਵੀ ਅਧੂਰੀ ਜ਼ਿੰਦਗੀ ਪੂਰੀ ਨਹੀਂ ਹੋਈ,
ਕਦੀ ਪੱਥਰਾਂ ਦੇ ਨਾਲ ਜੋੜੀ ਕਦੀ ਸ਼ੀਸ਼ੇ ਦੇ ਨਾਲ ਜੋੜੀ।
ਦੁਲੱਤੀ ਮਾਰਨੇ ਤੋਂ ਫਿਰ ਵੀ ਚੰਦਰੀ ਬਾਜ਼ ਨਾ ਆਈ,
ਕਿ ਸ਼ਿਸ਼ਟਾਚਾਰ ਦੇ ਨਿਯਮਾਂ 'ਚ ਰੱਖ ਕੇ ਵੇਖ ਲਈ ਘੋੜੀ।
ਕਰਮ ਏਦਾਂ ਕਰੋ ਸਦੀਆਂ 'ਚ ਅੰਕਿਤ ਨਾਮ ਹੋ ਜਾਏ,
ਕਿਹੜਾ ਕਹਿੰਦਾ ਕਿ ਜੀਵਨ ਵਾਸਤੇ ਹੈ ਜ਼ਿੰਦਗੀ ਥੋੜ੍ਹੀ।
ਡਰੀ ਹੈ ਬਾਪ ਦੀ ਹਰ ਰੂਹ ਕਿਵੇਂ ਮਹਿਫ਼ੂਜ਼ ਰੱਖਣੀ ਧੀ,
ਕਿਸੇ ਨੇ ਮਾਰ ਕੇ ਲੜਕੀ ਨਦੀ ਵਿੱਚ ਲਾਸ਼ ਹੈ ਰੋੜ੍ਹੀ।
ਨਾ ਅੰਬਰ ਤਿੜਕਿਆ ਕਿਧਰੇ ਨਾ ਕਿਧਰੇ ਤਾਰੇ ਟਕਰਾਏ,
ਕਿਵੇਂ ਫਿਰ ਕਿਸ ਤਰ੍ਹਾਂ ਹੋਈ ਹੈ ਚੰਨ ਦੀ ਚਾਨਣੀ ਕੋੜ੍ਹੀ।
ਬਹਿਰ ਨਾਲੋਂ ਜ਼ਰੂਰੀ ਹੈ ਰਿਦਮ ਦੀ ਰੌਸ਼ਨੀ ਬਾਲਮ,
ਨਾ ਹੋਵੇ .ਗਜ਼ਲ ਦੇ ਰੁਕਨਾ ਦੇ ਵਿੱਚ ਤਰਤੀਬ ਬੇਲੋੜੀ।

## ਪੰਜਾਬੀ ਮਾਂ ਬੋਲੀ

ਗੁਰਤੇਜ ਸਿੰਘ ਖੁਡਾਲ




ਬੋਲੋ ਪੰਜਾਬੀ, ਸੁਣੋ ਪੰਜਾਬੀ,
ਪੰਜਾਬੀ ਵਿੱਚ ਗੱਲਬਾਤ ਕਰੋ।
ਪੜ੍ਹੋ ਪੰਜਾਬੀ, ਲਿਖੋ ਪੰਜਾਬੀ,
ਪੰਜਾਬੀ ਦਾ ਵਿਸਥਾਰ ਕਰੋ।
ਆਨ, ਸ਼ਾਨ ਤੇ ਜਾਨ ਪੰਜਾਬੀ,
ਪੰਜਾਬੀ ਦਾ ਸਭ ਪ੍ਰਚਾਰ ਕਰੋ।
ਜੋ ਭਾਸ਼ਾ ਪੜ੍ਹਾਈ ਲਈ ਜ਼ਰੂਰੀ,
ਉਸ ਦੇ ਵੱਲ ਵੀ ਧਿਆਨ ਕਰੋ।
ਘਰਾਂ, ਦਫ਼ਤਰਾਂ ਸਭ ਥਾਵਾਂ 'ਤੇ,
ਪੰਜਾਬੀ ਦਾ ਸਤਿਕਾਰ ਕਰੋ।
ਪੰਜਾਬੀ ਗੁਰੂਆਂ ਪੀਰਾਂ ਦੀ ਬੋਲੀ,
ਸਭ ਜਾਨ ਵੱਧ ਪਿਆਰ ਕਰੋ।
'ਖੁਡਾਲ' ਪੰਜਾਬੀ ਮਾਂ ਬੋਲੀ ਸਾਡੀ,
ਸਭ ਪੰਜਾਬੀ ਹੋਣ 'ਤੇ ਮਾਣ ਕਰੋ।

## ਪਰਖਣ ਵਾਲੀ ਗੱਲ

ਡਾ. ਸਾਧੂ ਰਾਮ ਲੰਗੇਆਣਾ

ਜੋ ਗਿੱਧਿਆਂ ਵਿੱਚ ਰੌਣਕਾਂ ਲਾਵਣ ਉਹ ਮੁਟਿਆਰਾਂ ਹੁੰਦੀਆਂ ਨੇ
ਜਦ ਬੁੱਧੀਜੀਵੀ ਇਕੱਠੇ ਹੋਵਣ ਤਾਂ ਨੇਕ ਵਿਚਾਰਾਂ ਹੁੰਦੀਆਂ ਨੇ
ਸੰਗੀਤ ਅੰਬਰਾਂ 'ਚੋਂ ਜੋ ਆਵੇ ਉਹ ਕੂੰਜਾਂ ਦੀਆਂ ਡਾਰਾਂ ਹੁੰਦੀਆਂ ਨੇ
ਜੇ ਦੂਰੋਂ ਦੇਖ ਮੱਥੇ ਵੱਟ ਪਾਵੇ ਤਾਂ ਮਨ ਵਿੱਚ ਖ਼ਾਰਾਂ ਹੁੰਦੀਆਂ ਨੇ
ਪੱਥਰ ਦੀਆਂ ਮਾਵਾਂ ਪੂਜੀਆਂ ਜਾਵਣ ਉਹ ਵਿੱਚ ਪਹਾੜਾਂ ਹੁੰਦੀਆਂ ਨੇ
ਝਿੜਕਾਂ ਸਿੱਖਿਆ ਲਈ ਪੈ ਜਾਵਣ ਘਿਓ ਦੀਆਂ ਨਾਲਾਂ ਹੁੰਦੀਆਂ ਨੇ
ਜੋ ਇੱਕ ਮਿਆਨ ਵਿੱਚ ਨਹੀਂ ਪੈਂਦੀਆਂ ਉਹ ਤਲਵਾਰਾਂ ਹੁੰਦੀਆਂ ਨੇ
ਜੋ ਲੋਕਾਂ ਨੂੰ ਭਰਮਾਈ ਰੱਖਣ ਤਾਂ ਉਹ ਸਰਕਾਰਾਂ ਹੁੰਦੀਆਂ ਨੇ

## ਬੋਲੀ ਸਾਗਰ

ਅਮਰ 'ਸੂਫ਼ੀ'

ਬੋਲੀ ਸਾਗਰ 'ਚੋਂ ਟੁੱਭੀ ਲਾ, ਕੱਢ ਕੇ ਸੁੱਚੇ ਸ਼ਬਦ ਲਿਆਵਾਂ।
ਪੂਰਾ-ਸੂਰਾ ਵਰਤ ਸਲੀਕਾ, ਥਾਂ ਸਿਰ ਮਿਸਰੇ ਵਿੱਚ ਟਿਕਾਵਾਂ।
ਸਿੱਧੇ, ਸਾਫ਼-ਸ਼ਫ਼ਾਫ਼, ਸੁਚੱਜੇ, ਸ਼ਬਦ ਖ਼ਜ਼ਾਨੇ ਵਿੱਚ ਬਥੇਰੇ,
ਨੰਗ-ਪੁਣੇ ਨੂੰ ਨਸ਼ਰ ਕਰਾਂ ਕਿਉਂ, ਕਿਉਂ ਬੋਲੀ ਵਿੱਚ ਖੋਟ ਰਲਾਵਾਂ।
ਸਭ ਦੀ ਸਮਝ 'ਚ ਪੈਂਦੇ ਜਿਹੜੇ, ਸੌਖੇ, ਸੁੱਚੇ ਸ਼ਬਦ ਫੜਾਂ ਮੈਂ,
ਔਖੇ, ਭਾਰੇ ਸ਼ਬਦਾਂ ਨੂੰ ਜੜ, ਨਾ ਕੁਈ ਫੋਕਾ ਰੋਅਬ ਜਮਾਵਾਂ।
ਮੈਨੂੰ ਮੇਰੀ ਅਨਪੜ੍ਹ ਮਾਂ ਨੇ, ਦੁੱਧ ਚੁੰਘਾਉਂਦੇ ਬਖ਼ਸ਼ੀ ਜਿਹੜੀ,
ਮਾਂ ਨੂੰ ਸਿਜਦਾ ਕਰਦਾ ਹੋਇਆ, ਮਾਂ ਬੋਲੀ ਦੀ ਸੇਵ ਕਮਾਵਾਂ।
ਯਤਨ ਸੁਚੇਤ ਹਮੇਸ਼ਾ ਕਰਦਾਂ, ਸ਼ਬਦ ਸਦਾ ਟਕਸਾਲੀ ਵਰਤਾਂ,
ਪਾਕ-ਪਵਿੱਤਰ ਮਾਂ ਬੋਲੀ ਵਿੱਚ, ਖੋਟ ਰਲਾਅ, ਨਾ ਪਾਪ ਕਮਾਵਾਂ।
ਮੇਰੀ ਮਾਂ ਬੋਲੀ ਨੇ ਮੈਨੂੰ, ਨਾਂ ਦਿੱਤਾ, ਪਹਿਚਾਣ ਬਣਾਈ,
ਮੈਂ ਨਾ-ਸ਼ੁਕਰਾ ਹੋ ਨਾ ਸਕਦਾ, ਇਸ ਤੋਂ ਵਾਰੀ ਸਦਕੇ ਜਾਵਾਂ।
.ਗਜ਼ਲਾਂ, ਗੀਤ, ਰੁਬਾਈ ਸਿਰਜਾਂ, ਦੋਹੇ, ਦੋਹੜੇ ਵੀ ਘੜ ਲੈਂਦਾਂ,
ਚੌਮਿਸਰੇ ਤੇ ਛੰਦਾਂ 'ਤੇ ਵੀ, ਮੈਂ ਕਾਨੀ ਦੀ ਨੋਕ ਟਿਕਾਵਾਂ।
ਬੇ ਸਿਰ ਪੈਰੀ 'ਕਿਵਤਾ' ਨੂੰ ਮੈਂ, ਯਾਰੋ! ਕਵਿਤਾ ਕਹਿ ਨਾ ਸਕਦਾ,
ਤੋਲ-ਤੁਕਾਂਤ ਸੰਪੂਰਨ ਰੱਖਾਂ, ਮਿਹਨਤ ਸੰਦਾ ਕਰਮ ਕਮਾਵਾਂ।
ਮੇਰੀ ਮਾਂ ਬੋਲੀ ਦਾ ਮੇਰੇ, ਸਿਰ ਉੱਤੇ ਅਹਿਸਾਨ ਬੜਾ ਹੈ,
ਜਿਸ ਦੇ ਸਿਰ 'ਤੇ ਸੇਵਾ ਕੀਤੀ, ਉਸ ਦੇ ਸਦਕਾ ਰੋਟੀ ਖਾਵਾਂ।
ਜਣਨੀ ਮਾਂ, ਦੂਜੀ ਮਾਂ ਬੋਲੀ, ਤੀਜੀ ਧਰਤੀ ਮਾਂ ਸੰਗ ਵਾਅਦਾ,
ਤਕੜਾ ਹੋ ਕੇ ਧਰਮ ਨਿਭਾਵਾਂ, ਜਿਉਂਦੇ ਜੀਅ ਨਾ ਕੰਡ ਵਿਖਾਵਾਂ।
ਹੇ ਰੱਬਾ! ਇਹ 'ਸੂਫ਼ੀ' ਬੰਦਾ, ਕਰਦਾ ਰਹਿੰਦਾ ਹੈ ਅਰਜ਼ੋਈ,
ਸਮਰੱਥਾ ਦੇ, ਮਰਦੇ ਦਮ ਤੱਕ, ਮਾਂ ਬੋਲੀ ਵਿੱਚ ਕਲਮ ਚਲਾਵਾਂ।

## ਚੌਪਟ ਰਾਜ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਰੋਲਦੇ ਨੇ ਪੈਰਾਂ ਵਿੱਚ, ਕਾਨੂੰਨ ਦੀ ਪਾਕ ਮਿੱਟੀ,
ਹਾਕਮਾਂ ਦੀ ਕਾਲ਼ੀ ਰਾਤ, ਵੀ ਹੈ ਸਦਾ ਚਿੱਟੀ।
ਹਾਕਮਾਂ ਦੇ ਹੱਥੋਂ ਮਿਲੇ, ਇਨਾਮ ਵੀ ਅਜਾਬ ਨੇ,
ਕਰੀਂ ਨਾ ਯਕੀਨ ਉਹਦਾ, ਜੇ ਜ਼ੁਬਾਨ ਹੈ ਮਿੱਠੀ।
ਮਜ਼ਲੂਮ ਤਾਂ ਆਦੀ ਨੇ, ਸਦਾ ਜ਼ੁਲਮ ਸਹਿਣ ਦੇ,
ਹੱਸ ਕੇ ਵੀ ਸਹਿ ਲੈਂਦੇ ਨੇ, ਹਰ ਤਸੀਹਾ- ਏ- ਕੁੜਿੱਕੀ।
ਵਫਾ ਦੀਆਂ ਰਾਹਾਂ ਵੀ, ਕਿੰਨੀਆਂ ਹੁਸੀਨ ਨੇ,
ਕੰਡੇ ਵੀ ਪੈਰਾਂ ਨੂੰ ਨਹੀਂ, ਲੱਗਣ ਦਿੰਦੇ ਮਿੱਟੀ।
ਨਾਹਰੇ ਅਤੇ ਦਮਗਜੇ, ਕਈ ਵਾਅਦੇ 'ਤੇ ਦਿਲਾਸੇ,
ਸੁਣ ਸੁਣ ਕੇ ਹੋ ਗਈ, ਹੈ ਸਾਡੀ ਜਵਾਨੀ ਲਿੱਸੀ।
ਹੱਦਾਂ ਅਤੇ ਕੰਧਾਂ ਵੀ, ਹਰ ਪਾਸੇ ਮੂੰਹ ਚਿੜਾਵਣ,
ਗ਼ਰੀਬ ਭਾਵੇਂ ਜਿੰਨਾ ਵੀ, ਦੁਹੱਥੜੀਂ ਜਾਵੇ ਪਿੱਟੀ।
ਜਜ਼ਬਾਤ ਅਤੇ ਜੇਰੇ ਵੀ, ਤਾਕਤ ਦੇ ਮੁਹਤਾਜ ਨੇ,
ਬਾਹੂ ਬਲ ਤੋਂ ਬਿਨਾ ਸਮਝੋ, ਗੁੰਮ ਹੈ ਸਿੱਟੀ ਵਿੱਟੀ।
ਅਖ਼ਬਾਰਾਂ ਵੇਚਣ ਵਾਲੇ ਨੂੰ, ਜ਼ਰਾ ਪੁੱਛ ਕੇ ਤਾਂ ਦੇਖੋ,
ਕਿ ਉਸ ਦੀ ਆਪਣੀ ਕਹਾਣੀ, ਕਿਉਂ ਨਹੀਂ ਵਿੱਕੀ?
ਅੰਧੇਰ ਹੈ ਇਸ ਨਗਰੀ ਦੀ, ਹਰ ਗਲੀ ਹਰ ਨੁੱਕਰ,
ਚੌਪਟ ਹੈ ਰਾਜ ਜਿਸ ਨੇ, ਤੜਫਦੀ ਜਨਤਾ ਨਾ ਡਿੱਠੀ।

## .ਗਜ਼ਲ

ਸਰਦਾਰ ਪੰਛੀ

ਓਸ ਦੀ ਅੱਖ ਦਾ ਇਸ਼ਾਰਾ ਹੋ ਗਿਆ।
ਭੰਵਰ ਦਰਿਆ ਦਾ ਕਿਨਾਰਾ ਹੋ ਗਿਆ।
ਤੇਰੇ ਮੱਥੇ ਦਾ ਇਹ ਟਿੱਕਾ ਸੋਹਣੀਏ!
ਮੇਰੀ ਕਿਸਮਤ ਦਾ ਸਿਤਾਰਾ ਹੋ ਗਿਆ।
ਤੇਰੀ ਫੋਟੋ ਚੁੰਮੀ ਸੀ ਕਿ ਓਸ ਦਾ,
ਮੇਰੇ ਹੋਠਾਂ ਤੇ ਉਤਾਰਾ ਹੋ ਗਿਆ।
ਬੇਰੁਖ਼ੀ ਮਹਿਬੂਬ ਦੀ ਚੰਨ ਚਾੜ੍ਹਿਆ,
ਕਰਮਾਂ ਵਾਲਾ, ਕਰਮਾਂ ਮਾਰਾ ਹੋ ਗਿਆ।
ਗਿਆਨ ਦਾ ਦੀਵਾ ਜੋ ਬਲਿਆ ਸੀ ਕਦੇ,
ਓਹੀ ਅੱਜ ਚਾਨਣ ਮੁਨਾਰਾ ਹੋ ਗਿਆ।
ਹੋਇਆ ਕੀ ਤਕਦੀਰ ਜੇ ਰੁੱਸੀ ਰਹੀ,
ਫਿਰ ਵੀ 'ਪੰਛੀ' ਦਾ ਗੁਜ਼ਾਰਾ ਹੋ ਗਿਆ।

## ਵਿਹੜੇ ਵਿਚਲਾ ਨਿੰਮ

ਸੁਖਵਿੰਦਰ ਚਹਿਲ



ਫੋਨ ਦੀ ਘੰਟੀ ਵੱਜੀ
ਮੈਂ ਫੋਨ ਚੁੱਕਿਆ
ਤੁਹਾਡੇ ਵਿਹੜੇ ਵਿਚਲਾ ਨਿੰਮ
ਡਿੱਗ ਗਿਆ ਹੈ
ਰਾਤ ਆਈ ਹਨੇਰੀ ਨਾਲ
ਪਿੰਡੋਂ ਗੁਆਂਢੀ ਦੀ ਆਵਾਜ਼ ਸੀ
ਇਕਦਮ ਮੇਰੀ ਸੁਰਤ
ਚਲੀ ਜਾਂਦੀ ਹੈ
ਐਨ ਨਿੰਮ ਦੀ
ਛਾਂ ਹੇਠ
ਜਿੱਥੇ ਮੈਂ ਤੇ
ਮੇਰੇ ਭੈਣ ਭਾਈ ਖੇਡਦੇ ਸੀ
ਮਿੱਟੀ ਵਿੱਚ ਨਿੰਮ ਦੀ
ਛਾਂ ਹੇਠ
ਉਸ ਦੇ ਟਾਹਣਿਆਂ ਉੱਪਰ
ਕਿੰਨੀ ਵਾਰ ਭੈਣ ਨੇ
ਪਾਈ ਸੀ ਪੀਂਘ
ਨਿੰਮ ਸਾਨੂੰ
ਠੰਢੀ ਛਾਂ ਦਿੰਦਾ
ਹਵਾ ਦਿੰਦਾ
ਇੰਝ ਪ੍ਰਤੀਤ ਹੁੰਦਾ
ਜਿਵੇਂ ਮਾਂ ਦੇ ਰਹੀ ਹੋਵੇ ਲੋਰੀ
ਉਹ ਸਾਨੂੰ ਸੰਭਾਲਦਾ
ਲੱਗਦਾ
ਬਾਪੂ ਵਾਂਗ
ਅਫ਼ਸੋਸ!
ਅੱਜ ਵਿਹੜੇ ਵਿੱਚ
ਅਹਿਲ ਡਿੱਗੇ ਪਏ
ਨਿੰਮ ਨੂੰ
ਕੋਈ ਨਹੀਂ ਸੀ
ਸੰਭਾਲਣ ਵਾਲਾ
ਪਿੰਡ ਵਾਲੇ ਘਰ ਵਿੱਚ।

## ਟੈਨਿਸ ਜਗਤ ਦਾ ਚਮਕਦਾ ਤਾਰਾ

# ਆਂਦਰੇ ਅਗਾਸੀ

## ਉਲੰਪਿਕ ਖੇਡਾਂ ਦਾ ਗੋਲਡ ਮੈਡਲ, 8 ਗ੍ਰੈਂਡ ਸਲੈਮ ਤੇ 60 ਹੋਰ ਖ਼ਿਤਾਬ ਦੇ ਨਾਲ ਲੱਖਾਂ ਲੋਕਾਂ ਦੇ ਦਿਲ ਵੀ ਜਿੱਤੇ



**ਪ੍ਰਿੰਸੀਪਲ ਸਰਵਣ ਸਿੰਘ**

ਆਂਦਰੇ ਅਗਾਸੀ ਦੀ ਸ਼ਖ਼ਸੀਅਤ ਇਕਹਿਰੀ ਨਹੀਂ, ਦੂਹਰੀ ਤੀਹਰੀ ਹੈ। ਉਹ ਟੈਨਿਸ ਦਾ ਲੀਜੈਂਡਰੀ ਖਿਡਾਰੀ ਸੀ ਜੋ ਡਿੱਗ ਕੇ ਉੱਠਦਾ ਤੇ ਲੋਪ ਹੋ ਕੇ ਉਜਾਗਰ ਹੁੰਦਾ ਰਿਹਾ। ਉਹਦੀ ਜੀਵਨ ਕਹਾਣੀ ਚਾਨਣ 'ਚੋਂ ਹਨੇਰੇ ਵੱਲ ਪਰਤਣ ਤੇ ਹਨੇਰੇ 'ਚੋਂ ਮੁੜ ਚਾਨਣ ਵੱਲ ਵਧਣ ਦੀ ਵਾਰਤਾ ਹੈ। ਉਹ ਆਰਮੇਨੀ-ਇਰਾਨੀ ਮੂਲ ਦਾ ਅਮਰੀਕਨ ਹੈ। ਟੈਨਿਸ ਦੀ ਖੇਡ ਵਿੱਚ ਉਸ ਦੀਆਂ ਧੁੰਮਾਂ ਲੰਮਾ ਸਮਾਂ ਪੈਂਦੀਆਂ ਰਹੀਆਂ। ਉਹਦੇ ਜੀਵਨ ਵਿੱਚ ਕਈ ਮੋੜ ਘੋੜ ਆਏ। ਉਹ ਕਿਸਮਤ ਦਾ ਮਾਰਿਆ, ਪਰ ਕਰਮਾਂ ਦਾ ਬਲੀ ਨਿਕਲਿਆ।

ਉਸ ਦਾ ਪਿਤਾ ਬੌਕਸਰ ਹੋਣ ਦੇ ਬਾਵਜੂਦ ਟੈਨਿਸ ਦੀ ਖੇਡ ਦਾ ਦੀਵਾਨਾ ਸੀ। ਉਸ ਨੇ ਪੁੱਤਰ ਦੀ ਇੱਛਾ ਦੇ ਉਲਟ ਉਸ ਨੂੰ ਟੈਨਿਸ ਖੇਡਣ ਲਾਇਆ। ਉਹ ਫਿਰ ਸਖ਼ਤ ਅਨੁਸ਼ਾਸਨ ਤੇ ਸਖ਼ਤ ਮਿਹਨਤ ਨਾਲ ਟੈਨਿਸ ਦਾ ਵਿਸ਼ਵ ਦਾ ਨੰਬਰ 1 ਖਿਡਾਰੀ, ਐਟਲਾਂਟਾ-1996 ਦੀਆਂ ਉਲੰਪਿਕ ਖੇਡਾਂ ਦਾ ਚੈਂਪੀਅਨ ਤੇ ਚਾਰੇ ਗਰੈਂਡ ਸਲੈਮਾਂ ਦਾ ਜੇਤੂ ਬਣਿਆ। ਖੇਡ ਤੋਂ ਰਿਟਾਇਰ ਹੋ ਕੇ 2009 ਵਿੱਚ ਉਸ ਨੇ 'ਓਪਨ' ਨਾਂ ਦੀ ਸਵੈਜੀਵਨੀ ਰਿਲੀਜ਼ ਕੀਤੀ ਜੋ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ ਬਣੀ। ਉਹਦੇ 'ਚ ਉਸ ਨੇ ਕਈ ਗੁੱਝੇ ਭੇਤ ਸਾਂਝੇ ਕੀਤੇ।



1992 ਵਿੱਚ ਉਸ ਨੇ ਟੈਨਿਸ ਦਾ ਪਹਿਲਾ ਗ੍ਰੈਂਡ ਸਲੈਮ ਵਿੰਬਲਡਨ ਜਿੱਤਿਆ ਸੀ। ਉਹ ਗ੍ਰੈਂਡ ਸਲੈਮ ਪਹਿਲਾਂ ਵੀ ਖੇਡਦਾ ਰਿਹਾ ਸੀ, ਪਰ ਕਦੇ ਟਾਈਟਲ ਜਿੱਤਣ ਤੱਕ ਨਹੀਂ ਸੀ ਪਹੁੰਚਿਆ। ਉਸ ਦੀਆਂ ਅਨੇਕ ਹਾਰਾਂ ਤੋਂ ਬਾਅਦ ਇਹ ਵੱਡੀ ਜਿੱਤ ਮਸੀਂ ਉਹਦੇ ਹੱਥ ਆਈ ਸੀ। ਸਮਝ ਲਓ ਹਨੇਰੇ 'ਚੋਂ ਚਾਨਣ ਵਿੱਚ ਵੱਡੀ ਛਾਲ ਵੱਜੀ ਸੀ। 1994 ਵਿੱਚ ਉਹ ਯੂ.ਐੱਸ.ਏ. ਓਪਨ ਜਿੱਤਿਆ, 1995 ਵਿੱਚ ਆਸਟ੍ਰੇਲੀਅਨ ਓਪਨ ਤੇ 1996 'ਚ ਐਟਲਾਂਟਾ ਦੀਆਂ ਉਲੰਪਿਕ ਖੇਡਾਂ ਦਾ ਗੋਲਡ ਮੈਡਲ। ਉਦੋਂ ਉਹ 'ਕਰੀਅਰ ਗੋਲਡਨ ਸਲੈਮ' ਦਾ ਖ਼ਿਤਾਬ ਜਿੱਤਣ ਵਾਲਾ ਦੁਨੀਆ ਦਾ ਪਹਿਲਾ ਮਰਦ ਖਿਡਾਰੀ ਐਲਾਨਿਆ ਗਿਆ। ਲਗਾਤਾਰ ਤਿੰਨ ਸਾਲ ਸ਼ਾਨਾਂ ਮੱਤੀਆਂ ਜਿੱਤਾਂ ਜਿੱਤਣ ਮਗਰੋਂ ਉਹ ਦੁਬਾਰਾ ਦੋ ਸਾਲ ਹਨੇਰਿਆਂ 'ਚ ਗੁਆਚ ਗਿਆ ਸੀ।

ਉਸ ਦਾ ਪੂਰਾ ਨਾਂ ਆਂਦਰੇ ਕਰਕੋਰੀਅਨ ਅਗਾਸੀ ਹੈ। ਉਹਦਾ ਜਨਮ 29 ਅਪ੍ਰੈਲ 1970 ਨੂੰ ਅਮਰੀਕਾ ਦੀ ਨੇਵਾਡਾ ਸਟੇਟ ਦੇ ਸ਼ਹਿਰ ਲਾਸ ਵੇਗਾਸ ਵਿੱਚ ਇਮਾਨੂਏਲ ਮਾਈਕ ਆਗਾਸੀ ਦੇ ਘਰ ਐਲਜ਼ਾਬੈੱਥ ਬੈਟੀ ਅਗਾਸੀ ਦੀ ਕੁੱਖੋਂ ਹੋਇਆ ਸੀ। ਉਹਦਾ ਪਿਤਾ ਮਾਈਕ ਅਗਾਸੀ ਸਾਬਕਾ ਉਲੰਪਿਕ ਬੌਕਸਰ ਸੀ ਤੇ ਮਾਂ 'ਬੈਟੀ' ਸਟਾਫ ਨਰਸ ਸੀ। ਉਨ੍ਹਾਂ ਦੇ ਵੱਡ ਵਡੇਰੇ ਆਰਮੀਨੀਅਨ ਅਸੀਰੀਅਨ ਇਰਾਨੀ ਮੂਲ ਦੇ ਸਨ। ਮਾਈਕ ਤੇ ਬੈਟੀ 1959 ਵਿੱਚ ਸ਼ਿਕਾਗੋ ਵਿਖੇ ਡੇਟਿੰਗ ਕਰਨ ਉਪਰੰਤ ਉਸੇ ਸਾਲ ਲਾਸ ਵੇਗਾਸ ਆ ਗਏ ਸਨ। ਉੱਥੇ ਉਨ੍ਹਾਂ ਦੇ ਚਾਰ ਬੱਚੇ ਪੈਦਾ ਹੋਏ। ਆਂਦਰੇ ਸਭ ਤੋਂ ਛੋਟਾ ਹੈ। ਪਿਤਾ ਨੇ ਬੌਕਸਰ ਹੋਣ ਦੇ ਬਾਵਜੂਦ ਆਪਣੇ ਪੁੱਤਰ ਨੂੰ ਬੌਕਸਿੰਗ ਦੀ ਥਾਂ ਟੈਨਿਸ ਦੀ ਖੇਡ 'ਚ ਪਾਉਣਾ ਬਿਹਤਰ ਸਮਝਿਆ।

ਆਂਦਰੇ ਨੇ 16 ਸਾਲ ਦੀ ਉਮਰੇ 1986 ਵਿੱਚ ਪੇਸ਼ਾਵਰ ਟੈਨਿਸ ਦੀ ਦੁਨੀਆ 'ਚ ਪਹਿਲਾ ਕਦਮ ਰੱਖਿਆ। ਅੱਗੇ ਸਖ਼ਤ ਤੋਂ ਸਖ਼ਤ ਮੁਕਾਬਲਿਆਂ ਦਾ ਪੈਂਡਾ ਸੀ। ਉਹ ਉਚਾਣਾਂ ਨਿਵਾਣਾਂ ਵਿੱਚ ਦੀ ਲੰਘਦਾ ਅੱਗੇ ਤੋਂ ਅੱਗੇ ਵਧਦਾ ਗਿਆ। 1987 ਦੇ ਮੁੱਕਣ ਤੱਕ ਉਹ ਦਰਸ਼ਕਾਂ ਦਾ ਪਸੰਦੀਦਾ ਖਿਡਾਰੀ ਬਣ ਗਿਆ। ਉਸ ਦੇ ਗੋਰੇ ਨਿਸ਼ੋਹ ਰੰਗ, ਤਿੱਖੇ ਨੈਣ ਨਕਸ਼, ਬਲੌਰੀ ਅੱਖਾਂ, ਨਵੇਂ ਫੈਸ਼ਨੀ ਕੱਪੜੇ, ਲੰਮੇ ਮਸਨੂਈ ਵਾਲ ਤੇ ਰੀਬੌਕ ਬੂਟਾਂ ਨੇ ਟੈਨਿਸ ਦੀ ਪਰੰਪਰਾਵਾਦੀ ਦੁਨੀਆ ਵਿੱਚ ਨਵੀ ਹਲਚਲ ਛੇੜ ਦਿੱਤੀ। 1987 ਵਿੱਚ ਉਸ ਨੇ ਪਹਿਲਾ ਪ੍ਰੋਫੈਸ਼ਨਲ ਟੂਰਨਾਮੈਂਟ ਤੇ 1988 ਵਿੱਚ 6 ਹੋਰ ਪ੍ਰੋਫੈਸ਼ਨਲ ਟੂਰਨਾਮੈਂਟ ਜਿੱਤੇ, ਪਰ 1989 ਵਿੱਚ ਉਹ ਕਿਤੇ ਵੀ ਨਾ ਰੜਕਿਆ। 1990-91 ਵਿੱਚ ਉਹ ਤਿੰਨ ਫਾਈਨਲ ਖੇਡਿਆ ਤੇ ਤਿੰਨੇ ਗ੍ਰੈਂਡ ਸਲੈਮ ਹਾਰਿਆ। 1992-93 ਫਿਰ ਖਾਲੀ ਹੱਥ ਰਿਹਾ। 1994 ਵਿੱਚ ਉਹਦੇ ਕੋਚ ਨਿੱਕ ਬੋਲਟੇਰੀ ਨੇ ਉਸ ਤੋਂ ਮੁੱਖ ਮੋੜ ਲਿਆ। ਆਂਦਰੇ ਨੇ ਫਿਰ ਬ੍ਰਾਡ ਗਿਲਬਰਟ ਨੂੰ ਆਪਣਾ ਨਵਾਂ ਗੁਰੂ ਧਾਰ ਲਿਆ। 1995 'ਚ ਉਸ ਨੇ ਆਸਟ੍ਰੇਲੀਅਨ ਓਪਨ ਦਾ ਫਾਈਨਲ ਜਿੱਤਿਆ ਤਾਂ ਉਸ ਦੀ ਗੁੱਡੀ ਐਸੀ ਚੜ੍ਹੀ ਕਿ 1996 'ਚ ਐਟਲਾਂਟਾ ਉਲੰਪਿਕਸ ਵਿੱਚੋਂ ਵੀ ਉਹ ਸਿੰਗਲਜ਼ ਦਾ ਗੋਲਡ ਮੈਡਲ ਜਿੱਤ ਗਿਆ।

ਟੈਨਿਸ ਦੇ ਅਸਤਰ ਆਂਦਰੇ ਦਾ ਝੁਕਾਅ ਟੈਨਿਸ ਦੀ ਮਲਿਕਾ ਸਟੈਫੀ ਗ੍ਰਾਫ ਵੱਲ ਹੋ ਗਿਆ। ਉਹ ਟੈਨਿਸ ਦੇ ਟੂਰਨਾਮੈਂਟਾਂ 'ਚ ਜਾਂਦੇ ਆਉਂਦੇ ਇੱਕ ਦੂਜੇ ਨੂੰ ਹੈਲੋ-ਹਾਏ ਤਾਂ ਪਹਿਲਾਂ ਹੀ ਕਹਿੰਦੇ ਸਨ, ਪਰ ਉਨ੍ਹਾਂ ਵਿਚਕਾਰ ਡੇਟਿੰਗ 1999 ਦੇ ਅਖ਼ੀਰ ਵਿੱਚ ਸ਼ੁਰੂ ਹੋਈ। ਪੱਛਮੀ ਮੁਲਕਾਂ ਵਿੱਚ ਡੇਟਿੰਗ ਨੂੰ ਜਾਂਚਣ ਪਰਖਣ ਦਾ ਸਮਾਂ ਸਮਝਿਆ ਜਾਂਦੈ। ਉਦੋਂ ਤੱਕ ਆਂਦਰੇ ਦੀ ਉਮਰ 31 ਸਾਲ ਦੀ ਹੋ ਗਈ ਸੀ ਤੇ ਸਟੈਫੀ ਦੀ 32 ਸਾਲ। ਸਟੈਫੀ ਗ੍ਰਾਫ ਦਾ ਪਹਿਲਾ ਤੇ ਅਗਾਸੀ ਦਾ ਇਹ ਦੂਜਾ ਵਿਆਹ 23 ਅਕਤੂਬਰ 2001 ਨੂੰ ਉਨ੍ਹਾਂ ਦੇ ਘਰ 'ਚ ਹੀ ਹੋਇਆ। ਵਿਆਹ ਦੀ ਗਵਾਹੀ ਦੋਹਾਂ ਦੀਆਂ ਮਾਵਾਂ ਨੇ ਪਾਈ। ਉਨ੍ਹਾਂ ਦਾ ਪਹਿਲਾ ਬੱਚਾ 26 ਅਕਤੂਬਰ 2001 ਨੂੰ ਲਾਸ ਵੇਗਾਸ ਦੇ ਹਸਪਤਾਲ ਵਿੱਚ ਹੋਇਆ।

**(ਬਾਕੀ ਸਫ਼ਾ 31 'ਤੇ)**

# ਦਾਸਤਾਨ-ਏ-ਹਾਕੀ

**ਉਮੇਸ਼ ਕੁਮਾਰ**

ਹਾਕੀ ਦੀਆਂ ਜੜ੍ਹਾਂ ਪੁਰਾਤਨਤਾ ਦੀ ਡੂੰਘਾਈ ਤੱਕ ਜਾਂਦੀਆਂ ਹਨ। ਕਰਵਡ ਸਟਿਕਸ ਤੇ ਗੇਂਦ ਨਾਲ ਖੇਡੀ ਜਾਣ ਵਾਲੀ ਇਹ ਖੇਡ ਬਹੁਤ ਸਾਰੀਆਂ ਸਭਿਅਤਾਵਾਂ ਦੇ ਇਤਿਹਾਸ 'ਚ ਪਾਈ ਜਾਂਦੀ ਹੈ। ਪੁਰਾਤੱਤਵ-ਵਿਗਿਆਨੀਆਂ ਨੂੰ ਮਿਸਰ ਦੇ ਇੱਕ ਪ੍ਰਾਚੀਨ ਬੇਨੀ ਹਸਨ ਦੇ ਮਕਬਰੇ 'ਚ ਲਗਪਗ 4,000 ਸਾਲ ਪੁਰਾਣੀ ਨੱਕਾਸ਼ੀ 'ਚ ਸਟਿਕਸ ਤੇ ਇੱਕ ਗੇਂਦ ਨਾਲ ਖੇਡਦੇ ਲੋਕਾਂ ਦੀਆਂ ਤਸਵੀਰਾਂ ਮਿਲੀਆਂ ਹਨ। ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਇਹ ਮਿਸਰ 'ਚ ਖੇਡਿਆ ਜਾਂਦਾ ਰਿਹਾ ਹੋਵੇਗਾ।

ਜਦੋਂ ਪੁਰਾਤੱਤਵ ਵਿਗਿਆਨੀਆਂ ਨੇ ਹੋਰ ਅੱਗੇ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਇਸ ਖੇਡ ਦੇ ਸਬੂਤ 1,000 ਈਸਾ ਪੂਰਵ ਪਹਿਲਾਂ ਇਥੋਪੀਆ 'ਚ ਮਿਲੇ ਸਨ। ਦੰਤਕਥਾ ਹੈ ਕਿ 'ਗੇਨਾ' ਵਜੋਂ ਜਾਣੀ ਜਾਂਦੀ ਇੱਕ ਖੇਡ ਅਫਰੀਕੀ ਦੇਸ਼ਾਂ ਵਿੱਚ ਖੇਡੀ ਜਾਂਦੀ ਸੀ, ਜੋ ਕਿ ਫੀਲਡ ਹਾਕੀ ਨਾਲ ਮੇਲ ਖਾਂਦੀ ਹੈ। ਇਹ ਕ੍ਰਿਸਮਸ ਦੇ ਮੌਕੇ 'ਤੇ ਖੇਡੀ ਗਈ ਸੀ। ਜਦੋਂਕਿ ਖੇਡ ਦਾ ਇੱਕ ਪ੍ਰਾਚੀਨ ਰੂਪ ਈਰਾਨ 'ਚ ਲਗਪਗ 2,000 ਈਸਾ ਪੂਰਵ 'ਚ ਖੇਡਿਆ ਜਾਂਦਾ ਸੀ। ਮੰਗੋਲੀਆ 'ਚ 'ਬੀਕੋਊ' ਨਾਂ ਦੀ ਇੱਕ ਖੇਡ ਹੁੰਦੀ ਸੀ ਜੋ ਹਾਕੀ ਵਰਗੀ ਹੀ ਸੀ।



**ਗੱਲਾਂ ਮੱਧ ਕਾਲ ਦੀਆਂ**

ਇਹ ਖੇਡ 5ਵੀਂ ਸਦੀ ਈਸਾ ਪੂਰਵ 'ਚ ਗ੍ਰੀਸ 'ਚ ਖੇਡੀ ਗਈ ਸੀ। ਖੁਦਾਈ ਦੌਰਾਨ, ਪੁਰਾਤੱਤਵ-ਵਿਗਿਆਨੀਆਂ ਨੂੰ ਇਕ ਸੰਗਮਰਮਰ ਦੇ ਪੱਥਰ 'ਤੇ ਇੱਕ ਨੱਕਾਸ਼ੀ ਮਿਲੀ, ਜਿਸ ਵਿੱਚ ਕਈ ਆਦਮੀਆਂ ਨੂੰ ਇੱਕ ਖੇਡ ਖੇਡਦੇ ਦਿਖਾਇਆ ਗਿਆ ਹੈ। ਜੋ ਕਿ ਫੀਲਡ ਹਾਕੀ ਦੇ ਸਮਾਨ ਸੀ। ਚੀਨ ਵਿੱਚ 'ਬੂ ਦਾ ਕਿਊ' ਨਾਂ ਦੀ ਇੱਕ ਖੇਡ ਪ੍ਰਚਲਿਤ ਸੀ, ਜੋ ਹਾਕੀ ਵਰਗੀ ਹੀ ਸੀ। 5ਵੀਂ ਸਦੀ ਈਸਵੀ ਦੇ ਸ਼ੁਰੂ 'ਚ ਆਇਰਲੈਂਡ 'ਚ 'ਹਰਲਿੰਗ' ਨਾਂ ਦੀ ਖੇਡ ਖੇਡੀ ਜਾਂਦੀ ਸੀ, ਇਹ ਪੂਰੀ ਤਰ੍ਹਾਂ ਹਾਕੀ ਨਹੀਂ ਸੀ, ਪਰ ਇਸ ਦੇ ਸਮਾਨ ਸੀ। 1200 ਬੀਸੀ ਤੱਕ ਸਕਾਟਲੈਂਡ 'ਚ 'ਗੇਲਿਕ ਜਾਂ ਸ਼ਿੰਟੀ ਗੇਮ' ਨਾਂ ਨਾਲ ਪ੍ਰਚੱਲਿਤ ਹੋਈ।

**ਬੇਹੱਦ ਦਿਲਚਸਪ ਹੈ ਆਧੁਨਿਕ ਕਹਾਣੀ**

ਇਹ ਯੂਰਪ, ਗ੍ਰੀਸ, ਅਫਰੀਕਾ ਤੇ ਏਸ਼ੀਆਈ ਦੇਸ਼ਾਂ ਵਿੱਚ ਵੱਖ-ਵੱਖ ਨਾਵਾਂ ਨਾਲ ਖੇਡੀ ਜਾਂਦੀ ਰਹੀ। ਫਰਾਂਸ ਵਿੱਚ 13ਵੀਂ ਸਦੀ 'ਚ ਲਾ ਸੋਲ ਨਾਮ ਨਾਲ। ਕੋਲੰਬਸ ਵੱਲੋਂ ਨਿਊ ਵਰਲਡ (ਅਮਰੀਕਾ) ਦੀ ਖੋਜ ਕਰਨ ਤੋਂ ਬਾਅਦ ਖੇਡ ਦਾ ਜ਼ਿਕਰ 15ਵੀਂ ਤੇ 16ਵੀਂ ਏਜਟੈਕ ਸਭਿਅਤਾ 'ਚ ਇਸ ਖੇਡ ਦਾ ਜ਼ਿਕਰ ਮਿਲਦਾ ਹੈ, ਪਰ ਦੁਨੀਆਂ ਦੀਆਂ ਸਭ ਤੋਂ ਪੁਰਾਣੀਆਂ ਖੇਡਾਂ 'ਚੋਂ ਇੱਕ ਹਾਕੀ ਦੀ ਸ਼ੁਰੂਆਤ ਸਕਾਟਲੈਂਡ 'ਚ 1527 ਵਿੱਚ ਹੋਈ ਮੰਨੀ ਜਾਂਦੀ ਹੈ। ਫਿਰ ਇਸਨੂੰ ਅੰਗਰੇਜ਼ੀ 'ਚ ਹੋਕੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ।

ਅਜੋਕੇ ਸਮੇਂ ਹਾਕੀ ਨੂੰ 18ਵੀਂ ਸਦੀ ਦੇ ਅੰਤ ਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਅੰਗਰੇਜ਼ਾਂ ਵੱਲੋਂ ਪੇਸ਼ ਕੀਤਾ ਗਿਆ ਸੀ। ਫਿਰ ਇਹ ਸਕੂਲ 'ਚ ਇੱਕ ਪ੍ਰਸਿੱਧ ਖੇਡ ਹੋਇਆ ਕਰਦਾ ਸੀ ਤੇ ਫਿਰ ਇਸਨੂੰ ਬ੍ਰਿਟਿਸ਼ ਸਾਮਰਾਜ 'ਚ 1850 ਵਿੱਚ ਭਾਰਤੀ ਫੌਜ 'ਚ ਵੀ ਸ਼ਾਮਲ ਕੀਤਾ ਗਿਆ ਸੀ। ਹਾਕੀ ਦੀ ਖੇਡ ਉਨ੍ਹਾਂ ਦੇਸ਼ਾਂ ਵਿੱਚ ਫੈਲੀ ਜਿੱਥੇ ਅੰਗਰੇਜ਼ਾਂ ਦਾ ਰਾਜ ਸੀ।

**ਹੁਣ ਆਉਂਦੀ ਹੈ ਨਾਮਕਰਨ ਦੀ ਵਾਰੀ**

ਇਹ ਮੰਨਿਆ ਜਾਂਦਾ ਹੈ ਕਿ 'ਹਾਕੀ' ਨਾਮ ਫ੍ਰੈਂਚ ਸ਼ਬਦ ਹੌਕੇਟ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ 'ਚਰਵਾਹੇ ਦਾ ਡੰਡਾ'। ਫਿਰ ਵੀ ਇਹ ਸਿਰਫ ਇੱਕ ਧਾਰਨਾ ਹੀ ਹੈ। ਇਸ ਸਬੰਧੀ ਕੋਈ ਠੋਸ ਸਬੂਤ ਨਹੀਂ ਹੈ। ਹਾਲਾਂਕਿ, ਹਾਕੀ ਦੀ ਸ਼ੁਰੂਆਤ ਅਜੇ ਵੀ ਅਸਪਸ਼ਟ ਹੈ।

**ਭਾਰਤ 'ਚ ਹਾਕੀ**

ਭਾਰਤ ਵਿਚ ਹਾਕੀ ਦੀ ਗੱਲ ਕਰੀਏ ਤਾਂ ਇਸਨੂੰ ਪਹਿਲੀ ਵਾਰ ਬ੍ਰਿਟਿਸ਼ ਆਰਮੀ ਦੀ ਰੈਜੀਮੈਂਟ 'ਚ ਸ਼ਾਮਿਲ ਕੀਤਾ ਗਿਆ ਸੀ। ਇਹ ਖੇਡ ਭਾਰਤ ਵਿੱਚ ਸਭ ਤੋਂ ਪਹਿਲਾਂ ਛਾਉਣੀਆਂ ਤੇ ਫ਼ੌਜੀਆਂ ਵੱਲੋਂ ਖੇਡੀ ਗਈ। ਹਾਕੀ ਭਾਰਤ ਵਿੱਚ ਮੁੱਖ ਤੌਰ 'ਤੇ ਝਾਂਸੀ, ਜਬਲਪੁਰ, ਜਲੰਧਰ, ਲਖਨਊ, ਲਾਹੌਰ ਆਦਿ ਖੇਤਰਾਂ ਵਿੱਚ ਖੇਡੀ ਜਾਂਦੀ ਸੀ। ਵਧਦੀ ਪ੍ਰਸਿੱਧੀ ਨੇ ਭਾਰਤ 'ਚ ਪਹਿਲਾ ਹਾਕੀ ਕਲੱਬ ਬਣਾਇਆ ਜਿਸਦਾ 1855 ਵਿੱਚ ਕੋਲਕਾਤਾ ਵਿੱਚ ਗਠਨ ਕੀਤਾ ਗਿਆ ਸੀ।

ਇਸ ਤੋਂ ਬਾਅਦ ਮੁੰਬਈ ਤੇ ਪੰਜਾਬ ਵਿੱਚ ਵੀ ਹਾਕੀ ਕਲੱਬ ਬਣਾਏ ਗਏ। 1928 ਤੋਂ 1956 ਤਕ ਦਾ ਸਮਾਂ ਭਾਰਤ ਲਈ ਸੁਨਹਿਰੀ ਦੌਰ ਰਿਹਾ ਹੈ। ਭਾਰਤੀ ਹਾਕੀ ਫੈਡਰੇਸ਼ਨ ਦੀ ਸਥਾਪਨਾ 1925 ਵਿੱਚ ਹੋਈ ਸੀ। ਭਾਰਤ ਦੀ ਹਾਕੀ ਟੀਮ ਦਾ ਪਹਿਲਾ ਅੰਤਰਰਾਸ਼ਟਰੀ ਦੌਰਾ 1926 'ਚ ਸੀ, ਜਦੋਂ ਟੀਮ ਨੇ ਨਿਊਜ਼ੀਲੈਂਡ ਦਾ ਦੌਰਾ ਕੀਤਾ ਸੀ। ਭਾਰਤੀ ਹਾਕੀ ਟੀਮ ਨੇ 21 ਮੈਚ ਖੇਡੇ ਤੇ 18 ਜਿੱਤੇ। ਇਸ ਟੂਰਨਾਮੈਂਟ 'ਚ ਦੁਨੀਆਂ ਨੇ ਪਹਿਲੀ ਵਾਰ ਧਿਆਨਚੰਦ ਵਰਗੇ ਦਿੱਗਜ ਨੂੰ ਦੇਖਿਆ, ਜੋ ਬਿਹਤਰੀਨ ਖਿਡਾਰੀਆਂ 'ਚੋਂ ਇੱਕ ਬਣ ਗਏ।



ਭਾਰਤੀ ਹਾਕੀ ਟੀਮ ਨੇ ਉਲੰਪਿਕ 'ਚ 1928 'ਚ ਕਦਮ ਰੱਖਿਆ। ਭਾਰਤ ਨੂੰ 1928 ਦੀਆਂ ਉਲੰਪਿਕ ਖੇਡਾਂ ਦੇ ਗਰੁੱਪ ਏ ਵਿੱਚ ਰੱਖਿਆ ਗਿਆ ਸੀ, ਜਿਸ ਵਿੱਚ ਬੈਲਜੀਅਮ, ਡੈਨਮਾਰਕ, ਸਵਿਟਜ਼ਰਲੈਂਡ ਅਤੇ ਆਸਟਰੀਆ ਦੀਆਂ ਟੀਮਾਂ ਸਨ। ਭਾਰਤ ਨੇ ਇੱਥੇ ਸੋਨ ਤਮਗਾ ਜਿੱਤਿਆ। ਇੱਥੋਂ ਹੀ ਭਾਰਤੀ ਹਾਕੀ ਟੀਮ ਦਾ ਸੁਨਹਿਰੀ ਅਤੀਤ ਸ਼ੁਰੂ ਹੋਇਆ ਤੇ ਫਿਰ ਭਾਰਤ ਹੁਣ ਤੱਕ ਰਿਕਾਰਡ 8 ਉਲੰਪਿਕ ਸੋਨ ਤਗਮੇ ਜਿੱਤ ਚੁੱਕਾ ਹੈ।

**ਹਾਕੀ ਖੇਡ ਦੇ ਬਾਰੇ**

ਹਰ ਖੇਡ ਵਾਂਗ ਇਸ ਖੇਡ ਵਿੱਚ ਵੀ ਦੋ ਟੀਮਾਂ ਹਨ। ਟਾਸ ਹੁੰਦਾ ਹੈ ਤੇ ਜੇਤੂ ਟੀਮ ਸਟਰਾਈਕ ਲੈਂਦੀ ਹੈ। ਹਰੇਕ ਟੀਮ 'ਚ 11-11 ਖਿਡਾਰੀ ਹੁੰਦੇ ਹਨ, ਜਿਸ ਵਿੱਚ ਇੱਕ ਗੋਲਕੀਪਰ, ਚਾਰ ਡਿਫੈਂਡਰ, ਤਿੰਨ ਮਿਡਫੀਲਡਰ ਤੇ ਤਿੰਨ ਹਮਲਾਵਰ ਹੁੰਦੇ ਹਨ। ਇਸ ਨਾਲ ਪੰਜ ਖਿਡਾਰੀ ਬਦਲ ਵਜੋਂ ਬਾਹਰ ਹੁੰਦੇ ਹਨ। ਹਾਕੀ ਮੈਦਾਨ ਦੀ ਲੰਬਾਈ 91.4 ਮੀਟਰ ਤੇ ਚੌੜਾਈ 55 ਮੀਟਰ ਹੈ। ਗੋਲਪੋਸਟ ਦੀ ਚੌੜਾਈ 3.66 ਮੀਟਰ ਅਤੇ ਉਚਾਈ 2.14 ਮੀਟਰ ਹੈ। ਇਸ ਜ਼ਮੀਨ ਦੀ ਸ਼ਕਲ ਆਇਤਾਕਾਰ ਹੁੰਦੀ ਹੈ। ਖੇਡ ਦਾ ਮੈਦਾਨ ਇੱਕ ਵਿਸ਼ੇਸ਼ ਘਾਹ ਨਾਲ ਢਕਿਆ ਰਹਿੰਦਾ ਹੈ। ਇਸ ਘਾਹ ਨੂੰ ਸਿੰਥੈਟਿਕ ਘਾਹ ਕਹਿੰਦੇ ਹਨ। ਖੇਡ ਮੈਦਾਨ ਦੇ ਮੱਧ ਵਿੱਚ ਇੱਕ ਮੱਧ ਲਾਈਨ ਮਿਲਦੀ ਹੈ। ਇਹ ਲਾਈਨ ਖੇਤਰ ਨੂੰ ਦੋ ਹਿੱਸਿਆਂ 'ਚ ਵੰਡਦੀ ਹੈ ।ਹਾਕੀ ਸਟਿੱਕ ਦੀ ਲੰਬਾਈ ਆਮ ਤੌਰ 'ਤੇ 105 ਸੈਂਟੀਮੀਟਰ ਹੁੰਦੀ ਹੈ। ਇਸ ਦਾ ਭਾਰ 737 ਗ੍ਰਾਮ ਤੋਂ ਵੱਧ ਨਹੀਂ ਹੋ ਸਕਦਾ। ਫੀਲਡ ਹਾਕੀ ਮੈਚ ਖੇਡਣ ਦੀ ਮਿਆਦ 60 ਮਿੰਟ ਹੁੰਦੀ ਹੈ। ਹਾਕੀ ਗੇਂਦ ਦੀ ਗੱਲ ਕਰੀਏ ਤਾਂ ਇਸ ਦਾ ਰੰਗ ਚਿੱਟਾ ਹੁੰਦਾ ਹੈ। ਇਸ ਦਾ ਭਾਰ 156 ਗ੍ਰਾਮ ਤੋਂ 163 ਗ੍ਰਾਮ ਤੱਕ ਅਤੇ ਇਸ ਦਾ ਘੇਰਾ 22.4 ਤੋਂ 23.5 ਸੈਂਟੀਮੀਟਰ ਤੱਕ ਹੋ ਸਕਦਾ ਹੈ। ਹਾਕੀ 'ਚ ਪੈਨਲਟੀ ਕਾਰਨਰ, ਪੈਨਲਟੀ ਸਟਰੋਕ, ਫਰੀ ਹਿੱਟ ਤੇ ਲਾਂਗ ਕਾਰਨਰ ਵਰਗੇ ਸ਼ਬਦ ਵਰਤੇ ਜਾਂਦੇ ਹਨ।

# ਪਾਕਿਸਤਾਨ 'ਚ ਦਲੀਪ ਕੁਮਾਰ ਤੇ ਰਾਜ ਕਪੂਰ ਦੇ ਪੁਸ਼ਤੈਨੀ ਘਰਾਂ ਨੂੰ ਮਿਊਜ਼ੀਅਮ ਬਨਾਉਣ ਦਾ ਐਲਾਨ

## ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖ਼ਵਾ ਦੀ ਸਰਕਾਰ ਵੱਲੋਂ ਘਰਾਂ ਦੀ ਸੰਭਾਲ ਲਈ 3 ਕਰੋੜ ਰੁਪਏ ਤੋਂ ਵੱਧ ਦੀ ਰਕਮ ਮਨਜ਼ੂਰ





ਪਿਸ਼ਾਵਰ/ਏ.ਟੀ.ਨਿਊਜ਼: ਪਾਕਿਸਤਾਨ ਦੀ ਖ਼ੈਬਰ ਪਖ਼ਤੂਨਖ਼ਵਾ ਸੂਬਾਈ ਸਰਕਾਰ ਨੇ ਇੱਥੇ ਭਾਰਤ ਦੇ ਨਾਮੀ ਫਿਲਮ ਸਿਤਾਰਿਆਂ ਦਲੀਪ ਕੁਮਾਰ ਅਤੇ ਰਾਜ ਕਪੂਰ ਨਾਲ ਸਬੰਧਿਤ ਇਤਿਹਾਸਕ ਇਮਾਰਤਾਂ ਦੀ ਬਹਾਲੀ ਅਤੇ ਸੰਭਾਲ ਲਈ 3.38 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਹੈ। ਸੂਬੇ ਮੁੱਖ ਮੰਤਰੀ ਅਲੀ ਅਮੀਨ ਗੰਡਾਪੁਰ ਅਤੇ ਸੈਰ-ਸਪਾਟਾ ਤੇ ਪੁਰਾਤੱਤਵ ਸਲਾਹਕਾਰ ਜ਼ਾਹਿਦ ਖਾਨ ਸ਼ਿਨਵਾਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਇਹ ਮਨਜ਼ੂਰੀ ਦਿੱਤੀ ਗਈ ਹੈ।

ਮੀਟਿੰਗ ਨੇ ਸੰਸਾਰ ਬੈਂਕ ਪ੍ਰੋਗਰਾਮ ਤਹਿਤ ਖ਼ੈਬਰ ਪਖ਼ਤੂਨਖ਼ਵਾ ਸੂਬੇ ਵਿੱਚ ਵਿਰਾਸਤ ਸੰਭਾਲ ਅਤੇ ਸੈਰ-ਸਪਾਟਾ ਪ੍ਰਮੋਸ਼ਨ ਲਈ ਮੁੱਖ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਰਾਜ ਕਪੂਰ ਅਤੇ ਦਲੀਪ ਕੁਮਾਰ ਦੀਆਂ ਇਹ ਵਿਰਾਸਤੀ ਇਤਿਹਾਸਕ ਇਮਾਰਤਾਂ, ਜਿਨ੍ਹਾਂ ਨੂੰ ਪਾਕਿਸਤਾਨ ਸਰਕਾਰ ਵੱਲੋਂ ਪਹਿਲਾਂ ਹੀ ਕੌਮੀ ਵਿਰਾਸਤ ਐਲਾਨਿਆ ਜਾ ਚੁੱਕਾ ਹੈ, ਖਸਤਾ ਹਾਲਤ ਵਿੱਚ ਹਨ।

ਖ਼ੈਬਰ ਪਖ਼ਤੂਨਖ਼ਵਾ ਪੁਰਾਤੱਤਵ ਵਿਭਾਗ ਨੇ ਦੋਵਾਂ ਅਦਾਕਾਰਾਂ ਦੇ ਜੀਵਨ ਅਤੇ ਕਰੀਅਰ ਨੂੰ ਸਮਰਪਿਤ ਦੋਵਾਂ ਇਮਾਰਤਾਂ ਨੂੰ ਅਜਾਇਬ ਘਰਾਂ ਵਿੱਚ ਬਦਲਣ ਦੀ ਯੋਜਨਾ ਬਣਾਈ ਹੈ। ਤਤਕਾਲੀ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ 13 ਜੁਲਾਈ, 2014 ਨੂੰ ਇਨ੍ਹਾਂ ਘਰਾਂ ਨੂੰ ਕੌਮੀ ਵਿਰਾਸਤ ਕਰਾਰ ਦਿੱਤਾ ਸੀ।

ਪੁਰਾਤੱਤਵ ਵਿਭਾਗ ਦੇ ਡਾਇਰੈਕਟਰ ਡਾ. ਅਬਦੁਸ ਸਮਦ ਨੇ ਕਿਹਾ ਕਿ ਸਰਕਾਰ ਇਨ੍ਹਾਂ ਜਾਇਦਾਦਾਂ ਨੂੰ ਹਾਸਲ ਕਰਨ ਅਤੇ ਇਨ੍ਹਾਂ ਨੂੰ ਅਜਾਇਬ ਘਰਾਂ ਵਿੱਚ ਬਦਲਣ ਦਾ ਇਰਾਦਾ ਰੱਖਦੀ ਹੈ। ਅਜਾਇਬ ਘਰ ਦਲੀਪ ਕੁਮਾਰ ਅਤੇ ਰਾਜ ਕਪੂਰ ਦੀ ਪਿਸ਼ਾਵਰ ਤੋਂ ਮੁੰਬਈ ਤੱਕ ਦੀ ਯਾਤਰਾ ਨੂੰ ਪ੍ਰਦਰਸ਼ਿਤ ਕਰਨਗੇ, ਜਿਨ੍ਹਾਂ ਵਿੱਚ ਇੱਕ ਸਮਰਪਿਤ ਗੈਲਰੀ ਵੀ ਸ਼ਾਮਲ ਹੋਵੇਗੀ।

# ਸੱਭਿਆਚਾਰਕ ਤੇ ਕਾਮੇਡੀ ਫ਼ਿਲਮ ਹੈ 'ਸਰਬਾਲਾ ਜੀ'



ਦੇਸ਼-ਪ੍ਰਦੇਸ਼ ਵਿੱਚ 18 ਜੁਲਾਈ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਸਰਬਾਲਾ ਜੀ' ਦੀ ਸਟਾਰ ਕਾਸਟ ਟੀਮ ਜਿਸ ਵਿੱਚ ਗਿੱਪੀ ਗਰੇਵਾਲ, ਸਰਗੁਣ ਮਹਿਤਾ, ਐਮੀ ਵਿਰਕ ਅਤੇ ਨਿਮਰਤ ਖਹਿਰਾ ਦੀ ਹਾਜ਼ਰੀ ਵਿੱਚ ਫ਼ਿਲਮ ਦਾ ਟਰੇਲਰ ਪਿਛਲੇ ਦਿਨੀਂ ਮੋਹਾਲੀ ਵਿਖੇ ਰਿਲੀਜ਼ ਕੀਤਾ ਗਿਆ। ਟੀਮ ਨੇ ਦਰਸ਼ਕਾਂ ਨੂੰ ਫ਼ਿਲਮ ਸਿਨੇਮਾਘਰਾਂ ਵਿੱਚ ਜਾ ਕੇ ਦੇਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਮਲਟੀਸਟਾਰ ਫ਼ਿਲਮ ਬਾਕੀ ਫ਼ਿਲਮਾਂ ਨਾਲੋਂ ਵੱਖਰੇ ਵਿਸ਼ੇ 'ਤੇ ਬਣੀ ਹੈ। ਇਸ ਮੌਕੇ ਨਿਰਦੇਸ਼ਕ ਮਨਦੀਪ ਕੁਮਾਰ ਨੇ ਕਿਹਾ ਕਿ ਇਹ ਫ਼ਿਲਮ ਇੱਕ ਪਰਿਵਾਰਕ ਕਹਾਣੀ ਹੈ। ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਦੀ ਮਲਟੀਸਟਾਰ ਫ਼ਿਲਮ ਵਿੱਚ ਕੰਮ ਕਰਨ ਦੀ ਪਿਛਲੇ ਲੰਬੇ ਸਮੇਂ ਤੋਂ ਇੱਛਾ ਸੀ ਜੋ ਹੁਣ ਪੂਰੀ ਹੋਈ ਹੈ। ਪੰਜਾਬੀ ਗਾਇਕ ਤੇ ਅਦਾਕਾਰ ਐਮੀ ਵਿਰਕ ਨੇ ਕਿਹਾ ਕਿ ਉਨ੍ਹਾਂ ਨੂੰ ਮਲਟੀਸਟਾਰ ਫ਼ਿਲਮ ਵਿੱਚ ਕੰਮ ਕਰਕੇ ਬਹੁਤ ਚੰਗਾ ਲੱਗਿਆ ਤੇ ਇਹ ਫ਼ਿਲਮ ਦਰਸ਼ਕਾਂ ਨੂੰ ਵੀ ਬਹੁਤ ਪਸੰਦ ਆਵੇਗੀ। ਅਦਾਕਾਰਾ ਸਰਗੁਣ ਮਹਿਤਾ ਨੇ ਕਿਹਾ ਇਹ ਇੱਕ ਸੱਭਿਆਚਾਰਕ ਤੇ ਕਾਮੇਡੀ ਫ਼ਿਲਮ ਹੈ ਜੋ ਦਰਸ਼ਕਾਂ ਨੂੰ ਖ਼ੂਬ ਪਸੰਦ ਆਵੇਗੀ। ਅਦਾਕਾਰਾ ਨਿਮਰਤ ਖਹਿਰਾ ਨੇ ਕਿਹਾ ਕਿ ਫ਼ਿਲਮ ਵਿੱਚ ਕੰਮ ਕਰਦੇ ਸਾਰੇ ਅਦਾਕਾਰਾਂ ਦੇ ਵਧੀਆ ਤਾਲਮੇਲ ਕਾਰਨ ਇਹ ਫ਼ਿਲਮ ਬਹੁਤ ਵਧੀਆ ਬਣੀ ਹੈ। ਲੇਖਕ ਇੰਦਰਜੀਤ ਮੋਗਾ ਨੇ ਦੱਸਿਆ ਕਿ ਫ਼ਿਲਮ 1930 ਦੇ ਦਹਾਕੇ ਦੀ ਮਜ਼ੇਦਾਰ ਕਹਾਣੀ 'ਤੇ ਆਧਾਰਤ ਹੈ। ਇਹ ਫ਼ਿਲਮ 2 ਚਚੇਰੇ ਭਰਾਵਾਂ ਸੁੱਚਾ ਅਤੇ ਗੱਜਣ ਸਿੰਘ ਅਤੇ ਗੱਜਣ ਤੇ ਪਿਆਰੋ ਦੇ ਅਨੋਖੇ ਵਿਆਹ ਦੇ ਆਲੇ-ਦੁਆਲੇ ਘੁੰਮਦੀ ਹੈ। ਇਸ ਮੌਕੇ ਗੁੱਗੂ ਗਿੱਲ, ਬੀ.ਐੱਨ. ਸ਼ਰਮਾ, ਸਰਦਾਰ ਸੋਹੀ, ਧੂਤਾ ਪਿੰਡੀ ਆਲਾ ਆਦਿ ਹਾਜ਼ਰ ਸਨ।

## ਗੱਲਬਾਤ ਰਾਹੀਂ ਮੁੱਦਿਆਂ ਨੂੰ ਹੱਲ ਕਰਨਾ ਚਾਹੀਦੈ: ਅਜੈ ਦੇਵਗਨ



ਅਦਾਕਾਰ ਅਜੈ ਦੇਵਗਨ ਨੇ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਰਦਾਰ ਜੀ 3' ਦੇ ਵਿਵਾਦ 'ਤੇ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ ਕਿ ਜਦੋਂ ਦੋ ਵੱਖ-ਵੱਖ ਵਿਚਾਰ ਹੋਣ ਤਾਂ ਤੁਹਾਨੂੰ ਬੈਠ ਕੇ ਗੱਲਬਾਤ ਰਾਹੀਂ ਮੁੱਦਿਆਂ ਨੂੰ ਹੱਲ ਕਰਨਾ ਚਾਹੀਦਾ ਹੈ। ਫ਼ਿਲਮ 'ਸਰਦਾਰ ਜੀ 3' ਵਿੱਚ ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਨੂੰ ਸ਼ਾਮਲ ਕਰਨ ਲਈ ਦਿਲਜੀਤ ਦੋਸਾਂਝ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੇਵਗਨ ਨੇ ਫ਼ਿਲਮ 'ਸਨ ਆਫ਼ ਸਰਦਾਰ 2' ਦੇ ਟ੍ਰੇਲਰ ਲਾਂਚ ਦੇ ਮੌਕੇ 'ਤੇ ਆਯੋਜਿਤ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ, 'ਮੈਨੂੰ ਨਹੀਂ ਪਤਾ ਕਿ ਆਲੋਚਨਾਵਾਂ ਕਿਉਂ ਹੁੰਦੀਆਂ ਹਨ, ਕੀ ਸਹੀ ਹੈ ਅਤੇ ਕੀ ਗਲਤ। ਉਨ੍ਹਾਂ ਦੀ ਜਗ੍ਹਾ ਮੈਂ ਇਸ 'ਤੇ ਟਿੱਪਣੀ ਨਹੀਂ ਕਰ ਸਕਦਾ। ਉਨ੍ਹਾਂ ਦੀਆਂ ਆਪਣੀਆਂ ਸਮੱਸਿਆਵਾਂ ਹੋਣਗੀਆਂ ਅਤੇ ਲੋਕ ਆਪਣੇ ਦ੍ਰਿਸ਼ਟੀਕੋਣ ਤੋਂ ਸੋਚ ਰਹੇ ਹਨ। ਜਦੋਂ ਤੁਹਾਡੇ ਸਾਹਮਣੇ ਦੋ ਵੱਖ-ਵੱਖ ਵਿਚਾਰ ਹੋਣ ਤਾਂ ਤੁਸੀਂ ਇਕੱਠੇ ਬੈਠ ਕੇ ਇਸਦਾ ਹੱਲ ਕੱਢ ਸਕਦੇ ਹੋ। ਮੈਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਵਾਂਗਾ ਜਾਂ ਇਹ ਨਹੀਂ ਕਹਾਂਗਾ ਕਿ ਇਹ ਸਹੀ ਹੈ ਜਾਂ ਇਹ ਗਲਤ ਹੈ, ਉਨ੍ਹਾਂ ਨੂੰ ਗੱਲ ਕਰਨ ਦੀ ਲੋੜ ਹੈ।'

# ਦਿਲਜੀਤ ਦੋਸਾਂਝ ਨੇ ਇੱਕ ਵਾਰ ਫੇਰ ਦਰਸ਼ਕਾਂ ਦਾ ਦਿਲ ਜਿੱਤਿਆ

## 'ਬਾਰਡਰ 2' ਦੇ ਸੈੱਟ 'ਤੇ ਦਿਲਜੀਤ ਨੇ ਕੀਤੀ ਖ਼ੂਬ ਮਸਤੀ



ਬਾਲੀਵੁੱਡ ਤੇ ਪਾਲੀਵੁੱਡ ਦੇ ਮਸ਼ਹੂਰ ਗਾਇਕ ਦਿਲਜੀਤ ਇਸ ਸਮੇਂ ਕਾਫ਼ੀ ਚਰਚਾ 'ਚ ਹਨ ਕਿਉਂਕਿ ਉਨ੍ਹਾਂ ਦੀ ਨਵੀਂ ਆ ਰਹੀ ਫ਼ਿਲਮ 'ਬਾਰਡਰ 2' ਦੀ ਸ਼ੂਟਿੰਗ ਪੂਰੇ ਜੋਸ਼ ਨਾਲ ਚੱਲ ਰਹੀ ਹੈ। ਦਿਲਜੀਤ ਦੀ ਇਸ ਫ਼ਿਲਮ ਨੂੰ ਲੈ ਕੇ ਦਰਸ਼ਕ ਵੀ ਕਾਫ਼ੀ ਉਤਸ਼ਾਹਿਤ ਹਨ। ਇਸ ਦੌਰਾਨ ਦਿਲਜੀਤ ਦੋਸਾਂਝ ਨੇ ਫ਼ਿਲਮ ਦੇ ਸੈੱਟ ਤੋਂ ਇੱਕ ਨਵੀਂ ਵੀਡੀਓ ਸਾਂਝੀ ਕੀਤਾ ਹੈ। ਦਰਅਸਲ ਫ਼ਿਲਮ ਦੇ ਸੈੱਟ 'ਤੇ ਮੀਂਹ ਪਿਆ, ਜਿਸ ਤੋਂ ਬਾਅਦ ਦਿਲਜੀਤ ਨੇ ਵਰੁਣ ਧਵਨ, ਅਹਾਨ ਸ਼ੈੱਟੀ, ਨਿਰਦੇਸ਼ਕ ਅਤੇ ਨਿਰਮਾਤਾ ਨਾਲ ਬਹੁਤ ਮਸਤੀ ਕੀਤੀ।

ਦਿਲਜੀਤ ਦੋਸਾਂਝ ਨੇ ਇੰਸਟਾਗ੍ਰਾਮ 'ਤੇ ਇੱਕ ਵੀਡੀਓ ਸਾਂਝੀ ਕੀਤੀ। ਇਸ ਵਿੱਚ ਉਹ ਮੀਂਹ ਵਿੱਚ ਭਿੱਜਦੇ ਹੋਏ ਆਪਣੇ ਸਹਿ-ਕਲਾਕਾਰਾਂ ਨਾਲ ਬਹੁਤ ਮਸਤੀ ਕਰਦੇ ਦਿਖਾਈ ਦੇ ਰਹੇ ਹਨ। ਪ੍ਰਸ਼ੰਸਕਾਂ ਨੂੰ ਦਿਲਜੀਤ ਦਾ ਇਹ ਊਰਜਾ ਅਤੇ ਕੂਲ ਅੰਦਾਜ਼ ਪਸੰਦ ਆ ਰਿਹਾ ਹੈ। ਸਾਰੇ ਕਲਾਕਾਰ ਮੀਂਹ ਦੇ ਵਿਚਕਾਰ ਹੱਸਦੇ, ਨੱਚਦੇ ਅਤੇ ਮਸਤੀ ਕਰਦੇ ਦਿਖਾਈ ਦੇ ਰਹੇ ਹਨ।

ਇਸ ਵੀਡੀਓ ਨੂੰ ਦਿਲਜੀਤ ਦੋਸਾਂਝ ਦੇ ਪੰਜਾਬੀ ਸਟਾਈਲ ਵਾਇਸਓਵਰ ਨਾਲ ਸ਼ੁਰੂ ਹੁੰਦਾ ਹੈ, ਜਿੱਥੇ ਉਹ ਮਜ਼ਾਕ ਵਿੱਚ ਪੂਰੇ ਦਿਨ ਦੀ ਸ਼ੂਟਿੰਗ ਦਾ ਵਰਣਨ ਕਰ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਇੱਕ ਦਿਨ ਦੀ ਸ਼ੂਟਿੰਗ ਸੀ, ਪਰ ਫ਼ਿਰ ਅਚਾਨਕ ਮੀਂਹ ਪੈਣਾ ਸ਼ੁਰੂ ਹੋ ਗਿਆ। ਦਿਲਜੀਤ ਨੇ ਕਿਹਾ- 'ਕੋਈ ਟੈਨਸ਼ਨ ਨਹੀਂ ਦੋਸਤੋ, ਅਸੀਂ ਮਸਤੀ ਕਰਾਂਗੇ! ਮੀਂਹ ਕਾਰਨ ਸ਼ੂਟਿੰਗ ਕੁਝ ਸਮੇਂ ਲਈ ਰੁਕ ਗਈ, ਪਰ ਮਜ਼ਾ ਨਹੀਂ ਰੁਕਿਆ।' ਵੀਡੀਓ ਵਿੱਚ ਦਿਲਜੀਤ ਨੇ ਅੱਗੇ ਕਹਿੰਦੇ ਹਨ - 'ਬਾਰਡਰ ਦੇ ਇਹ ਡਾਇਰੈਕਟਰ ਸਾਹਿਬ ਸ਼ੂਟਿੰਗ ਛੱਡ ਕੇ ਸਾਡੇ ਨਾਲ ਬੈਠੇ ਹਨ।'

ਦਿਲਜੀਤ ਨੂੰ ਅਨੀਸ ਬਜ਼ਮੀ ਅਤੇ ਬੋਨੀ ਕਪੂਰ ਨਾਲ ਗੱਲ ਕਰਦੇ ਵੀ ਦੇਖਿਆ ਗਿਆ। ਇਸ ਤੋਂ ਬਾਅਦ ਮੋਨਾ ਸਿੰਘ ਨਾਲ ਵੀ ਗੱਲ ਕਰਦੇ ਵੀ ਦੇਖਿਆ ਗਿਆ। ਮੋਨਾ ਸਿੰਘ ਨੂੰ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਦੇਖਿਆ ਗਿਆ ਕਿ ਉਹ ਉਨ੍ਹਾਂ ਨਾਲ ਕੰਮ ਕਰਨ ਲਈ ਬਹੁਤ ਉਤਸ਼ਾਹਿਤ ਹੈ, ਉਨ੍ਹਾਂ ਨੇ ਦੱਸਿਆ ਕਿ ਫ਼ਿਲਮ ਦੀ ਕਾਸਟਿੰਗ ਦੌਰਾਨ, ਮੈਂ ਸਿਰਫ਼ ਇੱਕ ਸਵਾਲ ਪੁੱਛਿਆ ਸੀ - 'ਸਭ ਕੁਝ ਛੱਡੋ, ਮੈਨੂੰ ਦੱਸੋ ਕਿ ਦਿਲਜੀਤ ਦਾ ਮੇਰੇ ਨਾਲ ਕੋਈ ਸੀਨ ਹੈ ਜਾਂ ਨਹੀਂ।' ਇਹ ਸੁਣ ਕੇ ਉੱਥੇ ਮੌਜੂਦ ਸਾਰੇ ਲੋਕ ਹੱਸਣ ਲੱਗ ਪਏ।

'ਬਾਰਡਰ 2' ਵਿੱਚ ਸੰਨੀ ਦਿਓਲ, ਸੁਨੀਲ ਸ਼ੈੱਟੀ ਦੇ ਪੁੱਤਰ ਅਹਾਨ ਸ਼ੈੱਟੀ, ਵਰੁਣ ਧਵਨ ਵਰਗੇ ਸਿਤਾਰੇ ਦਿਲਜੀਤ ਦੋਸਾਂਝ ਨਾਲ ਨਜ਼ਰ ਆਉਣਗੇ। ਇਨ੍ਹਾਂ ਸਾਰਿਆਂ ਦੀ ਜੋੜੀ ਦਰਸ਼ਕਾਂ ਲਈ ਇੱਕ ਨਵਾਂ ਅਤੇ ਸ਼ਕਤੀਸ਼ਾਲੀ ਅਨੁਭਵ ਲਿਆਏਗੀ। ਇਹ ਫ਼ਿਲਮ ਅਗਲੇ ਸਾਲ 23 ਜਨਵਰੀ 2026 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

ਤੁਹਾਨੂੰ ਦੱਸ ਦੇਈਏ ਕਿ ਪਿਛਲੇ ਕੁਝ ਸਮੇਂ ਤੋਂ ਦਿਲਜੀਤ ਆਪਣੀ ਫ਼ਿਲਮ 'ਸਰਦਾਰਜੀ 3' ਲਈ ਖ਼ਬਰਾਂ ਵਿੱਚ ਹਨ, ਜਿਸ ਵਿੱਚ ਉਨ੍ਹਾਂ ਨੇ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਨਾਲ ਕੰਮ ਕੀਤਾ ਹੈ। ਇਸ ਬਾਰੇ ਕਈ ਅਫ਼ਵਾਹਾਂ ਸਨ ਕਿ ਉਨ੍ਹਾਂ ਨੂੰ 'ਬਾਰਡਰ 2' ਤੋਂ ਹਟਾ ਦਿੱਤਾ ਜਾ ਸਕਦਾ ਹੈ। ਪਰ ਹੁਣ ਸ਼ੂਟਿੰਗ ਅਤੇ ਸੈੱਟ ਤੋਂ ਇਸ ਵੀਡੀਓ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਦਿਲਜੀਤ ਅਜੇ ਵੀ ਫ਼ਿਲਮ ਦੀ ਮੁੱਖ ਭੂਮਿਕਾ ਵਿੱਚ ਹਨ ਅਤੇ ਪੂਰੀ ਊਰਜਾ ਨਾਲ ਕੰਮ ਕਰ ਰਹੇ ਹਨ।

## ਕੀ ਬੇਅਦਬੀ ਬਾਰੇ ਸਰਕਾਰ ਇਨਸਾਫ਼ ਕਰੇਗੀ

ਸਾਢੇ ਤਿੰਨ ਸਾਲ ਬੀਤ ਗਏ ਹਨ, ਪਰ ਅਜੇ ਤੱਕ ਕੁਝ ਨਹੀਂ ਮਿਲਿਆ।

2018 ਵਿੱਚ ਵੀ ਇੱਕ ਕਾਨੂੰਨ ਬਣਾਇਆ ਗਿਆ ਸੀ ਤੇ ਕੇਂਦਰ ਨੂੰ ਭੇਜਿਆ ਗਿਆ ਸੀ, ਪਰ ਕੁਝ ਨਹੀਂ ਹੋਇਆ। ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਵਿਚਕਾਰ ਹੋਈ ਮੁਲਾਕਾਤ ਬਾਰੇ ਦੱਸਿਆ ਗਿਆ ਹੈ। ਇੱਕ ਪੁਲਿਸ ਅਧਿਕਾਰੀ ਖਟੜਾ ਸੀ, ਜਿਸ ਨੇ ਆਪਣੀ ਡਿਊਟੀ ਨਿਭਾਈ। ਦੂਜੇ ਗਗਨ ਪ੍ਰਦੀਪ ਬਲ ਨੇ ਜਿਨ੍ਹਾਂ ਕੇਸ ਲੜਿਆ। ਅੱਜ ਵੀ ਉਹ ਲੋਕ ਇੱਥੇ ਹਨ। ਉਨ੍ਹਾਂ ਨੂੰ ਬੁਲਾਓ ਤੇ ਪੁੱਛੋ ਕਿ ਕੀ ਹੋਇਆ? ਅੱਜ ਜੋ ਬਿੱਲ ਲਿਆਂਦਾ ਗਿਆ ਹੈ ਉਹ 2018 ਦੇ ਬਿੱਲ ਵਰਗਾ ਹੀ ਹੈ।

ਭਾਜਪਾ ਵਿਧਾਇਕ ਜੰਗੀ ਲਾਲ ਮਹਾਜਨ ਨੇ ਬਿੱਲ ਦਾ ਸਮਰਥਨ ਕਰਦਿਆਂ ਸੁਝਾਅ ਦਿੱਤਾ ਕਿ ਸਨਾਤਨ ਧਰਮ ਦੀ ਮੂਰਤੀ ਪੂਜਾ ਅਤੇ ਪ੍ਰਾਣ ਪ੍ਰਤਿਸ਼ਠਾ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਦਾ ਸਤਿਕਾਰ ਤੇ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ। ਸਾਰੀਆਂ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਕਾਨੂੰਨ ਪਾਸ ਕਰਵਾਉਣਾ ਚਾਹੀਦਾ ਹੈ।

ਵਿਧਾਨ ਸਭਾ ਵਿੱਚ ਬੇਅਦਬੀ ਖ਼ਿਲਾਫ਼ ਬਿੱਲ ’ਤੇ ਬਹਿਸ ਕਰਦਿਆਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਕਿਹਾ ਕਿ ਜੇ ਪਹਿਲਾਂ ਅਜਿਹੇ ਕਾਨੂੰਨ ਬਣਦੇ ਤਾਂ ਬਰਗਾੜੀ ਅਤੇ ਕੋਟਕਪੂਰਾ ਵਰਗੇ ਕਾਂਡ ਨਾ ਵਾਪਰਦੇ। ਡਾ. ਅੰਬੇਡਕਰ ਅਤੇ ਸਰਦਾਰ ਭਗਤ ਸਿੰਘ ਸਾਡੇ ਉਹ ਨਾਇਕ ਹਨ ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਪੰਨੂ ਵਰਗੇ ਲੋਕ ਸਾਡੇ ਇਨ੍ਹਾਂ ਨਾਇਕਾਂ ਦਾ ਅਪਮਾਨ ਕਰਦੇ ਹਨ ਲਿਹਾਜ਼ਾ, ਅਜਿਹੀ ਤਜਵੀਜ਼ ਹੋਣੀ ਚਾਹੀਦੀ ਹੈ ਕਿ ਸਾਡੇ ਨਾਇਕ, ਜਿਨ੍ਹਾਂ ਦੀ ਬਦੌਲਤ ਅਸੀਂ ਇਥੋਂ ਤਕ ਪਹੁੰਚੇ ਹਾਂ, ਨੂੰ ਵੀ ਬੇਅਦਬੀ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਚਕਾਰ ਬਹਿਸ ਨੇ ਸਦਨ ਦਾ ਮਾਹੌਲ ਗਰਮ ਕਰ ਦਿੱਤਾ। ਵਿੱਤ ਮੰਤਰੀ ਨੇ ਕਿਹਾ 1986 ਵਿੱਚ ਨਕੋਦਰ ਕਾਂਡ ਵਿੱਚ ਪੁਲੀਸ ਫ਼ਾਇਰਿੰਗ ’ਚ ਚਾਰ ਨੌਜਵਾਨ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਇੱਕ ਨੌਜਵਾਨ ਬਲਧੀਰ ਸਿੰਘ ਪਿੰਡ ਰਾਮਗੜ੍ਹ ਦਾ ਸੀ ਜਿੱਥੋਂ ਦੇ ਸੁਖਪਾਲ ਖਹਿਰਾ ਹਨ। ਉਨ੍ਹਾਂ ਕਿਹਾ ਕਿ ਪਿੰਡ ਰਾਮਗੜ੍ਹ ਵਿੱਚ ਬਲਧੀਰ ਸਿੰਘ ਦਾ ਯਾਦਗਾਰੀ ਗੇਟ ਬਣਾਏ ਜਾਣ ਮੌਕੇ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਨੇ ਵਿਰੋਧ ਕੀਤਾ ਸੀ। ਚੀਮਾ ਨੇ ਕਿਹਾ ਕਿ 1986 ਦੀ ਇਸ ਘਟਨਾ ਦੇ ਮਾਮਲੇ ਵਿੱਚ ਹਾਲੇ ਤੱਕ ਐੱਫ਼.ਆਈ.ਆਰ. ਵੀ ਦਰਜ ਨਹੀਂ ਹੋਈ ਹੈ ਅਤੇ ਉਸ ਵੇਲੇ ਦੀ ਸਰਕਾਰ ਵਿੱਚ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਸਿੱਖਿਆ ਮੰਤਰੀ ਸਨ। ਇਸ ਮਗਰੋਂ ਖਹਿਰਾ ਭੜਕ ਉੱਠੇ। ਖਹਿਰਾ ਨੇ ਕਿਹਾ ਕਿ ਚੀਮਾ ਵੱਲੋਂ ਪਿੰਡ ਰਾਮਗੜ੍ਹ ਦੇ ਕਿਸੇ ਜ਼ਮਾਨਤ ਜ਼ਬਤ ਬੰਦੇ ਵੱਲੋਂ ਦਿੱਤੇ ਗ਼ਲਤ ਤੱਥ ਸਦਨ ਵਿੱਚ ਪੇਸ਼ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲੈਕ ਥੰਡਰ ਦੇ ਵਿਰੋਧ ਵਿੱਚ ਉਨ੍ਹਾਂ ਦੇ ਪਿਤਾ ਸੁਖਜਿੰਦਰ ਸਿੰਘ ਅਤੇ ਅਮਰਿੰਦਰ ਸਿੰਘ ਨੇ ਵਜ਼ਾਰਤ ਤੋਂ ਅਸਤੀਫ਼ੇ ਦਿੱਤੇ ਸਨ।

ਚੀਮਾ ਨੇ ਉਸ ਮਗਰੋਂ ਖਹਿਰਾ ’ਤੇ ਡਰੱਗ ਤਸਕਰਾਂ ਨਾਲ ਸਬੰਧਾਂ ਦੇ ਇਲਜ਼ਾਮ ਲਾ ਦਿੱਤੇ ਅਤੇ 2015 ਦੇ ਡਰੱਗ ਕੇਸ ਦਾ ਹਵਾਲਾ ਦਿੱਤਾ। ਚੀਮਾ ਨੇ ਕਿਹਾ ਕਿ ਇਸੇ ਡਰੱਗ ਕੇਸ ਕਰਕੇ ਖਹਿਰਾ ਤਤਕਾਲੀ ਅਕਾਲੀ ਸਰਕਾਰ ਮੌਕੇ ਬਾਦਲਾਂ ਅਤੇ ਮਜੀਠੀਆ ਦੇ ਪੈਰੀਂ ਪੈਂਦੇ ਰਹੇ ਸਨ। ਜਦੋਂ ਸਦਨ ਵਿੱਚ ਕਾਫ਼ੀ ਰੌਲਾ-ਰੱਪਾ ਵਧ ਗਿਆ ਤਾਂ ਸਪੀਕਰ ਨੇ ਖਹਿਰਾ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਤਾੜਨਾ ਵੀ ਕੀਤੀ।

ਦੂਜੇ ਪਾਸੇ ‘ਆਪ’ ਵਿਧਾਇਕ ਅਮਨ ਅਰੋੜਾ ਨੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਤੇ ਕਿਹਾ ਕਿ ਅਸੀਂ ਐਫ਼.ਆਈ.ਆਰ. ਦਰਜ ਕੀਤੀਆਂ, ਐਸ.ਆਈ.ਟੀ. ਬਣਾਈ, ਬਾਦਲਾਂ ਨੂੰ ਦੋਸ਼ੀ ਬਣਾਇਆ, ਜੋ ਪਹਿਲੀਆਂ ਸਰਕਾਰਾਂ ਨਹੀਂ ਕਰ ਸਕੀਆਂ। ਪਰ ਵਿਰੋਧੀਆਂ ਨੇ ਇਸ ਨੂੰ ਸਿਆਸੀ ਡਰਾਮਾ ਕਿਹਾ।

ਇਸ ਦੌਰਾਨ ਸਦਨ ਵਿੱਚ 19 ‘ਆਪ’ ਅਤੇ 6 ਕਾਂਗਰਸੀ ਵਿਧਾਇਕਾਂ ਦੀ ਗੈਰਹਾਜ਼ਰੀ ਨੇ ਵੀ ਸਵਾਲ ਖੜ੍ਹੇ ਕੀਤੇ ਕਿ ਇਹ ਰਾਜਨੀਤਕ ਲੋਕ ਪੰਜਾਬ ਦੇ ਮੁੱਦਿਆਂ ਬਾਰੇ ਕਿੰਨੇ ਕੁ ਸੁਹਿਰਦ ਹਨ?

ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਦੀ ਸਖ਼ਤ ਚਿਤਾਵਨੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਬਿੱਲ ’ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਨੇ ਆਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜੀਵਤ ਗੁਰੂ ਹਨ, ਕੋਈ ਸਧਾਰਨ ਕਿਤਾਬ ਨਹੀਂ। ਇਸ ਨੂੰ ਹੋਰ ਧਰਮਾਂ ਦੇ ਗ੍ਰੰਥਾਂ ਨਾਲ ਜੋੜਨਾ ਸਿੱਖ ਭਾਵਨਾਵਾਂ ’ਤੇ ਸੱਟ ਮਾਰਨ ਵਰਗਾ ਹੈ। ਉਨ੍ਹਾਂ ਨੇ ਸਰਕਾਰ ਦੀ ਨੀਅਤ ’ਤੇ ਸਵਾਲ ਉਠਾਉਂਦਿਆਂ ਕਿਹਾ, ਜਦੋਂ ਤੱਕ ਬਰਗਾੜੀ ਤੇ ਬਹਿਬਲ-ਕੋਟਕਪੂਰਾ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਸਰਕਾਰ ਦੀ ਗੱਲ ’ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ਼੍ਰੋਮਣੀ ਅਕਾਲੀ ਦਲ ਵਾਰਿਸ ਨੇ ਵੱਖ ਵੱਖ ਬਿਆਨਾਂ ਵਿੱਚ ਪੰਜਾਬ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਲਈ ਵੱਖਰਾ ਕਾਨੂੰਨ ਨਾ ਬਣਿਆ, ਤਾਂ ਸਾਂਝਾ ਕਾਨੂੰਨ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਤੇ ਮਹਾਨਤਾ ਨੂੰ ਘਟਾਏਗਾ। ਉਨ੍ਹਾਂ ਨੇ ਮੰਗ ਕੀਤੀ ਕਿ 2015 ਦੀਆਂ ਬੇਅਦਬੀ ਘਟਨਾਵਾਂ ਦੇ ਦੋਸ਼ੀਆਂ ਨੂੰ ਜਲਦ ਸਜ਼ਾ ਦਿੱਤੀ ਜਾਵੇ, ਨਹੀਂ ਤਾਂ ਇਹ ਮਸਲਾ ਸਮਾਜਿਕ ਤੇ ਸਿਆਸੀ ਤੂਫ਼ਾਨ ਦਾ ਰੂਪ ਲੈ ਸਕਦਾ ਹੈ।

***

## ਨਕੋਦਰ ਬੇਅਦਬੀ ਕਾਂਡ ਬਾਰੇ ਗੁੰਮ ਰਿਪੋਰਟ ਲਈ

ਕਿਉਂਕਿ ਇਹ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ) ਦੀਆਂ ਧਾਰਾਵਾਂ ਨਾਲ ਮੇਲ ਨਹੀਂ ਖਾਂਦਾ ਸੀ। ਹੁਣ, ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਲਾਗੂ ਹੋਣ ਕਾਰਨ, ਨਵੇਂ ਸਿਰੇ ਤੋਂ ਬਿੱਲ ਤਿਆਰ ਕਰਨ ਦੀ ਲੋੜ ਹੈ, ਜੋ ਕੇਂਦਰ ਦੀ ਪ੍ਰਵਾਨਗੀ ਵੀ ਪਾ ਸਕੇ।

ਅਸਲ ਵਿੱਚ ਇਹ ਮਸਲਾ ਸਿਰਫ਼ ਕਾਨੂੰਨ ਦਾ ਨਹੀਂ, ਸਗੋਂ ਸਿੱਖ ਪੰਥ ਦੀਆਂ ਭਾਵਨਾਵਾਂ ਦਾ ਹੈ, ਜਿਸ ਦਾ ਹੱਲ ਸਰਕਾਰ ਨੂੰ ਜਲਦ ਲੱਭਣਾ ਹੋਵੇਗਾ।

***

## ਸ਼ੇਰਾਂ ਨੂੰ ਪਾਲਤੂ ਜਾਨਵਰ ਵਜੋਂ

ਪੰਜੇ ਕੱਟਦੇ ਹਨ, ਉਨ੍ਹਾਂ ਨੂੰ ਹਮੇਸ਼ਾ ਬੇਹੋਸ਼ ਰੱਖਿਆ ਜਾਂਦਾ ਹੈ ਅਤੇ ਸਿਰਫ ਫੋਟੋਆਂ ਖਿੱਚਣ ਲਈ ਵਰਤਿਆ ਜਾਂਦਾ ਹੈ।’ ਸ਼ੇਰ ਦੇ ਬੱਚਿਆਂ ਦੇ ਤਿੱਖੇ ਪੰਜੇ ਬਚਪਨ ਵਿੱਚ ਹੀ ਕੱਟ ਦਿੱਤੇ ਜਾਂਦੇ ਹਨ ਤਾਂ ਜੋ ਉਹ ਕਿਸੇ ਨੂੰ ਨੁਕਸਾਨ ਨਾ ਪਹੁੰਚਾ ਸਕਣ ਪਰ ਇਸ ਦਰਦਨਾਕ ਪ੍ਰਕਿਰਿਆ ਕਾਰਨ ਸ਼ੇਰ ਹੋਰ ਹਮਲਾਵਰ ਹੋ ਜਾਂਦੇ ਹਨ। ਉਨ੍ਹਾਂ ਨੂੰ ਸ਼ਾਂਤ ਰੱਖਣ ਲਈ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ।

ਸ਼ੇਰ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐਮ.ਐਲ.ਐਨ.) ਦਾ ਚੋਣ ਚਿੰਨ੍ਹ ਹੈ, ਜੋ ਕਿ ਪਾਕਿਸਤਾਨ ਦੀਆਂ ਤਿੰਨ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਵਿੱਚੋਂ ਇੱਕ ਹੈ। ਪਾਰਟੀ ਦੇ ਸੰਸਥਾਪਕ ਨਵਾਜ਼ ਸ਼ਰੀਫ ਤਿੰਨ ਵਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ। ਸ਼ੇਰ ਨੂੰ ਅਕਸਰ ਪਾਰਟੀ ਦੀਆਂ ਰਾਜਨੀਤਿਕ ਰੈਲੀਆਂ ਵਿੱਚ ਦੇਖਿਆ ਗਿਆ ਹੈ। ਹੀਰਾ ਜਲੀਲ ਦੱਸਦੀ ਹੈ, ‘ਲੋਕਾਂ ਨੇ ਸਿਆਸੀ ਰੈਲੀਆਂ ਵਿੱਚ ਬਾਘਾਂ ਅਤੇ ਸ਼ੇਰਾਂ ਨੂੰ ਲਿਆਉਣਾ ਸ਼ੁਰੂ ਕਰ ਦਿੱਤਾ ਅਤੇ ਫਿਰ ਇਹ ਸੱਤਾਧਾਰੀ ਪਾਰਟੀ ਜਾਂ ਲੋਕਾਂ ਦੀ ਮਨਪਸੰਦ ਪਾਰਟੀ ਨਾਲ ਏਕਤਾ ਦਿਖਾਉਣ ਦਾ ਇੱਕ ਤਰੀਕਾ ਬਣ ਗਿਆ।’ ਇਸ ਸਾਲ ਪਾਕਿਸਤਾਨ ਵਿੱਚ ਸ਼ੇਰਾਂ ਅਤੇ ਬਾਘਾਂ ਸੰਬੰਧੀ ਨਵੇਂ ਨਿਯਮ ਲਾਗੂ ਕੀਤੇ ਗਏ ਸਨ, ਜਿਸ ਅਨੁਸਾਰ ਜੇਕਰ ਕੋਈ ਲਾਇਸੈਂਸ ਲੈਂਦਾ ਹੈ ਅਤੇ ਸ਼ੇਰ ਰੱਖਣ ਲਈ ਸਹੀ ਆਕਾਰ ਦਾ ਪਿੰਜਰਾ ਖਰੀਦਦਾ ਹੈ, ਤਾਂ ਉਹ ਪਾਲਤੂ ਸ਼ੇਰ ਜਾਂ ਬਾਘ ਰੱਖ ਸਕਦਾ ਹੈ। ਪਾਕਿਸਤਾਨ ਵਿੱਚ ਬਿਨਾਂ ਲਾਇਸੈਂਸ ਦੇ ਸ਼ੇਰ ਰੱਖਣ ’ਤੇ ਸੱਤ ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

***

## ਸਤਲੁਜ ਯਮੁਨਾ ਲਿੰਕ ਨਹਿਰ

ਭਾਵੇਂ ਵੇਈਂ ਨਦੀ ਦੀ ਇਤਿਹਾਸਿਕ ਮਹੱਤਤਾ ਨੂੰ ਦੇਖਦਿਆਂ ਸੰਤ ਸੀਚੇਵਾਲ ਨੇ ਇਸ ਨੂੰ ਸਾਫ਼ ਸੁਥਰਾ ਬਨਾਉਣ ਦਾ ਉਪਰਾਲਾ ਕੀਤਾ ਹੈ ਪਰ ਪੰਜਾਬ ਦੇ ਬਾਕੀ ਬਰਸਾਤੀ ਨਦੀਆਂ ਤੇ ਬਰਸਾਤੀ ਨਾਲਿਆਂ ਦਾ ਪਾਣੀ ਕਾਫ਼ੀ ਹੱਦ ਤੱਕ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ।

ਹੁਣ ਸਭ ਦੀਆਂ ਨਜ਼ਰਾਂ ਸਤਲੁਜ ਯਮੁਨਾ ਲਿੰਕ ਨਹਿਰ ਸਬੰਧੀ 5 ਅਗਸਤ ਨੂੰ ਹੋਣ ਵਾਲੀ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵੱਲ ਲੱਗੀਆਂ ਹੋਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਦਾਅਵਾ ਕਰ ਰਹੇ ਹਨ ਕਿ ਕਿਸੇ ਨੂੰ ਵੀ ਪੰਜਾਬ ਦੇ ਪਾਣੀਆਂ ’ਤੇ ਡਾਕਾ ਨਹੀਂ ਮਾਰਨ ਦੇਣਗੇ ਅਤੇ ਪੰਜਾਬ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਅਗਲੀ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਲਈ ਕੀ ਫ਼ਾਰਮੂਲਾ ਪੇਸ਼ ਕਰਦੇ ਹਨ?

***

## ਪੰਜਾਬ ਦੇ ਵਪਾਰੀਆਂ ਨਾਲ ਵਿਤਕਰਾ ਕਿਉਂ?

ਅਲ ਅਦਿਲ ਗਰੁੱਪ ਭਾਰਤ-ਮੂਲ ਦਾ ਹੈ, ਯੂ.ਏ.ਈ. ਉੱਪਰ ਅਧਾਰਿਤ ਹੈ ਜੋ ਕਿ ਭਾਰਤੀ ਮਸਾਲੇ, ਰਾਈਸ, ਆਟਾ ਦੁਬਈ ਤੋਂ ਕਰਾਚੀ ਭੇਜਦਾ ਹੈ। ਭਾਰਤ ਤੋਂ ਭੇਜੇ ਗਏ ਸਮਾਨ ਨੂੰ ਯੂ.ਏ.ਈ. ਵਿੱਚ ਰੀਪੈਕ ਕਰਕੇ ਭੇਜਿਆ ਜਾਂਦਾ ਹੈ

ਇਸ ਤੋਂ ਇਲਾਵਾ ਭਾਰਤ ਦੀਆਂ ਹੋਰ ਕਾਰਪੋਰੇਟ ਕੰਪਨੀਆਂ ਸਰਗਰਮ ਹਨ ਪਰ ਪੰਜਾਬ ਦੇ ਵਪਾਰੀਆਂ ਲਈ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਵਪਾਰ ਇੰਨੇ ਵੱਡੇ ਪੱਧਰ ’ਤੇ ਹੋ ਰਿਹਾ ਹੈ, ਤਾਂ ਹੁਸੈਨੀਵਾਲਾ ਅਤੇ ਬਾਘਾ ਬਾਰਡਰ ਵਰਗੇ ਸਰਹੱਦੀ ਰਸਤੇ ਵਪਾਰ ਲਈ ਕਿਉਂ ਬੰਦ ਹਨ?

ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਦੇ ਵਪਾਰੀਆਂ ਦਾ ਕਹਿਣਾ ਹੈ ਕਿ ਹੁਸੈਨੀਵਾਲਾ ਅਤੇ ਬਾਘਾ ਬਾਰਡਰ ’ਤੇ ਵਪਾਰ ਬੰਦ ਹੋਣ ਕਾਰਨ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਗਿਆ ਹੈ। ਇਹ ਬਾਰਡਰ ਪੰਜਾਬ ਦੇ ਵਪਾਰ ਦਾ ਮੁੱਖ ਰਸਤਾ ਸਨ, ਜਿੱਥੋਂ ਸਬਜ਼ੀਆਂ, ਫ਼ਲ, ਸੁੱਕੇ ਮੇਵੇ ਅਤੇ ਹੋਰ ਸਾਮਾਨ ਪਾਕਿਸਤਾਨ ਨੂੰ ਭੇਜਿਆ ਜਾਂਦਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ, ਖਾਸ ਕਰਕੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਸਰਕਾਰ ਨੇ ਇਨ੍ਹਾਂ ਰਸਤਿਆਂ ’ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ। ਸਰਕਾਰ ਨੇ ਪਾਕਿਸਤਾਨ ਨਾਲ ਡਾਕ ਸੇਵਾਵਾਂ, ਹਵਾਈ ਅਤੇ ਜ਼ਮੀਨੀ ਮਾਰਗਾਂ ਰਾਹੀਂ ਵਪਾਰ ਨੂੰ ਮੁਅੱਤਲ ਕਰ ਦਿੱਤਾ, ਜਿਸ ਨਾਲ ਪੰਜਾਬ ਦੇ ਵਪਾਰੀਆਂ ਤੇ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗਾ। ਇਸ ਦੇ ਨਾਲ ਹੀ, ਭਾਰਤ ਨੇ ਪਾਕਿਸਤਾਨੀ ਬੇੜਿਆਂ ਨੂੰ ਭਾਰਤੀ ਬੰਦਰਗਾਹਾਂ ’ਤੇ ਦਾਖਲ ਹੋਣ ’ਤੇ ਪਾਬੰਦੀ ਲਗਾਈ ਅਤੇ ਭਾਰਤੀ ਬੇੜਿਆਂ ਨੂੰ ਪਾਕਿਸਤਾਨੀ ਬੰਦਰਗਾਹਾਂ ’ਤੇ ਜਾਣ ਤੋਂ ਰੋਕ ਦਿੱਤਾ। ਪਾਕਿਸਤਾਨ ਨੇ ਵੀ ਜਵਾਬੀ ਕਾਰਵਾਈ ਵਿੱਚ ਭਾਰਤੀ ਝੰਡੇ ਵਾਲੇ ਬੇੜਿਆਂ ਲਈ ਆਪਣੀਆਂ ਬੰਦਰਗਾਹਾਂ ਬੰਦ ਕਰ ਦਿੱਤੀਆਂ। ਪਰ ਇਸ ਸਭ ਦੇ ਬਾਵਜੂਦ, ਵਪਾਰ ਤੀਜੇ ਮੁਲਕਾਂ ਰਾਹੀਂ ਜਾਰੀ ਹੈ, ਜਿਸ ਵਿੱਚ ਪੰਜਾਬ ਦਾ ਕੋਈ ਹਿੱਸਾ ਨਹੀਂ।

***

## ਇਜ਼ਰਾਇਲ ਦੇ ਹਵਾਈ ਹਮਲਿਆਂ ਕਾਰਨ

ਹਮਲਿਆਂ ਵਿੱਚ ਨਾਗਰਿਕ ਖੇਤਰਾਂ, ਜਿਵੇਂ ਸਕੂਲਾਂ, ਹਸਪਤਾਲਾਂ ਅਤੇ ਸ਼ਰਨਾਰਥੀ ਕੈਂਪਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਕਿ ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ। ਹਮਾਸ ਦੁਆਰਾ ਸੰਚਾਲਿਤ ਗ਼ਾਜ਼ਾ ਦੇ ਸਿਹਤ ਮੰਤਰਾਲੇ ਦੇ ਅਨੁਸਾਰ, 7 ਅਕਤੂਬਰ 2023 ਤੋਂ ਲੈ ਕੇ ਜੁਲਾਈ 2025 ਤੱਕ ਗ਼ਾਜ਼ਾ ਵਿੱਚ 56,000 ਤੋਂ ਵੱਧ ਫ਼ਲਸਤੀਨੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 4,506 ਬੱਚੇ, 3,027 ਔਰਤਾਂ ਅਤੇ 678 ਬਜ਼ੁਰਗ ਸ਼ਾਮਲ ਹਨ। ਇਸ ਤੋਂ ਇਲਾਵਾ, 21,048 ਲੋਕ ਜ਼ਖਮੀ ਹੋਏ ਹਨ ਅਤੇ 1,950 ਲੋਕ, ਜਿਨ੍ਹਾਂ ਵਿੱਚ 1,050 ਬੱਚੇ ਸ਼ਾਮਲ ਹਨ, ਲਾਪਤਾ ਹਨ। 29 ਜੂਨ 2025 ਨੂੰ ਇੱਕ ਹੋਰ ਭਿਆਨਕ ਹਮਲੇ ਵਿੱਚ 81 ਫ਼ਲਸਤੀਨੀ ਮਾਰੇ ਗਏ ਸਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਸਨ।

ਯੂ.ਐਨ. ਅਤੇ ਅਮਰੀਕਾ ਦੀ ਚੁੱਪ: ਇੱਕ ਸਵਾਲ

ਸੰਯੁਕਤ ਰਾਸ਼ਟਰ (ਯੂ.ਐਨ.) ਅਤੇ ਅਮਰੀਕਾ ਦੀ ਇਸ ਮਸਲੇ ’ਤੇ ਚੁੱਪ ਨੇ ਵਿਸ਼ਵ ਭਰ ਵਿੱਚ ਗੁੱਸੇ ਨੂੰ ਹੋਰ ਵਧਾ ਦਿੱਤਾ ਹੈ। ਯੂਨੀਸੇਫ਼ ਵਰਗੀਆਂ ਸੰਸਥਾਵਾਂ ਨੇ ਬੱਚਿਆਂ ਦੀਆਂ ਮੌਤਾਂ ’ਤੇ ਚਿੰਤਾ ਜਤਾਈ ਹੈ ਅਤੇ ਗ਼ਾਜ਼ਾ ਨੂੰ ‘ਬੱਚਿਆਂ ਲਈ ਸਭ ਤੋਂ ਖਤਰਨਾਕ ਜਗ੍ਹਾ’ ਦੱਸਿਆ ਹੈ, ਪਰ ਯੂ.ਐਨ. ਸੁਰੱਖਿਆ ਪ੍ਰੀਸ਼ਦ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਹੋਈ। ਅਮਰੀਕਾ, ਜੋ ਇਜ਼ਰਾਇਲ ਦਾ ਸਭ ਤੋਂ ਵੱਡਾ ਸਹਿਯੋਗੀ ਹੈ, ਨੇ ਵੀ ਇਹਨਾਂ ਹਮਲਿਆਂ ਦੀ ਸਖ਼ਤ ਨਿਖੇਧੀ ਕਰਨ ਦੀ ਬਜਾਏ ਅਕਸਰ ਇਜ਼ਰਾਇਲ ਦੇ ‘ਆਤਮ-ਰੱਖਿਆ’ ਦੇ ਅਧਿਕਾਰ ਦੀ ਹਮਾਇਤ ਕੀਤੀ ਹੈ। 21 ਮਈ 2025 ਨੂੰ ਯੂ.ਐਨ. ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ 48 ਘੰਟਿਆਂ ਵਿੱਚ ਗ਼ਾਜ਼ਾ ਦੇ ਯੁੱਧ-ਗ੍ਰਸਿਤ ਇਲਾਕਿਆਂ ਵਿੱਚ ਸਹਾਇਤਾ ਨਾ ਪਹੁੰਚੀ, ਤਾਂ 14,000 ਬੱਚੇ ਭੁੱਖ ਨਾਲ ਮਰ ਸਕਦੇ ਹਨ। ਪਰ ਇਸ ਚਿਤਾਵਨੀ ਦੇ ਬਾਵਜੂਦ, ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਨੇ ਇਜ਼ਰਾਇਲ ’ਤੇ ਦਬਾਅ ਪਾਉਣ ਦੀ ਬਜਾਏ ਚੁੱਪ ਸਾਧੀ ਰੱਖੀ ਹੈ।

***

## ਕੀ ਕਹਿੰਦੀਆਂ ਹਨ ਅੰਤਰਰਾਸ਼ਟਰੀ ਅਖ਼ਬਾਰਾਂ

ਰਾਈਟਸ ਗਰੁੱਪ ਡਿਫ਼ੈਂਸ ਫ਼ਾਰ ਚਿਲਡਰਨ ਇੰਟਰਨੈਸ਼ਨਲ-ਫ਼ਲਸਤੀਨ ਨੇ ਕਿਹਾ ਕਿ 2023 ਵਿੱਚ 1,873 ਬੱਚੇ ਮਾਰੇ ਗਏ, ਜਿਨ੍ਹਾਂ ਵਿੱਚ 40% ਮੌਤਾਂ ਬੱਚਿਆਂ ਦੀਆਂ ਸਨ। ਹਿਊਮਨ ਰਾਈਟਸ ਵਾਚ ਨੇ ਆਪਣੀ ਇੱਕ ਰਿਪੋਰਟ ਵਿੱਚ ਦੱਸਿਆ ਕਿ ਇਜ਼ਰਾਇਲੀ ਹਮਲਿਆਂ ਨੇ ਗ਼ਾਜ਼ਾ ਦੀ ਸਿਹਤ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ, ਜਿਸ ਕਾਰਨ ਜ਼ਖਮੀਆਂ ਨੂੰ ਸਹੀ ਸਮੇਂ ’ਤੇ ਇਲਾਜ ਨਹੀਂ ਮਿਲ ਰਿਹਾ। ਯੂਨੀਸੇਫ਼ ਨੇ ਚਿਤਾਵਨੀ ਦਿੱਤੀ ਕਿ ਗ਼ਾਜ਼ਾ ਵਿੱਚ ਹਰ ਰੋਜ਼, ਹਰ ਘੰਟੇ, ਕਿਤੇ ਨਾ ਕਿਤੇ ਇੱਕ ਬੱਚਾ ਮਾਰਿਆ ਜਾ ਰਿਹਾ ਹੈ ਜਾਂ ਜ਼ਖਮੀ ਹੋ ਰਿਹਾ ਹੈ। ਸਕੂਲ, ਹਸਪਤਾਲ ਅਤੇ ਸ਼ਰਨਾਰਥੀ ਕੈਂਪ ਵਰਗੀਆਂ ਜਗ੍ਹਾਵਾਂ, ਜੋ ਸੁਰੱਖਿਅਤ ਹੋਣੀਆਂ ਚਾਹੀਦੀਆਂ ਸਨ, ਹੁਣ ਮੌਤ ਦੇ ਮੈਦਾਨ ਬਣ ਚੁੱਕੀਆਂ ਹਨ।

***

## ਕੀ ਹੋਵੇਗਾ ਪੰਥਕ ਸਿਆਸਤ ਦਾ

ਪੰਜਾਬ ਵਿੱਚ ਪੱਕੀਆਂ ਪੰਥਕ ਵੋਟਾਂ ਦੀ ਗਿਣਤੀ ਬਹੁਤ ਹੈ, ਇਹ ਪੰਥਕ ਵੋਟਾਂ ਕਿਸੇ ਵੀ ਪਾਰਟੀ ਦੀ ਜਿੱਤ ਹਾਰ ਨੂੰ ਬਦਲ ਸਕਦੀਆਂ ਹਨ ਅਤੇ ਪੰਥਕ ਵੋਟਾਂ ਕਾਰਨ ਪੰਜਾਬ ਦੀ ਸਿਆਸਤ ਦੇ ਸਮੀਕਰਨ ਵੀ ਬਦਲ ਸਕਦੇ ਹਨ। ਸਿੱਖਾਂ ਅਤੇ ਪੰਥ ਦੀ ਸਿਆਸੀ ਪਾਰਟੀ ਕਹਾਉਣ ਵਾਲੇ ਅਕਾਲੀ ਦਲ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਈ ਸਾਲ ਪਹਿਲਾਂ ਮੋਗਾ ਵਿਖੇ ਰੈਲੀ ਦੌਰਾਨ ਪੰਥਕ ਪਾਰਟੀ ਤੋਂ ਪੰਜਾਬ ਪਾਰਟੀ ਦਾ ਰੂਪ ਦੇ ਦਿੱਤਾ ਸੀ ਅਤੇ ਕਿਹਾ ਸੀ ਕਿ ਅਕਾਲੀ ਦਲ ਸਿਰਫ਼ ਪੰਥ ਜਾਂ ਸਿੱਖਾਂ ਦੀ ਪਾਰਟੀ ਨਹੀਂ ਸਗੋਂ ਸਾਰੇ ਪੰਜਾਬੀਆਂ ਦੀ ਪਾਰਟੀ ਹੈ। ਉਸ ਤੋਂ ਬਾਅਦ ਅਕਾਲੀ ਦਲ ਵਿੱਚ ਟਕਸਾਲੀ ਪੰਥਕ ਆਗੂਆਂ ਦੀ ਥਾਂ ਹੋਰਨਾਂ ਧਰਮਾਂ ਦੇ ਆਗੂਆਂ ਨੂੰ ਅਹਿਮ ਅਹੁਦੇ ਦਿਤੇ ਜਾਣ ਲੱਗੇ ਅਤੇ ਅਕਾਲੀ ਦਲ ਬਾਦਲ ਵਿੱਚ ਇਹ ਰਵਾਇਤ ਅਜੇ ਵੀ ਕਾਇਮ ਹੈ। ਅਕਾਲੀ ਦਲ ਇਸ ਸਮੇਂ ਅੰਦਰੂਨੀ ਫੁੱਟ ਦਾ ਸ਼ਿਕਾਰ ਹੈ ਪਰ ਪੰਥ ਦਰਦੀਆਂ ਨੂੰ ਅਜੇ ਵੀ ਅਕਾਲੀ ਦਲ ਦੇ ਮੁੜ ਉਭਰਨ ਦੀ ਆਸ ਹੈ। ਪੰਥ ਦਰਦੀ ਇਹ ਵੀ ਸੋਚ ਰਹੇ ਹਨ ਕਿ ਜੇ ਅਕਾਲੀ ਦਲ ਮੁੜ ਪੰਥਕ ਸੋਚ ਨੂੰ ਅਪਨਾਅ ਲੈਂਦਾ ਹੈ ਤਾਂ ਉਹ ਪੰਜਾਬ ਵਿੱਚ ਮੁੜ ਮਜ਼ਬੂਤ ਹੋ ਸਕਦਾ ਹੈ। ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਇਸ ਸਮੇਂ ਵੀ ਇਹ ਪਾਰਟੀ ਆਪਣੇ ਹੀ ਆਗੂਆਂ ਤੋਂ ਕੁਰਬਾਨੀਆਂ ਮੰਗ ਰਹੀ ਹੈ। ਅਕਾਲੀ ਆਗੂਆਂ ਨੂੰ ਕੰਧ ’ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਆਪਣੇ ਅਹੁਦਿਆਂ ਦਾ ਮੋਹ ਛੱਡ ਕੇ ਪਾਰਟੀ ਦੀ ਵਾਗਡੋਰ ਸਰਬਪ੍ਰਵਾਨਿਤ ਆਗੂ ਦੇ ਹੱਥ ਦੇ ਦੇਣੀ ਚਾਹੀਦੀ ਹੈ ਤਾਂ ਕਿ ਪਾਰਟੀ ਮੁੜ ਮਜ਼ਬੂਤ ਹੋ ਸਕੇ।

ਪੰਥ ਹਮੇਸ਼ਾ ਚੜ੍ਹਦੀਕਲਾ ਵਿੱਚ ਰਿਹਾ ਹੈ ਅਤੇ ਚੜ੍ਹਦੀਕਲਾ ਵਿੱਚ ਹੀ ਰਹੇਗਾ। ਭਾਵੇਂ ਕਿ ਸਮੇਂ ਸਮੇਂ ਵੱਖ- ਵੱਖ ਹਾਕਮਾਂ ਨੇ ਪੰਥ ਨਾਲ ਟੱਕਰ ਲਈ ਹੈ, ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਹੈ। ਇਹੋ ਕਾਰਨ ਹੈ ਕਿ ਅਨੇਕਾਂ ਉਤਰਾਓ ਚੜਾਓ ਆਉਣ ਦੇ ਬਾਵਜੂਦ ਪੰਥ ਪੂਰੀ ਤਰ੍ਹਾਂ ਮਜ਼ਬੂਤ ਦਿਖਾਈ ਦੇ ਰਿਹਾ ਹੈ। ਇਸ ਸਮੇਂ ਲੋੜ ਤਾਂ ਅਜਿਹੇ ਧੜੱਲੇਦਾਰ ਸਿੱਖ ਆਗੂਆਂ ਦੀ ਹੈ, ਜੋ ਪੰਥ ਨੂੰ ਯੋਗ ਅਗਵਾਈ ਦੇ ਸਕਣ। ਪੰਜਾਬ ਦੀ ਪੰਥਕ ਸਿਆਸਤ ਵਿੱਚ ਨਵੇਂ ਉਭਰੇ ਨੌਜਵਾਨ ਆਗੂ ਭਾਈ ਸਰਬਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਜੋ ਨਵੀਂ ਪੰਥਕ ਪਾਰਟੀ ਬਣਾਈ ਗਈ ਹੈ, ਉਸ ਸਬੰਧੀ ਪੰਥ ਵਿੱਚ ਕਿਆਸ ਅਰਾਈਆਂ ਦਾ ਦੌਰ ਜਾਰੀ ਹੈ। ਇਹ ਦੋਵੇਂ ਆਗੂ ਲੱਖਾਂ ਲੋਕਾਂ ਦੇ ਸਮਰਥਨ ਨਾਲ ਸੰਸਦ ਮੈਂਬਰ ਬਣੇ ਹਨ ਅਤੇ ਲੱਖਾਂ ਲੋਕਾਂ ਨੇ ਇਹਨਾਂ ਆਗੂਆਂ ਵਿੱਚ ਆਪਣਾ ਭਰੋਸਾ ਪ੍ਰਗਟਾਇਆ ਹੈ। ਹੁਣ ਇਹਨਾਂ ਆਗੂਆਂ ਤੋਂ ਵੀ ਆਸ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਵਿੱਚ ਪ੍ਰਗਟਾਏ ਗਏ ਲੱਖਾਂ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣਗੇ ਅਤੇ ਪੰਥ ਦੀ ਚੜ੍ਹਦੀਕਲਾ ਲਈ ਆਪਣਾ ਵੱਡਾ ਯੋਗਦਾਨ ਪਾਉਣਗੇ।

ਇਸ ਸਮੇਂ ਸਭ ਦੀਆਂ ਨਜ਼ਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬਣੀ ਪੰਜ ਮੈਂਬਰੀ ਅਕਾਲੀ ਦਲ ਭਰਤੀ ਕਮੇਟੀ ਵੱਲ ਲੱਗੀਆਂ ਹੋਈਆਂ ਹਨ। ਇਸ ਭਰਤੀ ਕਮੇਟੀ ਵੱਲੋਂ ਸਰਗਰਮੀਆਂ ਜਾਰੀ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਭਰਤੀ ਕਮੇਟੀ ਵੱਲੋਂ ਅਕਾਲੀ ਦਲ ਦੀ ਸਥਾਪਨਾ ਕੀਤੀ ਜਾਵੇਗੀ। ਉਸ ਤੋਂ ਬਾਅਦ ਹੀ ਇਸ ਨਵੇਂ ਅਕਾਲੀ ਦਲ ਦੀ ਲੀਡਰਸ਼ਿਪ ਬਾਰੇ ਪਤਾ ਚੱਲੇਗਾ ਕਿ ਇਸ ਅਕਾਲੀ ਦਲ ਦੀ ਅਗਵਾਈ ਕਿਹੜੇ ਆਗੂ ਨੂੰ ਮਿਲਦੀ ਹੈ। ਇਸ ਸਮੇਂ ਪੰਥਕ ਏਕਤਾ ਦੀ ਲੋੜ ਵੱਡੇ ਪੱਧਰ ’ਤੇ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ ਪੰਥ ਦੇ ਨੌਜਵਾਨ ਆਗੂਆਂ ਸਮੇਤ ਹੋਰਨਾਂ ਸੀਨੀਅਰ ਆਗੂਆਂ ਨੂੰ ਵੀ ਰਲ ਮਿਲ ਕੇ ਪੰਥ ਦੀ ਵਾਗਡੋਰ ਸੰਭਾਲਣੀ ਚਾਹੀਦੀ ਹੈ ਅਤੇ ਪੰਥਕ ਮਸਲੇ ਹੱਲ ਕਰਵਾਉਣ ਲਈ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ।

***

## 114 ਸਾਲਾ ਦੌੜਾਕ ਫ਼ੌਜਾ ਸਿੰਘ

ਉੱਘੇ ਪੰਜਾਬੀ ਸਿੱਖ ਦੌੜਾਕ ਫ਼ੌਜਾ ਸਿੰਘ ਦੀ ਮੌਤ ਉਤੇ ਡੂੰਘਾ ਅਫ਼ਸੋਸ ਜ਼ਾਹਿਰ ਕਰਦਿਆਂ ਸਰਧਾਂਜਲੀ ਭੇਂਟ ਕੀਤੀ। ਡਾ. ਰਵਜੋਤ ਸਿੰਘ ਨੇ ਇੱਕ ਸੜਕ ਦੁਰਘਟਨਾ ’ਚ 114 ਸਾਲਾ ਫ਼ੌਜਾ ਸਿੰਘ ਦੇ ਅਕਾਲ ਚਲਾਣੇ ‘ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਉਹ ਮੈਰਾਥਨ ਦੌੜਾਂ ਕਾਰਨ ਦੁਨੀਆ ਭਰ ’ਚ ਸਿੱਖ ਕੌਮ ਦਾ ਨਾਮ ਰੌਸ਼ਨ ਕਰਨ ਵਾਲੇ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੌੜਾਕ ਸਨ। ਮੰਤਰੀ ਨੇ ਕਿਹਾ ਕਿ ਫ਼ੌਜਾ ਸਿੰਘ ਜੀ ਹਮੇਸ਼ਾ ਸਾਡੇ ਚੇਤਿਆਂ ’ਚ ਵਸੇ ਰਹਿਣਗੇ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕਰਦਿਆਂ ਵਿਛੜੀ ਰੂਹ ਨੂੰ ਚਰਨਾਂ ’ਚ ਥਾਂ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਵੀ ਕੀਤੀ।

## ਫ਼ੌਜਾ ਸਿੰਘ ਅੰਦਰ ਵਡੇਰੀ ਉਮਰ ਵਿੱਚ ਵੀ ਜਜ਼ਬਾ ਅਤੇ

ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਵੀ ਫ਼ੌਜਾ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਦਿਆਂ ਕਿਹਾ ਕਿ ਉਨ੍ਹਾਂ ਦੀ ਵਿਰਾਸਤ ਸਾਡੇ ਦਿਲਾਂ ਵਿੱਚ ਸਦਾ ਜਿਉਂਦੀ ਰਹੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬਜ਼ੁਰਗ ਦੌੜਾਕ ਫ਼ੌਜਾ ਸਿੰਘ ਦੇ ਸਦੀਵੀਂ ਵਿਛੋੜੇ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਮਾਰਕਸਵਾਦੀ ਆਲੋਚਨਾ ਨੇ ਸਾਹਿਤ

ਉਹ ਤਾਂ ਆਲੋਚਕਾਂ ਨੂੰ ਵੰਗਾਰ ਰਹੇ ਹਨ ਕਿ ਇਸ ਵਾਪਸੀ ਦਾ ਰਾਹ ਆਲੋਚਨਾ ਨੇ ਹੀ ਪੱਧਰਾ ਕਰਨਾ ਹੈ। ਇਸ ਦੀ ਸ਼ੁਰੂਆਤ ਉੱਥੋਂ ਹੀ ਹੋਣੀ ਹੈ ਜਿੱਥੇ ਅੱਜ ਆਲੋਚਨਾ ਨੇ ਸਾਨੂੰ ਲਿਆ ਖੜ੍ਹਾ ਕੀਤਾ ਹੈ। ਵਿਚਾਰਧਾਰਾ ਦੇ ਨਾਮ 'ਤੇ ਉਨ੍ਹਾਂ ਨੇ ਕੱਚੀਆਂ-ਪਿੱਲੀਆਂ ਲਿਖਤਾਂ ਦੇ ਕਲਾਹੀਣ ਜਿਹੜੇ ਲਿਖਾਰੀਆਂ ਨੂੰ ਉਨ੍ਹਾਂ ਨੇ ਸਾਹਿਤ ਦੇ ਰੱਬ ਬਣਾ ਕੇ ਤਖ਼ਤਾਂ 'ਤੇ ਬਿਠਾਇਆ ਹੋਇਆ ਹੈ, ਉਨ੍ਹਾਂ ਦੇ ਤਾਜ ਉਤਾਰਨ ਦਾ ਵਕਤ ਆ ਗਿਆ ਹੈ। ਉਨ੍ਹਾਂ ਨੂੰ ਸਾਹਿਤ ਦੇ ਸਿਖਲਾਈ ਕੇਂਦਰਾਂ ਵਿੱਚ ਭੇਜਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ। ਉਨ੍ਹਾਂ ਦੀ ਮੌਜੂਦਗੀ ਨੇ ਸਮੁੱਚੇ ਸਾਹਿਤ ਜਗਤ ਨੂੰ ਇੱਕ ਵੱਡੇ ਤਸੀਹਾ ਕੇਂਦਰ ਵਿੱਚ ਤਬਦੀਲ ਕਰ ਦਿੱਤਾ ਹੈ।

ਉਨ੍ਹਾਂ ਦੇ ਨਾਲ ਹੀ ਚਹੇਤੇਵਾਦ ਤੇ ਗੈਂਗਵਾਦ ਨਾਲ ਉਭਾਰੇ ਗਏ ਮੋਬਾਈਲ-ਕਾਨੀਕਾਰਾਂ ਨੂੰ ਵੀ ਹੁਣ ਘਰ ਭੇਜਣ ਦਾ ਸਹੀ ਮੌਕਾ ਹੈ। ਉਨ੍ਹਾਂ ਲਈ ਸਨਮਾਨਾਂ-ਪੁਰਸਕਾਰਾਂ ਦਾ ਜੁਗਾੜ ਕਰਦੇ ਵਿਦਵਾਨ ਲੋਕਾਂ ਨੇ ਆਪਣਾ ਰੁਤਬਾ ਗੁਆ ਲਿਆ ਹੈ। ਜੇ ਆਪਣਾ ਰੁਤਬਾ ਵਾਪਸ ਲੈਣਾ ਹੈ ਤਾਂ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਪਵੇਗਾ।

ਸਭ ਤੋਂ ਵੱਡੀ ਗੱਲ ਜੇ ਕਲਾਤਮਕਤਾ ਦੇ ਸਿਧਾਂਤ ਪੱਛਮੀ ਸਨ ਤਾਂ ਮਾਰਕਸਵਾਦੀ ਆਲੋਚਨਾ ਵੀ ਕੋਈ ਲੁਧਿਆਣੇ ਦੇ ਕਿਸੇ ਪਿੰਡ ਬਹਿ ਕੇ ਨਹੀਂ ਘੜੀ ਗਈ ਸੀ। ਇਸੇ ਦੇ ਵੱਡੇ ਵਿਦਵਾਨ ਵੀ ਉਸੇ ਧਰੁੱਵ ਤੋਂ ਆਉਂਦੇ ਹਨ।

ਜੇ ਅੱਜ ਪੰਜਾਬੀ ਆਲੋਚਨਾ ਨੇ, ਪੰਜਾਬੀ ਸਾਹਿਤ, ਪੰਜਾਬੀ ਬੋਲੀ ਤੇ ਪੰਜਾਬ ਨਾਲ ਖੜ੍ਹਨਾ ਹੈ ਤਾਂ ਪੰਜਾਂ-ਪਾਣੀਆਂ ਦੀ ਜ਼ਰਖ਼ੇਜ਼ ਧਰਤੀ ਵਿੱਚੋਂ ਪੈਦਾ ਹੋਏ ਮੌਲਿਕ ਚਿੰਤਨ ਦਾ ਪੱਲਾ ਫੜਨਾ ਹੀ ਆਖ਼ਰੀ ਰਾਹ ਹੈ। ਭੁੱਲਣਾ ਨਹੀਂ ਚਾਹੀਦਾ ਕਿ ਪੂਰਬੀ ਕਾਵਿ-ਸ਼ਾਸਤਰ ਤੋਂ ਲੈ ਕੇ ਪੰਜਾਬੀ ਦੀ ਮੌਲਿਕ ਕਾਵਿ-ਪਰੰਪਰਾ ਸਾਡੇ ਹੀ ਬਾਬੇ ਗੁਰੂ ਸਾਹਿਬਾਨਾਂ ਨੇ ਘੜੀ ਹੈ, ਜਿਸ ਵਿੱਚੋਂ ਪੱਛਮੀਆਂ ਨੇ ਓਰੀਐਂਟਲਿਜ਼ ਕੱਢ ਕੇ ਖ਼ੂਬ ਵਰਤਿਆ ਤੇ ਲਾਹਾ ਲਿਆ ਹੈ।

ਫੇਰ ਤੁਸੀਂ ਕਦੋਂ ਤੱਕ ਬਿਗਾਨੇ ਸਿਧਾਂਤਾਂ ਵੱਲ ਮੂੰਹ ਅੱਡੀ ਖੜ੍ਹੇ ਰਹੋਗੇ।

ਫ਼ੈਸਲਾ ਤੁਹਾਡੇ ਹੱਥ ਹੈ, ਪਰ ਚੇਤੇ ਰੱਖਿਉ, ਇਸ ਪਾਸੇ ਵੱਲ ਸ਼ੁਰੂਆਤ ਹੋ ਚੁੱਕੀ ਹੈ।

***

## ਟੈਨਿਸ ਜਗਤ ਦਾ ਚਮਕਦਾ ਤਾਰਾ

ਉਹਦਾ ਨਾਂ ਜੇਡਨ ਗਿਲ ਅਗਾਸੀ ਰੱਖਿਆ ਗਿਆ ਜੋ ਮਾਪਿਆਂ ਵਾਂਗ ਹੀ ਬੜਾ ਸੋਹਣਾ ਸੁਨੱਖਾ ਨਿਕਲਿਆ। ਉਹਦੀ ਭੈਣ ਜੈਜ਼ ਐਲੀ ਅਗਾਸੀ ਵੀ ਭਰਾ ਵਾਂਗ ਬੇਹੱਦ ਖ਼ੂਬਸੂਰਤ ਹੈ। ਜੇਡਨ ਬੇਸਬਾਲ ਦਾ ਵਧੀਆ ਖਿਡਾਰੀ ਹੈ ਤੇ ਜੈਜ਼ ਡਾਂਸਰ ਹੋਣ ਦੇ ਨਾਲ ਘੋੜ ਸਵਾਰੀ ਦੀ ਸ਼ੌਕੀਨ ਹੈ। ਆਂਦਰੇ-ਸਟੈਫੀ ਜੋੜੇ ਨੇ ਆਪਣੇ ਦੋਵੇਂ ਬੱਚੇ ਬੜੀਆਂ ਰੀਝਾਂ ਨਾਲ ਪਾਲੇ ਜੋ ਹੁਣ ਜੁਆਨ ਹਨ।

ਬੀ.ਬੀ.ਸੀ. ਨੇ ਆਂਦਰੇ ਅਗਾਸੀ ਨੂੰ 1992 ਦੀ 'ਓਵਰਸੀਜ਼ ਸਪੋਰਟਸ ਪਰਸਨੈਲਟੀ ਆਫ਼ ਦਾ ਯੀਅਰ' ਐਲਾਨਿਆ ਸੀ ਤੇ ਸਪੋਰਟਸ ਇਲੱਸਟ੍ਰੇਟਿਡ ਨੇ ਸਰਬ ਸਮਿਆਂ ਦਾ 7ਵਾਂ ਸਰਬੋਤਮ ਪੁਰਸ਼ ਖਿਡਾਰੀ ਕਿਹਾ ਸੀ। ਉਸ ਦਾ ਨਾਂ 9 ਜੁਲਾਈ 2011 ਨੂੰ ਇੰਟਰਨੈਸ਼ਨਲ ਹਾਲ ਆਫ਼ ਫੇਮ ਵਿੱਚ ਫਰੇਮ ਕੀਤਾ ਗਿਆ ਸੀ। ਆਂਦਰੇ ਅਗਾਸੀ ਇੱਕ ਐਸਾ ਅਦਾਕਾਰ ਖਿਡਾਰੀ ਹੈ ਜੋ ਆਪਣੀ ਖੇਡ ਨਾਲ ਹੀ ਨਹੀਂ ਸਗੋਂ ਆਪਣੀ ਆਤਮਿਕ ਯਾਤਰਾ ਨਾਲ ਵੀ ਜੁੜਿਆ ਆ ਰਿਹੈ। ਜਿੱਥੇ ਉਸ ਨੇ ਉਲੰਪਿਕ ਖੇਡਾਂ ਦਾ ਗੋਲਡ ਮੈਡਲ, 8 ਗ੍ਰੈਂਡ ਸਲੈਮ ਤੇ 60 ਹੋਰ ਖ਼ਿਤਾਬ ਜਿੱਤੇ, ਉੱਥੇ ਲੱਖਾਂ ਲੋਕਾਂ ਦੇ ਦਿਲ ਵੀ ਜਿੱਤੇ। ਉਹ ਵਰ੍ਹਿਆਂ-ਬੱਧੀ ਨੌਜਵਾਨ ਖਿਡਾਰੀਆਂ ਦਾ ਪ੍ਰੇਰਨਾ ਸਰੋਤ ਬਣਿਆ ਰਿਹਾ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਜਿੱਤ ਸਿਰਫ਼ ਕੱਪ ਜਿੱਤਣ ਤੱਕ ਹੀ ਸੀਮਤ ਨਹੀਂ ਹੁੰਦੀ, ਸਗੋਂ ਉਹ ਸੰਘਰਸ਼ਮਈ ਯਾਤਰਾ ਹੈ ਜਿਸ ਵਿੱਚ ਅਸੀਂ ਆਪਣੇ ਆਪ ਨੂੰ ਪਛਾਣਦੇ ਹਾਂ। ਆਂਦਰੇ ਦੀ ਖੇਡ, ਹਾਰਾਂ ਤੇ ਜਿੱਤਾਂ, ਉਹਦੀ ਆਤਮ ਕਥਾ ਅਤੇ ਚੈਰਿਟੀ ਦੇ ਕਾਰਜ ਦੇਰ ਤੱਕ ਦਿਲਾਂ ਨੂੰ ਟੁੰਬਦੇ ਰਹਿਣਗੇ।

***

## ਕੀ ਭਾਰਤ ਬਣ ਸਕੇਗਾ ਸੁਪਰ

ਇਸ ਵਿੱਚ ਫਿਰ ਨੇੜੇ-ਨੇੜੇ ਦੇ ਦੇਸ਼ਾਂ ਨੇ ਆਪਸ ਵਿੱਚ ਖੇਤਰੀ ਵਪਾਰ ਬਲਾਕ ਬਣਾ ਲਏ ਜਿਸ ਤਰ੍ਹਾਂ ਨਾਫਟਾ, ਈਯੂ, ਸਾਰਕ ਤੇ ਬ੍ਰਿਕਸ ਆਦਿ। ਇਨ੍ਹਾਂ ਨਾਲ ਦੇਸ਼ ਆਪਸ ਵਿੱਚ ਜੁੜ ਕੇ ਆਪਣਾ ਵਪਾਰ ਇਕ-ਦੂਜੇ ਲਈ ਖੋਲ੍ਹਦੇ ਅਤੇ ਬਾਕੀ ਦੇਸ਼ਾਂ ਤੇ ਅੰਤਰਰਾਸ਼ਟਰੀ ਸੰਗਠਨਾਂ ਨਾਲ ਰਲ ਕੇ ਇਕ-ਦੂਜੇ ਦੀ ਪੈਰਵੀ ਕਰਦੇ। ਜਦੋਂ ਇਨ੍ਹਾਂ ਵਿੱਚ ਵੀ ਸਾਰੀਆਂ ਗੱਲਾਂ 'ਤੇ ਸਹਿਮਤੀ ਬਣਦੀ ਨਜ਼ਰ ਨਾ ਆਈ ਤਾਂ ਦੇਸ਼ਾਂ ਨੇ ਦੁਵੱਲੇ ਵਪਾਰ ਅਤੇ ਆਪਸ ਵਿੱਚ ਖੁੱਲ੍ਹੇ ਵਪਾਰ ਸਮਝੌਤੇ ਕਰਨੇ ਸ਼ੁਰੂ ਕੀਤੇ। ਇਸ ਅਧੀਨ ਭਾਰਤ 'ਤੇ ਵੀ ਕਈ ਪਾਸਿਓਂ ਦਬਾਅ ਹੈ ਜਿਸ ਤਰ੍ਹਾਂ ਆਸਟ੍ਰੇਲੀਆ, ਨਿਊਜ਼ੀਲੈਂਡ, ਮਾਰੀਸ਼ਸ ਵਰਗੇ ਦੇਸ਼ਾਂ ਨਾਲ ਐੱਫ.ਟੀ.ਏ. ਹੋਣੇ। ਓਧਰ ਯੂਰਪੀ ਯੂਨੀਅਨ ਨਾਲ ਐੱਫ.ਟੀ.ਏ. ਦੀ ਗੱਲ 2007 ਵਿੱਚ ਸ਼ੁਰੂ ਹੋਈ ਅਤੇ 2022 ਤੱਕ ਮੁਲਤਵੀ ਰਹੀ। ਮੁੜ 2023 ਤੋਂ ਸ਼ੁਰੂ ਹੋਈ ਪਰ ਅਜੇ ਤੱਕ ਸਿਰੇ ਨਹੀਂ ਲੱਗੀ ਕਿਉਂਕਿ ਉਹ ਵੀ ਖੇਤੀ ਸਹਾਇਕ ਧੰਦਿਆਂ ਦੀ ਖੁੱਲ੍ਹ ਭਾਲਦੇ ਹਨ ਖ਼ਾਸ ਕਰਕੇ ਡੇਅਰੀ ਅਤੇ ਸਮੁੰਦਰੀ ਖਾਣੇ ਵਿੱਚ। ਓਧਰ ਅਮਰੀਕਾ ਪਰਸਪਰ ਟੈਰਿਫ ਲਾ ਕੇ ਭਾਰਤ ਦੇ ਦੁਵੱਲੇ ਵਪਾਰ ਸਮਝੌਤੇ 'ਤੇ ਹਸਤਾਖ਼ਰ ਲੈਣਾ ਚਾਹੁੰਦਾ ਹੈ। ਇਸ ਵੇਲੇ ਸੋਚਣ ਦੀ ਲੋੜ ਭਾਰਤ ਸਰਕਾਰ ਨੂੰ ਹੈ ਅਤੇ ਇਸ ਤਰ੍ਹਾਂ ਦੀ ਨੀਤੀ ਬਣਾਉਣ ਦੀ ਲੋੜ ਹੈ ਤਾਂ ਜੋ 60% ਖੇਤੀ 'ਤੇ ਨਿਰਭਰ ਆਬਾਦੀ ਨੂੰ ਅੰਤਰਰਾਸ਼ਟਰੀ ਕਾਰਪੋਰੇਟਾਂ ਤੋਂ ਬਚਾਇਆ ਜਾ ਸਕੇ।

ਅੱਜ ਜੋ ਖਾਣ-ਪੀਣ ਵਾਲੀਆਂ ਵਸਤਾਂ ਅਮਰੀਕਾ ਭਾਰਤ ਨੂੰ ਭੇਜਦਾ ਹੈ ਉਨ੍ਹਾਂ 'ਤੇ ਭਾਰਤ 37.7 ਫ਼ੀਸਦੀ ਡਿਊਟੀ ਲਾਉਂਦਾ ਹੈ ਜਦਕਿ ਭਾਰਤ ਤੋਂ ਅਮਰੀਕਾ ਜਾਣ ਵਾਲੀਆਂ ਖਾਣ-ਪੀਣ ਵਾਲੀਆਂ ਵਸਤਾਂ 'ਤੇ ਔਸਤ 5.6 ਫ਼ੀਸਦੀ ਡਿਊਟੀ ਲੱਗਦੀ ਹੈ ਯਾਨੀ 32.1 ਫ਼ੀਸਦੀ ਦਾ ਫ਼ਰਕ ਹੈ। ਅਮਰੀਕਾ ਇਸ ਨੂੰ ਬਰਾਬਰ ਕਰਨਾ ਚਾਹੁੰਦਾ ਹੈ। ਸਾਡੀ ਆਬਾਦੀ ਵਿੱਚ 60% ਲੋਕ ਸਿੱਧਾ ਖੇਤੀ 'ਤੇ ਨਿਰਭਰ ਹਨ ਅਤੇ ਅਸੀਂ 146 ਕਰੋੜ ਜਨਤਾ ਦਾ ਢਿੱਡ ਭਰਨਾ ਹੈ। ਦੂਜਾ ਸਾਡੇ 85 ਫ਼ੀਸਦੀ ਕਿਸਾਨ ਛੋਟੇ ਹਨ ਜਦਕਿ ਅਮਰੀਕਾ ਵਿੱਚ ਕਾਰਪੋਰੇਟ ਖੇਤੀ ਕਰਦੇ ਹਨ। ਸੋ, ਹੋਣਾ ਕੀ ਹੈ, ਇਸ ਵਪਾਰਕ ਸਮਝੌਤੇ ਨਾਲ ਉਨ੍ਹਾਂ ਨੇ ਆਪਣੀ ਪੈਦਾਵਾਰ ਸਾਡੇ ਦੇਸ਼ ਵਿੱਚ ਸਸਤੀ ਕਰ ਕੇ ਸੁੱਟ ਦੇਣੀ ਹੈ। ਸਾਡੇ ਅਰਥ-ਸ਼ਾਸਤਰੀਆਂ ਨੇ ਕਹਿਣਾ ਹੈ ਕਿ ਸਾਨੂੰ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚੋਂ ਸਸਤਾ ਮਿਲਦਾ ਹੈ ਤਾਂ ਆਪਣੀ ਪੈਦਾਵਾਰ ਕੀ ਕਰਨੀ ਹੈ। ਸਾਡੇ ਕਿਸਾਨ ਹੌਲੀ-ਹੌਲੀ ਖ਼ਤਮ ਹੋ ਜਾਣਗੇ। ਖੇਤੀ 'ਤੇ ਕੰਟਰੋਲ ਬਾਹਰਲੇ ਦੇਸ਼ਾਂ ਦਾ ਹੋ ਜਾਵੇਗਾ। ਕਹਿਣ ਨੂੰ ਇਹ ਗੱਲਾਂ ਬਹੁਤ ਚੰਗੀਆਂ ਲੱਗਦੀਆਂ ਹਨ ਕਿ ਅਸੀਂ ਬਰਾਬਰੀ ਦੇ ਸਮਝੌਤੇ ਕਰਾਂਗੇ ਪਰ ਜਿਸ ਤੋਂ ਕਰਜ਼ਾ ਲੈਣਾ ਹੋਵੇ ਭਾਵ ਉਧਾਰ ਦੇਣ ਵਾਲੀਆਂ ਸੰਸਥਾਵਾਂ ਉਨ੍ਹਾਂ ਦੇ ਪੈਸੇ ਨਾਲ ਚੱਲਦੀਆਂ ਹੋਣ ਤਾਂ ਬਰਾਬਰੀ ਨਹੀਂ ਹੋ ਸਕਦੀ। ਉਮੀਦ ਕਰਦੇ ਹਾਂ ਕਿ ਸਰਕਾਰ ਇਸ ਸਬੰਧੀ ਠੋਸ ਨੀਤੀ ਬਣਾ ਕੇ ਆਪਣੇ ਲੋਕਾਂ ਤੇ ਦੇਸ਼ ਦੀ ਰਾਖੀ ਕਰੇਗੀ। ਭਵਿੱਖ 'ਚ ਕਰਜ਼ਾ ਲੈਣਾ ਘਟਾਉਣ ਦੀ ਸਖ਼ਤ ਲੋੜ ਹੈ। ਕਰਜ਼ਾ ਲੈ ਕੇ ਰਿਉੜੀਆਂ ਵੰਡਣੀਆਂ ਚੰਗੀ ਗੱਲ ਨਹੀਂ।

***

## ਬਿਹਾਰ 'ਚ ਇੱਕ ਪਰਿਵਾਰ ਦੇ ਪੰਜ ਮੈਂਬਰਾਂ ਨੂੰ

ਭੂਤ ਪ੍ਰੇਤ ਕਢਾਉਣ ਲਈ ਪੇਂਡੂ ਅੱਜ ਵੀ ਤਾਂਤਰਿਕਾਂ ਦੀ ਸ਼ਰਨ ਵਿੱਚ ਜਾਂਦੇ ਹਨ।

**ਵਿਦੇਸ਼ਾਂ ਵਿੱਚ 'ਡਾਇਨ' ਦੀਆਂ ਘਟਨਾਵਾਂ: ਇੱਕ ਇਤਿਹਾਸਕ ਝਾਤ**

ਯੂਰਪ ਅਤੇ ਅਮਰੀਕਾ ਵਿੱਚ 13ਵੀਂ ਤੋਂ 17ਵੀਂ ਸਦੀ ਤੱਕ 'ਡਾਇਨ' ਦੇ ਦੋਸ਼ ਵਿੱਚ ਔਰਤਾਂ ਨੂੰ ਜਿਉਂਦਿਆਂ ਸਾੜਿਆ ਜਾਂਦਾ ਸੀ। 1734 ਵਿੱਚ ਸਵਿਟਜ਼ਰਲੈਂਡ ਵਿੱਚ ਅੰਨਾ ਗੋਲਡੀ ਨੂੰ 'ਆਖਰੀ ਡਾਇਨ' ਦੇ ਰੂਪ ਵਿੱਚ ਸਿਰ ਕਲਮ ਕੀਤਾ ਗਿਆ। ਇਸ ਤੋਂ ਬਾਅਦ, ਯੂਰਪ ਵਿੱਚ ਸਖ਼ਤ ਕਾਨੂੰਨਾਂ ਨੇ ਇਸ ਪ੍ਰਥਾ 'ਤੇ ਰੋਕ ਲਾਈ। ਪਰ ਅੱਜ ਦੇ ਜ਼ਮਾਨੇ ਵਿੱਚ ਵਿਦੇਸ਼ਾਂ ਵਿੱਚ ਅਜਿਹੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ। ਅਫਰੀਕਾ ਦੇ ਕੁਝ ਦੇਸ਼ਾਂ, ਜਿਵੇਂ ਨਾਈਜੀਰੀਆ, ਘਾਨਾ ਅਤੇ ਦੱਖਣੀ ਅਫਰੀਕਾ ਵਿੱਚ, ਅੱਜ ਵੀ 'ਡਾਇਨ' ਦੇ ਦੋਸ਼ ਵਿੱਚ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਅਕਸਰ ਗਰੀਬ ਅਤੇ ਅਸਿੱਖਿਅਤ ਖੇਤਰਾਂ ਵਿੱਚ ਹੁੰਦੀਆਂ ਨੇ, ਜਿੱਥੇ ਸਮਾਜਿਕ ਅਤੇ ਆਰਥਿਕ ਅਸਮਾਨਤਾ ਵੱਡੀ ਵਜ੍ਹਾ ਬਣਦੀ ਹੈ। ਲੈਟਿਨ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਵੀ, ਜਿਵੇਂ ਪੇਰੂ ਅਤੇ ਬੋਲੀਵੀਆ, ਅਜਿਹੇ ਮਾਮਲੇ ਸਾਹਮਣੇ ਆਉਂਦੇ ਨੇ, ਪਰ ਇਹ ਭਾਰਤ ਜਿੰਨੇ ਵੱਡੇ ਪੈਮਾਨੇ 'ਤੇ ਨਹੀਂ।

***

## ਈ.ਡੀ. ਦੀ ਜਾਅਲੀ ਟਰੈਵਲ ਏਜੰਟਾਂ

ਇਹਨਾਂ ਲੋਕਾਂ ਨੂੰ 23 ਤੋਂ 28 ਜਨਵਰੀ 2025 ਦਰਮਿਆਨ ਅਮਰੀਕੀ ਸਰਹੱਦੀ ਸੁਰੱਖਿਆ ਫ਼ੋਰਸ ਨੇ ਗ੍ਰਿਫ਼ਤਾਰ ਕੀਤਾ ਸੀ। ਇਹ ਸਾਰੇ ਉਹ ਸਨ, ਜਿਨ੍ਹਾਂ ਨੇ 45-50 ਲੱਖ ਰੁਪਏ ਦੇ ਕੇ ਏਜੰਟਾਂ ਤੋਂ ਅਮਰੀਕਾ ਦਾ 'ਕਾਨੂੰਨੀ' ਵੀਜ਼ਾ ਲੈਣ ਦਾ ਸੁਪਨਾ ਦੇਖਿਆ ਸੀ, ਪਰ ਓਹਨਾਂ ਨੂੰ ਜੰਗਲਾਂ ਵਿੱਚੋਂ ਲੰਘਦੇ ਖਤਰਨਾਕ ਰਾਹਾਂ 'ਤੇ ਧੱਕਿਆ ਗਿਆ।

**ਡਾਰੀਅਨ ਗੈਪ: ਮੌਤ ਦਾ ਜੰਗਲ**

'ਡੰਕੀ ਰੂਟ' ਦੀ ਸਭ ਤੋਂ ਵੱਡੀ ਮੁਸੀਬਤ ਹੈ ਡਾਰੀਅਨ ਗੈਪ। ਇਹ ਕੋਲੰਬੀਆ ਤੇ ਪਨਾਮਾ ਦੀ ਸਰਹੱਦ 'ਤੇ 97 ਕਿਲੋਮੀਟਰ ਦਾ ਇੱਕ ਅਜਿਹਾ ਜੰਗਲ ਹੈ, ਜਿੱਥੇ ਮੌਤ ਹਰ ਪਲ ਸਾਹਮਣੇ ਖੜ੍ਹੀ ਹੁੰਦੀ ਹੈ। ਇਹ ਜੰਗਲ ਨਾ ਸਿਰਫ਼ ਸੰਘਣੀਆਂ ਝਾੜੀਆਂ, ਤੇਜ਼ ਨਦੀਆਂ ਤੇ ਉੱਚੇ-ਨੀਵੇਂ ਪਹਾੜਾਂ ਨਾਲ ਭਰਿਆ ਹੋਇਆ ਹੈ, ਸਗੋਂ ਇੱਥੇ ਜ਼ਹਿਰੀਲੇ ਸੱਪ, ਜੰਗਲੀ ਜਾਨਵਰ ਤੇ ਬਿਮਾਰੀਆਂ ਵੀ ਪਰਵਾਸੀਆਂ ਦੀ ਜਾਨ ਦੇ ਦੁਸ਼ਮਣ ਨੇ। 2023 ਵਿੱਚ 5 ਲੱਖ ਤੋਂ ਵੱਧ ਪਰਵਾਸੀਆਂ ਨੇ ਇਸ ਜੰਗਲ ਨੂੰ ਪਾਰ ਕੀਤਾ, ਜਿਨ੍ਹਾਂ ਵਿੱਚੋਂ ਹਜ਼ਾਰਾਂ ਭਾਰਤੀ ਵੀ ਸਨ। ਪਰ ਇਹ ਸਫ਼ਰ ਖ਼ਤਰਿਆਂ ਨਾਲ ਭਰਪੂਰ ਹੈ। ਇੱਥੇ ਕਾਰਟੇਲ, ਹਥਿਆਰਬੰਦ ਗਿਰੋਹ ਤੇ ਤਸਕਰ ਪਰਵਾਸੀਆਂ ਨੂੰ ਲੁੱਟਦੇ ਨੇ, ਧਮਕੀਆਂ ਦਿੰਦੇ ਨੇ ਤੇ ਔਰਤਾਂ ਨਾਲ ਜਿਨਸੀ ਹਿੰਸਾ ਕਰਦੇ ਨੇ। 2023 ਦੇ ਦਸੰਬਰ ਵਿੱਚ ਡਾਕਟਰਜ਼ ਵਿਦਆਊਟ ਬਾਰਡਰਜ਼ ਨੇ 214 ਜਿਨਸੀ ਹਿੰਸਾ ਦੇ ਪੀੜਤਾਂ ਦਾ ਇਲਾਜ ਕੀਤਾ, ਜੋ ਆਮ ਨਾਲੋਂ ਸੱਤ ਗੁਣਾ ਜ਼ਿਆਦਾ ਸੀ। ਪਨਾਮਾ ਦੇ ਨਵੇਂ ਰਾਸ਼ਟਰਪਤੀ ਜੋਸੇ ਰਾਉਲ ਮੁਲੀਨੋ ਨੇ ਦਸੰਬਰ 2024 ਵਿੱਚ ਦੱਸਿਆ ਕਿ 55 ਪਰਵਾਸੀ ਇਸ ਜੰਗਲ ਵਿੱਚ ਮਰ ਗਏ ਤੇ 180 ਬੱਚੇ ਇੱਥੇ ਛੱਡ ਦਿੱਤੇ ਗਏ। ਇਹ ਸਫ਼ਰ ਇੰਨਾ ਖਤਰਨਾਕ ਹੈ ਕਿ ਯੂਟਿਊਬਰ ਬਾਲਡ ਐਂਡ ਬੈਂਕਰਪਟ ਨੇ ਇਸ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਖਤਰਨਾਕ ਅਨੁਭਵ ਦੱਸਿਆ।

**ਜਿੱਥੇ ਮੌਤ ਵੀ ਸੁਪਨਿਆਂ ਨੂੰ ਨਿਗਲ ਜਾਂਦੀ ਹੈ**

'ਡੰਕੀ ਰੂਟ' ਰੂਟ ਸਪੇਨ, ਅਲ ਸਲਵਾਡੋਰ, ਗੁਆਤੇਮਾਲਾ, ਮੈਕਸੀਕੋ ਵਰਗੇ ਦੇਸ਼ਾਂ 'ਚੋਂ ਲੰਘਦਾ ਹੈ, ਜਿੱਥੇ ਪਰਵਾਸੀਆਂ ਨੂੰ ਪੈਦਲ, ਕਿਸ਼ਤੀਆਂ 'ਤੇ ਜਾਂ ਮਾਲ ਗੱਡੀਆਂ ਵਿੱਚ ਸਫ਼ਰ ਕਰਨਾ ਪੈਂਦਾ ਹੈ। ਇਸ ਸਫ਼ਰ ਵਿੱਚ ਨਾ ਸਿਰਫ਼ ਭੁੱਖ-ਪਿਆਸ, ਸਗੋਂ ਡਕੈਤਾਂ, ਮਾਫ਼ੀਆ ਤੇ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਪਰਵਾਸੀਆਂ ਨੂੰ ਰਾਹ ਵਿੱਚ ਲੁੱਟਿਆ ਜਾਂਦਾ ਏ, ਕਈਆਂ ਦੀਆਂ ਜਾਨਾਂ ਜਾਂਦੀਆਂ ਨੇ। 2024 ਵਿੱਚ ਜਨਵਰੀ ਤੋਂ ਅਪ੍ਰੈਲ ਦਰਮਿਆਨ 30,000 ਤੋਂ ਵੱਧ ਬੱਚਿਆਂ ਨੇ ਇਸ ਰੂਟ ਨੂੰ ਪਾਰ ਕੀਤਾ, ਜੋ ਪਿਛਲੇ ਸਾਲ ਨਾਲੋਂ 40% ਜ਼ਿਆਦਾ ਸੀ। ਇਹ ਸਫ਼ਰ ਬਜ਼ੁਰਗਾਂ, ਬੱਚੇ ਤੇ ਔਰਤਾਂ ਲਈ ਖਾਸ ਕਰਕੇ ਮੁਸੀਬਤਾਂ ਭਰਿਆ ਹੁੰਦਾ ਹੈ, ਜਿਹੜੇ ਭਾਰੀ ਸਮਾਨ ਚੁੱਕ ਕੇ ਜੰਗਲਾਂ ਵਿੱਚ ਲੰਘਦੇ ਨੇ। ਪੰਜਾਬ-ਹਰਿਆਣਾ ਦੇ ਨੌਜਵਾਨ, ਜਿਹੜੇ ਆਪਣੇ ਪਰਿਵਾਰਾਂ ਦੀ ਬਿਹਤਰੀ ਦੀ ਆਸ ਵਿੱਚ ਘਰ-ਜਾਇਦਾਦ ਵੇਚ ਕੇ 50-50 ਲੱਖ ਰੁਪਏ ਏਜੰਟਾਂ ਨੂੰ ਦਿੰਦੇ ਨੇ, ਉਹ ਅਕਸਰ ਖਾਲੀ ਹੱਥ ਵਾਪਸ ਆਉਂਦੇ ਨੇ। ਈ.ਡੀ. ਤੇ ਐਨ.ਆਈ.ਏ. ਵਰਗੀਆਂ ਏਜੰਸੀਆਂ ਹੁਣ ਇਹਨਾਂ ਏਜੰਟਾਂ ਦੇ ਪਿੱਛੇ ਹੱਥ ਧੋ ਕੇ ਪੈ ਗਈਆਂ ਨੇ। ਅਮਰੀਕਾ ਵੀ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣ 'ਚ ਕੋਈ ਕਸਰ ਨਹੀਂ ਛੱਡ ਰਿਹਾ। ਪਨਾਮਾ ਸਰਕਾਰ ਨੇ ਵੀ ਡਾਰੀਅਨ ਗੈਪ 'ਚ 1200 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਨੇ, ਪਰ ਇਸ ਮੁਸੀਬਤ ਦਾ ਹੱਲ ਸਿਰਫ਼ ਇੱਕ ਦੇਸ਼ ਦੀ ਜ਼ਿੰਮੇਵਾਰੀ ਨਹੀਂ। ਸਾਰੇ ਮੁਲਕਾਂ ਨੂੰ ਮਿਲ ਕੇ ਇਸ ਰੂਟ 'ਤੇ ਤਸਕਰੀ ਨੂੰ ਰੋਕਣ ਦੀ ਲੋੜ ਹੈ।

ਈ.ਡੀ. ਦੀਆਂ ਛਾਪੇਮਾਰੀਆਂ, ਐਨ.ਆਈ.ਏ. ਦੀਆਂ ਗ੍ਰਿਫ਼ਤਾਰੀਆਂ ਤੇ ਸਰਕਾਰ ਦੀ ਸਖ਼ਤੀ ਇਸ ਗੱਲ ਦਾ ਸਬੂਤ ਨੇ ਕਿ ਹੁਣ ਇਸ ਰੈਕੇਟ ਨੂੰ ਖਤਮ ਕਰਨ ਦੀ ਪੂਰੀ ਕੋਸ਼ਿਸ਼ ਹੋ ਰਹੀ ਹੈ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਅਸੀਂ ਆਪਣੇ ਨੌਜਵਾਨਾਂ ਨੂੰ ਅਜਿਹੇ ਸੁਪਨੇ ਵੇਚਣ ਵਾਲਿਆਂ ਤੋਂ ਕਿਵੇਂ ਬਚਾ ਸਕਦੇ ਹਾਂ ? ਕੀ ਅਸੀਂ ਉਹਨਾਂ ਨੂੰ ਆਪਣੇ ਮੁਲਕ ਵਿੱਚ ਹੀ ਇੱਕ ਬਿਹਤਰ ਜੀਵਨ ਦੀ ਆਸ ਦੇ ਸਕਦੇ ਹਾਂ ? ਜਦੋਂ ਤੱਕ ਇਹ ਸਵਾਲ ਸੁਣਨ ਵਿੱਚ ਨਹੀਂ ਆਉਂਦੇ, ਡਾਰੀਅਨ ਗੈਪ ਵਰਗੇ ਜੰਗਲ ਸੁਪਨਿਆਂ ਨੂੰ ਨਿਗਲਦੇ ਰਹਿਣਗੇ, ਤੇ 'ਡੰਕੀ ਰੂਟ' ਦੀਆਂ ਦੁਖਾਂਤਕ ਦਾਸਤਾਨਾਂ ਸਾਡੇ ਦਿਲਾਂ ਨੂੰ ਦਹਿਲਾਉਂਦੀਆਂ ਰਹਿਣਗੀਆਂ।

**

## ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਹੋਂਦ ਉਸਾਰਨ

ਮੁੱਖ ਰੱਖਦਿਆਂ ਅਕਾਲੀ ਦਲ (ਬਾਦਲ) ਦੇ ਪੱਲੇ ਨਿਰਾਸ਼ਾ ਹੀ ਪੈਣ ਦੀ ਸੰਭਾਵਨਾ ਦਿਖਾਈ ਦਿੰਦੀ ਹੈ। ਵਿਧਾਨ ਸਭਾ ਦੀਆਂ ਚੋਣਾਂ ਵਿੱਚ ਉਂਝ ਵੀ ਡੇਢ ਕੁ ਸਾਲ ਦਾ ਸਮਾਂ ਬਾਕੀ ਰਹਿ ਗਿਆ ਹੈ। ਇਸ ਸਮੇਂ ਜਿਸ ਤਰ੍ਹਾਂ ਅਕਾਲੀ ਦਲ ਵੱਖ-ਵੱਖ ਧੜਿਆਂ ਵਿੱਚ ਵੰਡਿਆ ਹੋਇਆ ਹੈ, ਉਸ ਨੂੰ ਮੁੱਖ ਰੱਖਦਿਆਂ ਅਜੇ ਤੱਕ ਅਜਿਹਾ ਨਹੀਂ ਜਾਪਦਾ ਕਿ ਇਹ ਉਦੋਂ ਤੱਕ ਮੁੜ ਉੱਭਰ ਕੇ ਰਾਜ ਦੀ ਰਾਜਨੀਤੀ ਵਿੱਚ ਕੋਈ ਅਹਿਮ ਰੋਲ ਅਦਾ ਕਰਨ ਦੇ ਸਮਰੱਥ ਹੋ ਸਕੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ ਭਰਤੀ ਕਮੇਟੀ ਭਾਵੇਂ ਭਰਤੀ ਦਾ ਅਮਲ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਕੇ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰਨ ਦਾ ਦਾਅਵਾ ਕਰ ਰਹੀ ਹੈ ਪਰ ਪ੍ਰਧਾਨਗੀ ਲਈ ਹੁਣ ਤੋਂ ਹੀ ਇਸ ਵਿੱਚ ਕਸ਼ਮਕਸ਼ ਸ਼ੁਰੂ ਹੋਣ ਦੇ ਚਰਚੇ ਹਨ।

ਅਕਾਲੀ ਦਲ ਸਿਰਫ਼ ਰਾਜਨੀਤਕ ਖੇਤਰ ਵਿੱਚ ਹੀ ਹਾਸ਼ੀਏ 'ਤੇ ਨਹੀਂ ਹੈ, ਸਗੋਂ ਸਿੱਖ ਪੰਥ ਦੀ ਧਾਰਮਿਕ ਰਾਜਨੀਤੀ ਵਿੱਚ ਵੀ ਇਹ ਬੁਰੀ ਤਰ੍ਹਾਂ ਪਛੜ ਚੁੱਕਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿੱਚ ਇਸ ਦਾ ਪ੍ਰਭਾਵ ਕਾਫ਼ੀ ਘਟ ਚੁੱਕਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਹੁਣ ਇਸ ਦਾ ਕੋਈ ਅਧਿਕਾਰ ਨਹੀਂ ਰਿਹਾ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਅਤੇ ਉਥੋਂ ਦੇ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਪੰਜਾਬ ਦੇ ਸਿੰਘ ਸਾਹਿਬਾਨ ਦਰਮਿਆਨ ਤਿੱਖਾ ਟਕਰਾਅ ਚੱਲ ਰਿਹਾ ਹੈ। ਦੋਵਾਂ ਤਖ਼ਤਾਂ ਵੱਲੋਂ ਇਕ-ਦੂਜੇ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਤਨਖ਼ਾਹੀਏ ਕਰਾਰ ਦਿੱਤਾ ਜਾ ਰਿਹਾ ਹੈ, ਅਤੇ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਅਗਵਾਈ ਵਿੱਚ ਪੰਜ ਪਿਆਰਿਆਂ ਵੱਲੋਂ ਤਨਖ਼ਾਹੀਆ ਕਰਾਰ ਦਿੱਤਾ ਜਾ ਚੁੱਕਾ ਹੈ। ਸਿੱਖ ਪੰਥ ਦੇ ਧਾਰਮਿਕ ਇਤਿਹਾਸ ਵਿੱਚ ਇਸ ਤਰ੍ਹਾਂ ਦਾ ਨਮੋਸ਼ੀਜਨਕ ਵਰਤਾਰਾ ਸ਼ਾਇਦ ਹੀ ਪਹਿਲਾਂ ਕਦੇ ਵਾਪਰਿਆ ਹੋਵੇ। ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਵਿੱਚ ਨਵੀਂ ਬਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਤਭੇਦ ਬਰਕਰਾਰ ਹਨ। ਹਰਿਆਣੇ ਦੇ ਇਤਿਹਾਸਕ ਗੁਰਦੁਆਰਿਆਂ ਦਾ ਕੰਮ ਕਾਰ ਸੰਭਾਲਣ ਤੋਂ ਬਾਅਦ ਹੁਣ ਹਰਿਆਣਾ ਦੀ ਗੁਰਦੁਆਰਾ ਕਮੇਟੀ ਸ਼ਾਹਬਾਦ ਮਾਰਕੰਡਾ ਦੇ ਮੈਡੀਕਲ ਕਾਲਜ ਨੂੰ ਆਪਣੇ ਅਧਿਕਾਰ ਵਿੱਚ ਲੈਣ ਲਈ ਸਰਗਰਮੀ ਦਿਖਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਇਆ ਗਿਆ ਇਹ ਕਾਲਜ ਇਸ ਸਮੇਂ ਇੱਕ ਟਰੱਸਟ ਚਲਾ ਰਿਹਾ ਹੈ ਤੇ ਇਸ ਟਰੱਸਟ ਨੂੰ ਵਿੱਤੀ ਸਹਾਇਤਾ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀ ਜਾਂਦੀ ਹੈ। ਹਰਿਆਣੇ ਦੀ ਗੁਰਦੁਆਰਾ ਕਮੇਟੀ ਇਸ ਨੂੰ ਯੂਨੀਵਰਸਿਟੀ ਬਣਾਉਣ ਦੇ ਬਹਾਨੇ ਨਾਲ ਆਪਣੇ ਕੰਟਰੋਲ ਵਿੱਚ ਲੈਣਾ ਚਾਹੁੰਦੀ ਹੈ, ਜਿਸ ਨਾਲ ਸ਼੍ਰੋਮਣੀ ਕਮੇਟੀ ਅਤੇ ਹਰਿਆਣੇ ਦੀ ਗੁਰਦੁਆਰਾ ਕਮੇਟੀ ਦਰਮਿਆਨ ਆਉਣ ਵਾਲੇ ਦਿਨਾਂ ਵਿੱਚ ਟਕਰਾਅ ਹੋਰ ਵਧ ਸਕਦਾ ਹੈ। ਇਸ ਸਮੇਂ ਸਿੱਖ ਪੰਥ ਵਿੱਚ ਨਾ ਤਾਂ ਕੋਈ ਵੱਡੀ ਅਜਿਹੀ ਰਾਜਨੀਤਕ ਸ਼ਖ਼ਸੀਅਤ ਹੈ, ਜਿਹੜੀ ਸਾਰੇ ਅਕਾਲੀ ਧੜਿਆਂ ਨੂੰ ਇਕ ਪਲੇਟਫਾਰਮ 'ਤੇ ਜਾਂ ਇਕ ਜਥੇਬੰਦੀ ਵਿੱਚ ਇਕੱਠੇ ਕਰ ਸਕੇ ਅਤੇ ਨਾ ਹੀ ਧਾਰਮਿਕ ਖੇਤਰ ਵਿੱਚ ਸਿੱਖ ਪੰਥ ਵਿੱਚ ਕੋਈ ਅਜਿਹੀ ਵੱਡੀ ਧਾਰਮਿਕ ਸ਼ਖ਼ਸੀਅਤ ਹੈ, ਜੋ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਮਿਆਨ ਸਿੱਖ ਪੰਥ ਦੇ ਸਾਂਝੇ ਧਾਰਮਿਕ ਹਿਤਾਂ ਲਈ ਰਾਜਨੀਤਕ ਮਤਭੇਦਾਂ ਦੇ ਬਾਵਜੂਦ ਕੰਮਕਾਜੀ ਸਾਂਝ ਪੈਦਾ ਕਰ ਸਕੇ।

ਦੇਸ਼ ਦੀਆਂ ਅਜੋਕੀਆਂ ਰਾਜਨੀਤਕ ਸਥਿਤੀਆਂ ਅਤੇ ਸਿੱਖ ਪੰਥ ਦੇ ਧਾਰਮਿਕ ਸਰੋਕਾਰ ਇਹ ਮੰਗ ਕਰਦੇ ਹਨ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸਿੱਖ ਆਗੂ ਆਪਣੇ ਨਿੱਜੀ ਹਿੱਤਾਂ ਅਤੇ ਆਪਣੀ ਹਉਮੈ ਨੂੰ ਪਾਸੇ ਛੱਡ ਕੇ ਇੱਕ ਮੰਚ 'ਤੇ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨ ਅਤੇ ਆਪਸੀ ਏਕਤਾ ਅਤੇ ਸਦਭਾਵਨਾ ਲਈ ਕੋਈ ਰਸਤਾ ਕੱਢਣ। ਇਸ ਸੰਦਰਭ ਵਿੱਚ ਉਨ੍ਹਾਂ ਨੂੰ ਸ਼ਿਵ ਸੈਨਾ (ਯੂ.ਟੀ.ਬੀ.) ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦੇ ਆਗੂਆਂ ਕ੍ਰਮਵਾਰ ਊਧਮ ਠਾਕਰੇ ਅਤੇ ਰਾਜ ਠਾਕਰੇ ਵੱਲੋਂ 20 ਸਾਲਾਂ ਦੇ ਆਪਸੀ ਤਿੱਖੇ ਵਿਰੋਧ ਤੋਂ ਬਾਅਦ ਇੱਕ ਮੰਚ 'ਤੇ ਆਉਣ ਦੀ ਘਟਨਾ ਤੋਂ ਵੀ ਸਬਕ ਸਿੱਖਣ ਦੀ ਲੋੜ ਹੈ। ਜੇਕਰ ਵੱਖ-ਵੱਖ ਧੜਿਆਂ ਦੇ ਅਕਾਲੀ ਦਲ ਦੇ ਨੇਤਾ ਅਜਿਹੀ ਸੂਝ-ਬੂਝ ਪੈਦਾ ਕਰਨ ਵਿੱਚ ਸਫ਼ਲ ਹੁੰਦੇ ਹਨ, ਤਾਂ ਨਾ ਕੇਵਲ ਹਾਸ਼ੀਏ 'ਤੇ ਗਿਆ ਅਕਾਲੀ ਦਲ ਵਾਪਸੀ ਕਰ ਸਕਦਾ ਹੈ, ਸਗੋਂ ਸਿੱਖ ਪੰਥ ਵਿੱਚ ਪੈਦਾ ਹੋਏ ਧਾਰਮਿਕ ਵਿਵਾਦਾਂ ਨੂੰ ਸੁਲਝਾਉਣ ਲਈ ਵੀ ਕੋਈ ਢੰਗ-ਤਰੀਕਾ ਨਿਕਲ ਸਕਦਾ ਹੈ।

***

## ਆਨੰਦਪੁਰ ਸਾਹਿਬ ਵਿਖੇ ਪੰਜਾਬ ਦੇ ਰਾਜਪਾਲ ਵੱਲੋਂ

ਉਨ੍ਹਾਂ ਕਿਹਾ ਕਿ ਦੇਸ਼ ਅਤੇ ਸੂਬੇ ਅੰਦਰ ਲੋਕਾਂ ਨੂੰ ਨਿਆਂ ਦੇਣ ਲਈ ਅਦਾਲਤਾਂ ਹਨ ਤਾਂ ਫ਼ਿਰ ਸਜ਼ਾ ਵੀ ਅਦਾਲਤ ਨੂੰ ਹੀ ਦੇਣੀ ਚਾਹੀਦੀ ਹੈ ਅਤੇ ਮੁਕਾਬਲਿਆਂ ਵਿੱਚ ਕਿਸੇ ਨੂੰ ਸਜ਼ਾ ਦੇਣਾ ਗਲਤ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪਿਛਲੇ ਦਿਨੀਂ ਅਬੋਹਰ ਅੰਦਰ ਹੋਇਆ ਵਪਾਰੀ ਭਰਾ ਦਾ ਕਤਲ ਵੀ ਬੇਹੱਦ ਮੰਦਭਾਗਾ ਹੈ, ਅਜਿਹਾ ਨਹੀਂ ਹੋਣਾ ਚਾਹੀਦਾ ਸੀ, ਪਰ ਅਮਨ ਕਾਨੂੰਨ ਨੂੰ ਦੇਖਣਾ ਸਰਕਾਰ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਅੰਦਰ ਵੀ ਇੱਕ ਸਾਬਕਾ ਅਕਾਲੀ ਸਰਪੰਚ ਨੂੰ ਕਤਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਬੋਹਰ ਮਾਮਲੇ ਨਾਲ ਸਬੰਧਿਤ ਮਾਰੇ ਗਏ ਦੋ ਨੌਜਵਾਨ ਲੜਕਿਆਂ ਦੇ ਪਰਿਵਾਰਾਂ ਵੱਲੋਂ ਪੁਲਿਸ ਮੁਕਾਬਲਿਆਂ ਨੂੰ ਝੂਠਾ ਕਿਹਾ ਜਾ ਰਿਹਾ ਹੈ ਅਤੇ ਉਹ ਇਨਸਾਫ਼ ਲਈ ਆਵਾਜ਼ ਉਠਾ ਰਹੇ ਹਨ, ਇਸ ਦਾ ਸੱਚ ਅਤੇ ਝੂਠ ਤਾਂ ਸਮੇਂ ਨਾਲ ਸਾਹਮਣੇ ਆਵੇਗਾ, ਪਰ ਅਜਿਹੇ ਵਰਤਾਰੇ ਨੂੰ ਠੱਲ੍ਹ ਪੈਣੀ ਚਾਹੀਦੀ ਹੈ। ਪੰਜਾਬ ਪੁਲਿਸ ਰਾਜ ਬਣਨ ਵੱਲ ਨਹੀਂ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਜਪਾਲ ਸ੍ਰੀ ਕਟਾਰੀਆ ਨਾਲ ਧਰਮ ਪਰਿਵਰਤਨ ਦੇ ਮਾਮਲੇ ਉੱਤੇ ਵੀ ਵਿਚਾਰ ਹੋਈ ਉਨ੍ਹਾਂ ਕਿਹਾ ਕਿ ਲਾਲਚ, ਡਰ, ਪਖੰਡ ਅਤੇ ਝੂਠੀਆਂ ਕਰਾਮਾਤਾਂ ਦਾ ਮਹੌਲ ਸਿਰਜ ਕੇ ਧਰਮ ਪਰਿਵਰਤਨ ਕਰਵਾਉਣਾ ਬਿਲਕੁਲ ਠੀਕ ਨਹੀਂ ਅਤੇ ਇਹ ਵਿਚਾਰ ਹੋਈ ਹੈ ਕਿ ਪ੍ਰੇਮ ਨਾਲ ਪਰਿਵਰਤਨ ਕਰ ਗਏ ਪਰਿਵਾਰਾਂ ਨੂੰ ਵਾਪਸ ਲਿਆਉਣ ਲਈ ਯਤਨ ਕੀਤੇ ਜਾਣ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਸ. ਹਰਦੇਵ ਸਿੰਘ, ਸੂਚਨਾ ਅਧਿਕਾਰੀ ਸ. ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

***

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ

ਨਾਲ ਜੋੜ ਕੇ ਮਨਾਇਆ ਜਾਵੇਗਾ, ਜਿਸ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਅਤੇ ਪ੍ਰੋਗਰਾਮ ਸ਼ਾਮਲ ਹੋਣਗੇ।

ਉੱਚ ਪੱਧਰੀ ਤਾਲਮੇਲ ਕਮੇਟੀ ਦੀ ਪਲੇਠੀ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਰਘੂਜੀਤ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਗਿਆਨੀ ਸਾਹਿਬ ਸਿੰਘ, ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ. ਕੇ., ਸਵਾਮੀ ਜੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਆਦਿ ਸ਼ਾਮਿਲ ਸਨ।

ਪੰਥਕ ਧਿਰਾਂ ਵਿੱਚ ਅਸੰਤੁਸ਼ਟੀ ਅਤੇ ਸਵਾਲ

ਸਿੱਖ ਵਿਦਵਾਨਾਂ ਅਤੇ ਪੰਥਕ ਧਿਰਾਂ ਦੇ ਵੱਡੇ ਵਰਗ ਵਿੱਚ ਕੌਮਾਂਤਰੀ ਪੱਧਰ ਉੱਪਰ ਇਸ ਸਬੰਧੀ ਅਸੰਤੁਸ਼ਟੀ ਦੇ ਸੁਰ ਸੁਣਾਈ ਦੇ ਰਹੇ ਹਨ। ਬਹੁਤ ਸਾਰੇ ਸਿੱਖ ਵਿਦਵਾਨ ਅਤੇ ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਸ਼ਤਾਬਦੀ ਸਮਾਗਮਾਂ ਦੀ ਤਿਆਰੀ ਲਈ ਗਠਿਤ ਉੱਚ ਪੱਧਰੀ ਤਾਲਮੇਲ ਕਮੇਟੀ ਵਿੱਚ ਸਮੁੱਚੇ ਸਿੱਖ ਪੰਥ ਦੀ ਨੁਮਾਇੰਦਗੀ ਨਹੀਂ ਕੀਤੀ ਗਈ। ਇਸ ਕਮੇਟੀ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੇ ਸਮਰਥਕ ਸਿੱਖ ਸੰਤਾਂ ਅਤੇ ਡੇਰੇਦਾਰਾਂ ਦੀ ਪ੍ਰਮੁੱਖਤਾ ਨੂੰ ਲੈ ਕੇ ਸਵਾਲ ਉੱਠ ਰਹੇ ਹਨ। ਸਿੱਖ ਵਿਦਵਾਨ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਮਾਗਮਾਂ ਦੀ ਰੂਪ-ਰੇਖਾ ਵਿੱਚ ਸਿਆਸੀ ਅਤੇ ਵੀ.ਆਈ.ਪੀ. ਸੱਜਣਾਂ ਨੂੰ ਸੱਦਣ, ਪੁਸਤਕਾਂ ਛਾਪਣ ਅਤੇ ਨਗਰ ਕੀਰਤਨ ਸਜਾਉਣ ਵਰਗੇ ਪ੍ਰੋਗਰਾਮਾਂ 'ਤੇ ਜ਼ੋਰ ਦਿੱਤਾ ਹੈ, ਪਰ ਗਰੀਬ ਅਤੇ ਹਾਸ਼ੀਏ 'ਤੇ ਜੀਵਨ ਬਤੀਤ ਕਰ ਰਹੇ ਸਿੱਖਾਂ ਨੂੰ ਜੋੜਨ ਦੀ ਦਿਸ਼ਾ ਵਿੱਚ ਕੋਈ ਠੋਸ ਯੋਜਨਾ ਨਹੀਂ ਬਣਾਈ। ਉਨ੍ਹਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸੁਨੇਹਾ ਸਮਾਨਤਾ, ਨਿਆਂ ਅਤੇ ਮਾਨਵਤਾ ਦੀ ਸੁਰੱਖਿਆ ਸੀ, ਪਰ ਸਮਾਗਮਾਂ ਦੀ ਯੋਜਨਾਬੰਦੀ ਵਿੱਚ ਇਸ ਸੁਨੇਹੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਥਾਂ ਸਿਆਸੀ ਅਤੇ ਸਤਹੀ ਪ੍ਰਦਰਸ਼ਨ ਨੂੰ ਜ਼ਿਆਦਾ ਮਹੱਤਵ ਦਿੱਤਾ ਜਾ ਰਿਹਾ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com